@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1
Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 24 December 2025
VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 24 ਦਸੰਬਰ 2025, 10 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 50, qpatrika@gmail.com ਫੋਨ : 9971359517 www.qaumipatrika.org

## ਇਨਕਮ ਟੈਕਸ ਅਪੀਲੀ ਟ੍ਰਿਬਿਊਨਲ ਟੈਕਸ ਨਿਆਂ ਪ੍ਰਣਾਲੀ ਦਾ ਮਜ਼ਬੂਤ ਥੰਮਹ : ਮੇਘਵਾਲ

ਲਖਨਊ, 23 ਦਸੰਬਰ। ਕੇਂਦਰੀ ਕਾਨੂੰਨ ਅਤੇ ਨਿਆਂ ਰਾਜ ਮੰਤਰੀ (ਆਜ਼ਾਦਾਨਾ ਚਾਰਜ) ਅਰਜੁਨ ਰਾਮ ਮੇਘਵਾਲ ਨੇ ਇਨਕਮ ਟੈਕਸ ਅਪੀਲੀ ਟ੍ਰਿਬਿਊਨਲ (ਆਈ. ਟੀ. ਏ. ਟੀ.) ਨੂੰ ਭਾਰਤ ਦੀ ਟੈਕਸ ਨਿਆਂ ਪ੍ਰਣਾਲੀ ਦਾ ਇਕ ਮਜ਼ਬੂਤ ਥੰਮ?ਹ ਦੱਸਦਿਆਂ ਕਿਹਾ ਕਿ ਇਹ ਸੰਸਥਾ ਦਹਾਕਿਆਂ




ਤੋਂ ਟੈਕਸਦਾਤਾਵਾਂ ਨੂੰ ਨਿਰਪੱਖ ਅਤੇ ਤੇਜ਼ ਨਿਆਂ ਪ੍ਰਦਾਨ ਕਰ ਰਹੀ ਹੈ। ਆਈ. ਟੀ. ਏ. ਟੀ. ਦੀ ਲਖਨਊ ਬੈਂਚ ਦੇ 25 ਸਾਲ ਪੂਰੇ ਹੋਣ 'ਤੇ ਆਯੋਜਿਤ ਸਿਲਵਰ ਜੁਬਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੇਘਵਾਲ ਨੇ ਕਿਹਾ ਕਿ ਟ੍ਰਿਬਿਊਨਲ ਨੇ ਤਕਨੀਕੀ ਉਲਝਣਾਂ ਤੋਂ ਮੁਕਤ, ਘੱਟ ਖਰਚੀਲੀ ਅਤੇ ਮੁਹਾਰਤ ਅਧਾਰਤ ਨਿਆਇਕ ਪ੍ਰਕਿਰਿਆ ਵਿਕਸਿਤ ਕਰ ਕੇ ਨਿਆਂ ਤੱਕ ਪਹੁੰਚ ਨੂੰ ਸਰਲ ਬਣਾਇਆ ਹੈ। ਉਨ੍ਹਾਂ ਨੇ ਈ-ਸੁਣਵਾਈ ਅਤੇ ਵੀਡੀਓ ਕਾਨਫਰੰਸਿੰਗ ਵਰਗੀਆਂ ਡਿਜੀਟਲ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਦੂਰ-ਦੁਰਾਡੇ ਦੇ ਖੇਤਰਾਂ ਦੇ ਟੈਕਸਦਾਤਾਵਾਂ ਨੂੰ ਵੀ ਸਮੇਂ ਸਿਰ ਨਿਆਂ ਮਿਲ ਰਿਹਾ ਹੈ। ਬਿਆਨ ਅਨੁਸਾਰ, ਇਨਕਮ ਟੈਕਸ ਅਪੀਲੀ ਟ੍ਰਿਬਿਊਨਲ ਲਖਨਊ ਬੈਂਚ ਦੀ ਸਥਾਪਨਾ 5 ਮਈ 2000 ਨੂੰ ਹੋਈ ਸੀ ਅਤੇ ਅਗਸਤ 2000 'ਚ ਪਹਿਲੀ ਸੁਣਵਾਈ ਸ਼ੁਰੂ ਹੋਈ ਸੀ। ਮੌਜੂਦਾ ਸਮੇਂ 'ਚ ਲਖਨਊ 'ਚ ਦੋ ਬੈਂਚ ਕੰਮ ਕਰ ਰਹੇ ਹਨ।

# ਮੰਤਰੀ ਮਨਜਿੰਦਰ ਸਿਰਸਾ ਦਾ ਐਲਾਨ, ਪ੍ਰਦੂਸ਼ਣ ਕੰਟਰੋਲ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਫੈਕਟਰੀਆਂ 'ਤੇ ਲੱਗੇਗਾ ਤਾਲਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 23 ਦਸੰਬਰ। ਨੋ ਪੀਯੂਸੀ, ਨੋ ਫਿਊਲ ਨਿਰਦੇਸ਼ ਲਾਗੂ ਹੋਣ ਤੋਂ ਬਾਅਦ ਸੂਬੇ ਵਿੱਚ 2.12 ਲੱਖ ਤੋਂ ਵੱਧ ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ (ਪੀਯੂਸੀ) ਜਾਰੀ ਕੀਤੇ ਗਏ ਹਨ। ਸੋਮਵਾਰ ਨੂੰ ਮੀਡੀਆ ਨਾਲ ਗੱਲ ਕਰਦੇ ਹੋਏ, ਦਿੱਲੀ ਦੇ ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਪੱਛਮੀ ਗੜਬੜ ਕਾਰਨ ਵਿਗੜਦੇ ਮੌਸਮ ਦੇ ਹਾਲਾਤ ਦੇ ਬਾਵਜੂਦ, ਪ੍ਰਦੂਸ਼ਣ ਕੰਟਰੋਲ ਉਪਾਵਾਂ ਨੇ ਰਾਸ਼ਟਰੀ ਰਾਜਧਾਨੀ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਗ੍ਰੇਡੇਡ ਰਿਸਪਾਂਸ ਐਕਸ਼ਨ ਪਲਾਨ (ਜੀਆਰਏਪੀ) ਪੜਾਅ 4 ਪਾਬੰਦੀਆਂ ਅਤੇ ਹੋਰ ਪਾਬੰਦੀਆਂ ਨੂੰ ਲਾਗੂ ਕਰਨ ਨਾਲ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ, 'ਨੋ ਪੀਯੂਸੀ, ਨੋ ਫਿਊਲ' ਨਿਯਮ ਲਾਗੂ ਹੋਣ ਤੋਂ ਬਾਅਦ, ਦਿੱਲੀ ਵਿੱਚ 212,132 ਪੀਯੂਸੀ ਸਰਟੀਫਿਕੇਟ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ੁਰੂ ਵਿੱਚ, ਲਗਭਗ 10,000 ਵਾਹਨ ਪੀਯੂਸੀ ਟੈਸਟ ਵਿੱਚ ਫੇਲ੍ਹ ਹੋਏ, ਜਿਸ ਤੋਂ ਬਾਅਦ ਵਾਹਨ ਮਾਲਕਾਂ ਨੇ ਆਪਣੇ ਵਾਹਨਾਂ ਦੀ ਮੁਰੰਮਤ ਅਤੇ ਦੁਬਾਰਾ ਟੈਸਟ ਕਰਵਾਇਆ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਵਿਰੁੱਧ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। ਉਨ੍ਹਾਂ



ਕਿਹਾ, ਜੇਕਰ ਕੋਈ ਫੈਕਟਰੀ ਪ੍ਰਦੂਸ਼ਣ ਫੈਲਾਉਂਦੀ ਪਾਈ ਜਾਂਦੀ ਹੈ, ਤਾਂ ਉਸਨੂੰ ਤੁਰੰਤ ਸੀਲ ਕਰ ਦਿੱਤਾ ਜਾਵੇਗਾ। ਹੁਣ ਕੋਈ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜ਼ੀਰੋ-ਟੌਲਰੈਂਸ ਪਹੁੰਚ ਅਪਣਾਈ ਹੈ। ਸਿਰਸਾ ਨੇ ਕਿਹਾ ਕਿ ਕੁਝ ਨਿੱਜੀ ਅਦਾਰਿਆਂ ਵੱਲੋਂ ਘਰੋਂ ਕੰਮ ਕਰਨ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਉਲੰਘਣਾ ਦੀ ਰਿਪੋਰਟ ਮਿਲਦੀ ਹੈ ਤਾਂ ਨਿੱਜੀ ਕੰਪਨੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦਿੱਲੀ ਨਗਰ ਨਿਗਮ (ਐਮਸੀਡੀ) ਦੇ ਸਾਰੇ ਡਿਪਟੀ ਕਮਿਸ਼ਨਰਾਂ ਨੇ ਸੋਮਵਾਰ ਤੋਂ ਜ਼ਿਲ੍ਹਾ ਪ੍ਰਦੂਸ਼ਣ ਕੰਟਰੋਲ ਕਮੇਟੀਆਂ (ਡੀਪੀਸੀਸੀ) ਦੇ ਸਹਿਯੋਗ ਨਾਲ ਗੈਰ-ਕਾਨੂੰਨੀ ਉਦਯੋਗਾਂ ਨੂੰ ਸੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮੰਤਰੀ ਨੇ ਕਿਹਾ ਕਿ ਦਿੱਲੀ ਵਿੱਚ ਤਿੰਨ ਤਰ੍ਹਾਂ ਦੇ ਉਦਯੋਗ ਹਨ: ਅਧਿਕਾਰਤ, ਨਿਯਮਤ ਅਤੇ ਗੈਰ-ਕਾਨੂੰਨੀ। ਗੈਰ-ਕਾਨੂੰਨੀ ਉਦਯੋਗ ਹਰ ਕੀਮਤ 'ਤੇ ਬੰਦ ਕਰ ਦਿੱਤੇ ਜਾਣਗੇ। ਮੌਸਮ ਸੰਬੰਧੀ ਅਪਡੇਟ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਮੌਸਮ ਵਿਭਾਗ ਦੇ ਅਨੁਸਾਰ, ਮੰਗਲਵਾਰ ਤੋਂ ਬਾਅਦ ਮੌਸਮ ਵਿੱਚ ਸੁਧਾਰ ਹੋਣ ਦੀ ਉਮੀਦ ਹੈ, ਜਿਸ ਨਾਲ AQI ਪੱਧਰ ਵਿੱਚ ਸੁਧਾਰ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ, ਦਿੱਲੀ ਵਿਕਾਸ ਅਥਾਰਟੀ (ਡੀਡੀਏ) ਅਤੇ ਮਾਲੀਆ ਵਿਭਾਗ ਦੇ ਸਹਿਯੋਗ ਨਾਲ, ਸ਼ਹਿਰ ਭਰ ਵਿੱਚ ਜਲ ਸਰੋਤਾਂ ਨੂੰ ਮੁੜ ਸੁਰਜੀਤ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਸਰਕਾਰ ਦਾ ਟੀਚਾ 50 ਪ੍ਰਤੀਸ਼ਤ ਜਲ ਸਰੋਤਾਂ ਨੂੰ ਬਹਾਲ ਕਰਨਾ ਹੈ ਜੋ ਸਾਲਾਂ ਤੋਂ ਬੰਦ ਜਾਂ ਗਾਇਬ ਹਨ। ਉਨ੍ਹਾਂ ਕਿਹਾ, ਮੁੜ ਸੁਰਜੀਤ ਜਲ ਸਰੋਤ ਦਿੱਲੀ ਵਿੱਚ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

# ਗੋਲਡਨ ਬੁਆਏ ਨੀਰਜ ਚੋਪੜਾ ਨੇ ਪਤਨੀ ਸਣੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 23 ਦਸੰਬਰ। ਭਾਰਤ ਦੇ ਸਟਾਰ ਜੈਵਲਿਨ ਥਰੋਅਰ ਅਤੇ ਦੋ ਵਾਰ ਦੇ ਓਲੰਪਿਕ ਤਮਗਾ ਜੇਤੂ ਨੀਰਜ ਚੋਪੜਾ ਨੇ ਨਵੇਂ ਸਾਲ 2026 ਦੇ ਆਗਮਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ,। ਇਸ ਮੁਲਾਕਾਤ ਦੀ ਖਾਸ ਗੱਲ ਇਹ ਰਹੀ ਕਿ ਨੀਰਜ ਦੇ ਨਾਲ ਉਨ੍ਹਾਂ ਦੀ ਪਤਨੀ ਹਿਮਾਨੀ ਮੋਰ ਵੀ ਮੌਜੂਦ ਸੀ। ਇਹ ਮੁਲਾਕਾਤ ਮੰਗਲਵਾਰ ਸਵੇਰੇ ਪ੍ਰਧਾਨ ਮੰਤਰੀ ਦੀ ਰਿਹਾਇਸ਼ 7, ਲੋਕ ਕਲਿਆਣ ਮਾਰਗ ਵਿਖੇ ਹੋਈ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ '✓' 'ਤੇ ਇਸ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਨ੍ਹਾਂ ਵਿਚਕਾਰ ਖੇਡ ਜਗਤ ਸਮੇਤ ਕਈ ਅਹਿਮ ਰਾਸ਼ਟਰੀ ਮੁੱਦਿਆਂ 'ਤੇ ਸਾਰਥਕ ਗੱਲਬਾਤ ਹੋਈ। ਪੀ.ਐਮ. ਮੋਦੀ ਨੇ ਨੀਰਜ ਅਤੇ ਉਨ੍ਹਾਂ ਦੀ ਪਤਨੀ ਨਾਲ ਬਿਤਾਏ ਸਮੇਂ ਨੂੰ ਬੇਹੱਦ ਸੁਖਦ ਦੱਸਿਆ। ਨੀਰਜ ਚੋਪੜਾ ਨੇ ਸਾਲ 2025 ਵਿੱਚ ਹੀ ਟੈਨਿਸ ਖਿਡਾਰਨ ਹਿਮਾਨੀ ਮੋਰ ਨਾਲ ਵਿਆਹ ਕਰਵਾਇਆ ਸੀ। ਉਨ੍ਹਾਂ ਦਾ ਵਿਆਹ ਇੱਕ ਨਿੱਜੀ ਸਮਾਗਮ ਸੀ, ਜਿਸ ਦੀ ਜਾਣਕਾਰੀ ਨੀਰਜ ਨੇ ਖੁਦ ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਕੇ



ਦਿੱਤੀ ਸੀ। ਨੀਰਜ ਨੇ ਦੋਹਾ ਵਿੱਚ ਹੋਈ ਡਾਇਮੰਡ ਲੀਗ ਵਿੱਚ 90 ਮੀਟਰ ਦੀ ਇਤਿਹਾਸਕ ਦੂਰੀ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਹਾਲਾਂਕਿ, ਟੋਕੀਓ ਵਿੱਚ ਹੋਈ ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਉਹ ਤਮਗਾ ਜਿੱਤਣ ਤੋਂ ਖੁੰਝ ਗਏ ਸਨ, ਜਿੱਥੇ ਭਾਰਤ ਦੇ ਹੀ ਨੌਜਵਾਨ ਖਿਡਾਰੀ ਸਚਿਨ ਯਾਦਵ ਨੇ ਚੌਥਾ ਸਥਾਨ ਹਾਸਲ ਕਰਕੇ ਸਭ ਨੂੰ ਪ੍ਰਭਾਵਿਤ ਕੀਤਾ। ਭਾਰਤ ਨੇ ਸਾਲ 2025 ਵਿੱਚ ਦੋ ਵਰਲਡ ਐਥਲੈਟਿਕਸ ਟੂਰਨਾਮੈਂਟਾਂ ਦੀ ਮੇਜ਼ਬਾਨੀ ਕੀਤੀ ਸੀ, ਜਿਨ੍ਹਾਂ ਵਿੱਚੋਂ ਇੱਕ ਵਿੱਚ ਨੀਰਜ ਨੇ ਜਿੱਤ ਵੀ ਦਰਜ ਕੀਤੀ। ਇਸ ਤੋਂ ਇਲਾਵਾ, ਭਾਰਤ ਸਰਕਾਰ ਹੁਣ ਸਾਲ 2031 ਦੀ ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਲਈ ਵੀ ਆਪਣੀ ਦਿਲਚਸਪੀ ਦਿਖਾ ਰਹੀ ਹੈ। ਨੀਰਜ ਚੋਪੜਾ ਦੀ ਇਹ ਮੁਲਾਕਾਤ ਨਾ ਸਿਰਫ਼ ਉਨ੍ਹਾਂ ਦੀਆਂ ਨਿੱਜੀ ਖੁਸ਼ੀਆਂ ਦਾ ਪ੍ਰਤੀਕ ਹੈ, ਸਗੋਂ ਇਹ ਭਾਰਤੀ ਖੇਡਾਂ ਦੇ ਉੱਜਵਲ ਭਵਿੱਖ ਲਈ ਇੱਕ ਮਜ਼ਬੂਤ ਨੀਂਹ ਵਾਂਗ ਹੈ, ਜਿੱਥੇ ਦੇਸ਼ ਦਾ ਸਭ ਤੋਂ ਵੱਡਾ ਆਗੂ ਆਪਣੇ ਚੈਂਪੀਅਨ ਖਿਡਾਰੀਆਂ ਦਾ ਮਨੋਬਲ ਵਧਾ ਰਿਹਾ ਹੈ।

## ਹਰਿਆਣਾ ਦਾ 23ਵਾਂ ਨਵਾਂ ਜ਼ਿਲ੍ਹਾ ਬਣਿਆ ਹਾਂਸੀ, ਸਰਕਾਰ ਨੇ ਜਾਰੀ ਕੀਤੀ ਨੋਟੀਫਿਕੇਸ਼ਨ

ਚੰਡੀਗੜ੍ਹ 23 ਦਸੰਬਰ। ਹਰਿਆਣਾ ਸਰਕਾਰ ਨੇ ਇਕ ਵੱਡਾ ਪ੍ਰਸ਼ਾਸਨਿਕ ਕਦਮ ਚੁੱਕਦਿਆਂ ਹਾਂਸੀ ਨੂੰ ਸੂਬੇ ਦਾ 23ਵਾਂ ਜ਼ਿਲ੍ਹਾ ਬਣਾਉਣ ਦਾ ਐਲਾਨ ਕੀਤਾ ਹੈ। ਜਿਸ ਦੀ ਨੋਟੀਫਿਕੇਸ਼ਨ ਅੱਜ ਯਾਨੀ ਜਾਰੀ ਕਰ ਦਿੱਤੀ ਗਈ। ਹਰਿਆਣਾ ਲੈਂਡ ਰੈਵੇਨਿਊ ਐਕਟ, 1887 ਦੇ ਤਹਿਤ ਜਾਰੀ ਕੀਤੇ ਗਏ ਇਸ ਆਦੇਸ਼ ਅਨੁਸਾਰ, ਹਿਸਾਰ ਜ਼ਿਲ੍ਹੇ ਦੀਆਂ ਸੀਮਾਵਾਂ 'ਚ ਬਦਲਾਅ ਕਰਕੇ ਹਾਂਸੀ ਅਤੇ ਨਾਰਨੌਂਦ ਸਬ-ਡਵੀਜ਼ਨਾਂ ਨੂੰ ਮਿਲਾ ਕੇ ਇਹ ਨਵਾਂ ਜ਼ਿਲ੍ਹਾ ਗਠਿਤ ਕੀਤਾ ਗਿਆ ਹੈ। ਪਹਿਲਾਂ ਹਿਸਾਰ ਜ਼ਿਲ੍ਹੇ 'ਚ 6 ਤਹਿਸੀਲ ਅਤੇ 3 ਸਬ-ਤਹਿਸੀਲ ਸਨ। ਤਹਿਸੀਲ ਹਿਸਾਰ, ਹਾਂਸੀ, ਨਾਰਨੌਂਦ, ਬਰਵਾਲਾ, ਬਾਸ ਅਤੇ ਆਦਮਪੁਰ ਅਤੇ ਉੱਪ ਤਹਿਸੀਲ ਬਾਲਸਮੰਦ, ਉਕਲਾਨਾ ਅਤੇ ਖੇਰੀ ਜਾਲਬ ਸਨ। ਹਾਂਸੀ ਜ਼ਿਲ੍ਹੇ ਦੇ ਗਠਨ ਤੋਂ ਬਾਅਦ ਬਾਸ, ਨਾਰਨੌਂਦ ਅਤੇ ਹਾਂਸੀ ਤਹਿਸੀਲ ਹਾਂਸੀ ਜ਼ਿਲ੍ਹੇ 'ਚ ਸ਼ਾਮਲ ਹੋ ਜਾਣਗੀਆਂ, ਜਦੋਂ ਕਿ ਹਿਸਾਰ ਜ਼ਿਲ੍ਹੇ 'ਚ ਸਿਰਫ਼ ਹਿਸਾਰ ਅਤੇ ਬਰਵਾਲਾ ਸਬ ਡਿਜ਼ੀਵਨ ਰਹਿਣਗੇ। ਹਾਂਸੀ ਜ਼ਿਲ੍ਹੇ ਦੇ ਬਣਨ ਨਾਲ ਪ੍ਰਸ਼ਾਸਨਿਕ ਸਹੂਲਤਾਂ ਸਥਾਨਕ ਪੱਧਰ 'ਤੇ ਮਿਲਣਗੀਆਂ। ਹੁਣ ਲੋਕਾਂ ਨੂੰ ਪ੍ਰਸ਼ਾਸਨਿਕ ਕੰਮਾਂ ਲਈ ਹਿਸਾਰ ਨਹੀਂ ਆਉਣਾ ਪਵੇਗਾ। ਹਾਂਸੀ 'ਚ ਹੀ ਜ਼ਿਲ੍ਹਾ ਕਲੈਕਟਰ ਅਤੇ ਡੀਸੀ ਦਾ ਦਫ਼ਤਰ ਸਥਾਪਤ ਹੋਵੇਗਾ। ਇਸ ਤੋਂ ਇਲਾਵਾ ਹਾਂਸੀ 'ਚ ਜ਼ਿਲ੍ਹਾ ਅਤੇ ਸੈਸ਼ਨ ਕੋਰਟ ਦਾ ਗਠਨ ਕੀਤਾ ਜਾਵੇਗਾ। ਜ਼ਿਲ੍ਹਾ ਜੱਜ ਇੱਥੇ ਬੈਠਣਗੇ, ਜਿਸ ਨਾਲ ਮੁਕੱਦਮਿਆਂ ਦੀ ਪੈਰਵੀ ਸਥਾਨਕ ਰੂਪ ਨਾਲ ਸੰਭਵ ਹੋਵੇਗੀ।

# 'ਜੀ ਰਾਮ ਜੀ' ਕਾਨੂੰਨ ਵਿਰੁੱਧ ਕਿਸਾਨਾਂ ਵੱਲੋਂ 16 ਜਨਵਰੀ ਨੂੰ ਦੇਸ਼ ਪੱਧਰੀ ਵਿਰੋਧ ਦਿਵਸ' ਮਨਾਉਣ ਦਾ ਐਲਾਨ

ਨਵੀਂ ਦਿੱਲੀ 23 ਦਸੰਬਰ। ਸੰਯੁਕਤ ਕਿਸਾਨ ਮੋਰਚਾ (ਐੱਸ. ਕੇ. ਐੱਮ.) ਨੇ ਪੇਂਡੂ ਰੁਜ਼ਗਾਰ ਯੋਜਨਾ (ਮਨਰੇਗਾ) ਦੀ ਥਾਂ ਲੈਣ ਵਾਲੇ ਨਵੇਂ 'ਜੀ ਰਾਮ ਜੀ' ਕਾਨੂੰਨ ਦੇ ਵਿਰੋਧ 'ਚ 16 ਜਨਵਰੀ ਨੂੰ ਦੇਸ਼ ਪੱਧਰੀ ਵਿਰੋਧ ਦਿਵਸ' ਮਨਾਉਣ ਦਾ ਸੋਮਵਾਰ ਐਲਾਨ ਕੀਤਾ। ਐੱਸ. ਕੇ. ਐੱਮ. ਦੇ ਆਗੂਆਂ ਨੇ ਇਕ ਪ੍ਰੈਸ ਕਾਨਫਰੰਸ 'ਚ ਮੰਗ ਕੀਤੀ ਕਿ 'ਵਿਕਸਤ ਭਾਰਤ-ਗਾਰੰਟੀਸ਼ੁਦਾ ਰੁਜ਼ਗਾਰ ਤੇ ਆਜੀਵਿਕਾ ਮਿਸ਼ਨ-ਗ੍ਰਾਮੀਣ' (ਵੀ. ਬੀ.-ਜੀ ਰਾਮ ਜੀ) ਐਕਟ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਸਰਕਾਰ ਨੂੰ ਨਵਾਂ ਕਿਰਤ ਕੋਡ, ਬੀਜ ਬਿੱਲ 2025 ਤੇ ਬਿਜਲੀ ਬਿੱਲ 2025 ਵਾਪਸ ਲੈਣ ਦੀ ਵੀ ਅਪੀਲ ਕੀਤੀ। ਨਾਲ ਹੀ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਗਾਰੰਟੀ ਦੇਣ ਵਾਲੇ ਕਾਨੂੰਨ ਦੀ ਆਪਣੀ ਮੰਗ ਨੂੰ ਦੁਹਰਾਇਆ। ਆਗੂਆਂ ਨੇ ਕਿਹਾ ਕਿ ਬੀਮਾ ਬਿੱਲ 2025 ਖੇਤਰ 'ਚ 100 ਫੀਸਦੀ ਵਿਦੇਸ਼ੀ ਸਿੱਧੇ ਨਿਵੇਸ਼ ਦੀ ਵਿਵਸਥਾ ਕਰਦਾ ਹੈ । ਭਾਰਤ ਦੇ ਪਰਿਵਰਤਨ ਟਿਕਾਊ ਪ੍ਰਮਾਣੂ ਊਰਜਾ ਵਿਕਾਸ (ਸ਼ਾਂਤੀ) ਬਿੱਲ 2025 ਅਧੀਨ ਭਾਰਤੀ ਕਾਰਪੋਰੇਟਾਂ ਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਹਿੱਤਾਂ 'ਚ ਵੱਡੇ ਪੱਧਰ 'ਤੇ ਨਿੱਜੀ ਤੇ ਵਿਦੇਸ਼ੀ ਭਾਈਵਾਲੀ ਦੀ ਆਗਿਆ ਦਿੰਦਾ ਹੈ। ਕਿਸਾਨ ਸੰਗਠਨ ਨੇ ਕਿਹਾ ਕਿ ਇਹ ਹਮਲੇ ਲੋਕ ਵਿਰੋਧੀ ਕਾਰਵਾਈਆਂ ਜਿਵੇਂ ਮੁਕਤ ਵਪਾਰ ਸਮਝੌਤਾ, ਬੀਜ ਬਿੱਲ, ਬਿਜਲੀ ਬਿੱਲ, 4 ਕਿਰਤ ਕੋਡ ਜੋ ਅਮਰੀਕੀ ਦਬਾਅ ਹੇਠ ਕੀਤੇ ਗਏ ਸਨ, ਦੀ ਨਿਰੰਤਰਤਾ 'ਚ ਕੀਤੇ ਗਏ ਹਨ। ਹਰ ਕਦਮ ਨੇ ਮਿਹਨਤੀ ਲੋਕਾਂ ਦੇ ਵਿਸ਼ਾਲ ਸਮੂਹ ਨੂੰ ਰਾਜਗ ਸਰਕਾਰ ਤੋਂ ਦੂਰ ਕਰ ਦਿੱਤਾ ਹੈ।

# ਵਿੱਤੀ ਸਾਲ 2025-26 ਦੌਰਾਨ ਜੀ.ਐੱਸ.ਟੀ. ਪ੍ਰਾਪਤੀ ਵਿੱਚ 16% ਦਾ ਵਾਧਾ ਅਤੇ ਆਬਕਾਰੀ ਮਾਲੀਆ 7,401 ਕਰੋੜ ਰੁਪਏ ਤੱਕ ਪਹੁੰਚਿਆ: ਹਰਪਾਲ ਸਿੰਘ ਚੀਮਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 23 ਦਸੰਬਰ: ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਸੂਬੇ ਨੇ ਵਿੱਤੀ ਸਾਲ 2025-26 ਦੌਰਾਨ ਇੱਕ ਵੱਡੀ ਵਿੱਤੀ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਨਵੰਬਰ 2025 ਤੱਕ ਸੂਬੇ ਨੇ ਜੀ.ਐੱਸ.ਟੀ. ਪ੍ਰਾਪਤੀ ਵਿੱਚ 16.03% ਦਾ ਵਾਧਾ ਦਰਜ ਕਰਦਿਆਂ 17,860.09 ਕਰੋੜ ਰੁਪਏ ਪ੍ਰਾਪਤ ਕੀਤੇ, ਜਦਕਿ ਆਬਕਾਰੀ ਮਾਲੀਆ 7,401 ਕਰੋੜ ਰੁਪਏ ਰਿਹਾ। ਵਿੱਤ ਮੰਤਰੀ ਨੇ ਇਸ ਸਫਲਤਾ ਦਾ ਸਿਹਰਾ ਵਿਭਾਗ ਦੀ ਨਵੀਨਤਾ ਅਤੇ ਚੌਕਸੀ ਨੂੰ ਦਿੰਦਿਆਂ ਦੱਸਿਆ ਕਿ ਆਬਕਾਰੀ ਅਤੇ ਕਰ ਵਿਭਾਗ ਨੇ ਨਾ ਸਿਰਫ਼ ਪੁਰਾਣੇ ਰਿਕਾਰਡ ਤੋੜੇ ਹਨ, ਸਗੋਂ ਯਕਮੁਸ਼ਤ ਨਿਪਟਾਰਾ ਸਕੀਮ-2025 ਅਤੇ ਆਧੁਨਿਕ ਡਾਟਾ ਐਨਾਲਿਟਿਕਸ ਰਾਹੀਂ ਟੈਕਸ ਚੋਰੀ ਨੂੰ ਰੋਕਣ ਵਿੱਚ ਵੀ ਵੱਡੀ ਸਫਲਤਾ ਹਾਸਲ ਕੀਤੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੱਖ-ਵੱਖ ਖੇਤਰਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਜੀ.ਐੱਸ.ਟੀ. ਪ੍ਰਾਪਤੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 2,467.30 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਤੰਬਰ 2025 ਵਿੱਚ ਜੀ.ਐੱਸ.ਟੀ. ਦਰਾਂ ਵਿੱਚ ਕੀਤੇ ਸੁਧਾਰਾਂ (ਜਿਸ ਨਾਲ ਜ਼ਰੂਰੀ ਵਸਤਾਂ 'ਤੇ ਟੈਕਸ 12% ਤੋਂ ਘਟਾ ਕੇ 5% ਕੀਤਾ ਗਿਆ ਸੀ) ਦੇ ਬਾਵਜੂਦ, ਵਿਭਾਗ ਦੀਆਂ ਨੀਤੀਆਂ ਕਾਰਨ ਟੈਕਸ ਪ੍ਰਾਪਤੀ ਸਥਿਰ ਰਹੀ। ਇਸ ਦੇ ਨਾਲ ਹੀ ਵੈਟ ਅਤੇ ਸੀ.ਐੱਸ.ਟੀ. ਪ੍ਰਾਪਤੀ 5,451.76 ਕਰੋੜ ਰੁਪਏ ਰਹੀ, ਜੋ ਕਿ ਪਿਛਲੇ ਸਾਲ ਨਾਲੋਂ 3.35% ਵੱਧ



ਹੈ।ਆਬਕਾਰੀ ਵਿਭਾਗ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 'ਆਬਕਾਰੀ ਨੀਤੀ 2025-26' ਤਹਿਤ 11,020 ਕਰੋੜ ਰੁਪਏ ਦਾ ਸਾਲਾਨਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਵੰਬਰ 2025 ਤੱਕ ਵਿਭਾਗ ਨੇ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ 8.64% ਦਾ ਵਾਧਾ ਦਰਜ ਕੀਤਾ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਸ਼ਰਾਬ ਦੀ ਤਸਕਰੀ ਅਤੇ ਨਾਜਾਇਜ਼ ਸ਼ਰਾਬ ਵਿਰੁੱਧ ਮੁਹਿੰਮ ਤਹਿਤ ਇਸ ਸਾਲ 3,860 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਅਤੇ 3,795 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਵਿੱਤ ਮੰਤਰੀ ਨੇ ਅੱਗੇ ਦੱਸਿਆ ਕਿ ਯਕਮੁਸ਼ਤ ਨਿਪਟਾਰਾ ਸਕੀਮ-2025 ਇੱਕ ਵੱਡੀ ਪ੍ਰਾਪਤੀ ਰਹੀ ਹੈ, ਜਿਸ ਤਹਿਤ 18 ਦਸੰਬਰ 2025 ਤੱਕ 3,574 ਕੇਸਾਂ ਦਾ ਨਿਪਟਾਰਾ ਕਰਕੇ 52 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ ਹੈ ਅਤੇ ਵਪਾਰੀਆਂ ਨੂੰ ਟੈਕਸ ਵਿੱਚ ਵੱਡੀ ਰਾਹਤ ਦਿੱਤੀ ਗਈ ਹੈ। ਟੈਕਸ ਇੰਟੈਲੀਜੈਂਸ ਯੂਨਿਟ ਦੀ ਮਦਦ ਨਾਲ 344.06 ਕਰੋੜ ਰੁਪਏ ਦਾ ਟੈਕਸ ਅਤੇ ਜੁਰਮਾਨਾ ਵਸੂਲਿਆ ਗਿਆ ਹੈ। ਇਸ ਤੋਂ ਇਲਾਵਾ, ਜੀ.ਐਸ.ਟੀ.ਆਰ-3ਬੀ ਰਿਟਰਨ ਨਾ ਭਰਨ ਵਾਲਿਆਂ 'ਤੇ ਨਿਗਰਾਨੀ ਰੱਖ ਕੇ 2,185.96 ਕਰੋੜ ਰੁਪਏ ਜਮ?ਹਾ ਕਰਵਾਏ ਗਏ ਹਨ। ਵਿੱਤ ਮੰਤਰੀ ਚੀਮਾ ਨੇ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਅਪ੍ਰੈਲ ਤੋਂ ਨਵੰਬਰ 2025 ਦਰਮਿਆਨ 618.53 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਕਾਰਜਕੁਸ਼ਲਤਾ ਵਧਾਉਣ ਲਈ 5,111 ਅਧਿਕਾਰੀਆਂ ਨੂੰ 144 ਵਿਸ਼ੇਸ਼ ਪ੍ਰੋਗਰਾਮਾਂ ਰਾਹੀਂ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਰਣਨੀਤੀਆਂ ਵਿੱਤੀ ਸਾਲ ਦੇ ਬਾਕੀ ਰਹਿੰਦੇ ਮਹੀਨਿਆਂ ਵਿੱਚ ਵੀ ਮਾਲੀਏ ਦੇ ਵਾਧੇ ਨੂੰ ਬਰਕਰਾਰ ਰੱਖਣਗੀਆਂ।



# ਸਾਵਧਾਨ ! ਤੁਹਾਡੇ ਨਾਲ ਵੀ ਹੋ ਸਕਦੈ ਅਜਿਹਾ, ਮਿੰਟਾਂ 'ਚ ਉੱਡੇ ਕਰੋੜਾਂ ਰੁਪਏ, ਖੁੱਲ੍ਹੇ ਭੇਤ ਨੇ ਚੱਕਰਾਂ 'ਚ ਪਾਇਆ ਟੱਬਰ

**ਕੌਮੀ ਪਤ੍ਰਿਕਾ**

ਜਲੰਧਰ 23 ਦਸੰਬਰ। ਸਾਈਬਰ ਠੱਗਾਂ ਨੇ ਜਲੰਧਰ ਸ਼ਹਿਰ ਦੇ 76 ਸਾਲਾ ਵਿਅਕਤੀ ਨੂੰ 20 ਦਿਨਾਂ ਲਈ ਡਿਜੀਟਲ ਤੌਰ 'ਤੇ ਗ੍ਰਿਫ਼ਤਾਰ ਕਰਕੇ 1.11 ਕਰੋੜ ਰੁਪਏ ਦੀ ਠੱਗੀ ਮਾਰ ਲਈ। ਧੋਖਾਧੜੀ ਕਰਨ ਵਾਲਿਆਂ ਨੇ ਉਸ ਨੂੰ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਅਤੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਕਿਸੇ ਨਾਲ ਗੱਲ ਕੀਤੀ ਤਾਂ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਇਕ ਪੁਲਸ ਸ਼ਿਕਾਇਤ ਵਿੱਚ ਬਜ਼ੁਰਗ ਵਿਅਕਤੀ ਨੇ ਦੱਸਿਆ ਕਿ ਉਸ ਨੂੰ ਇਕ ਮਹਿਲਾ ਕਾਲਰ ਤੋਂ ਇਕ ਵ?ਹਟਸਐਪ ਕਾਲ ਆਈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਸ 'ਤੇ ਮਨੀ ਲਾਂਡਰਿੰਗ ਲਈ ਮਾਮਲਾ ਦਰਜ ਕੀਤਾ ਗਿਆ ਹੈ। ਤੁਹਾਡੀ ਜਾਇਦਾਦ ਸ਼ੱਕੀ ਹੈ ਅਤੇ ਇਸ ਦੀ ਜਾਂਚ ਕਰਨ ਦੀ ਲੋੜ ਹੈ। ਤੁਹਾਡੇ ਕੋਲ ਜੋ ਵੀ ਉਸ ਦੀ ਜਾਣਕਾਰੀ ਦਿਓ। ਜਾਇਦਾਦ ਦੇ ਦਸਤਾਵੇਜ਼ ਅਤੇ ਪੈਸੇ ਟਰਾਂਸਫਰ ਕਰੋ। ਜਾਂਚ ਤੋਂ ਬਾਅਦ ਸਭ ਕੁਝ ਵਾਪਸ ਕਰ ਦਿੱਤਾ ਜਾਵੇਗਾ। ਮਾਣਹਾਨੀ ਅਤੇ ਗ੍ਰਿਫ਼ਤਾਰੀ ਦੇ ਡਰੋਂ ਬਜ਼ੁਰਗ ਆਦਮੀ ਨੇ ਪੈਸੇ ਵੱਖ-ਵੱਖ ਖਾਤਿਆਂ ਵਿੱਚ ਟਰਾਂਸਫਰ ਕਰ ਦਿੱਤੇ। ਅਖ਼ੀਰ ਵਿਚ ਉਸ ਨੇ ਕਿਸੇ ਜਾਣਕਾਰ ਨਾਲ ਗੱਲ ਕੀਤੀ ਤਾਂ ਠੱਗੀ ਦਾ ਪਤਾ ਲੱਗਾ ਪਰ ਉਸ ਨੂੰ ਪੈਸੇ ਵਾਪਸ ਨਹੀਂ ਮਿਲੇ। ਬਜ਼ੁਰਗ ਪੀੜਤ ਨੇ ਕਿਹਾ ਕਿ ਠੱਗੀ ਕਰਨ ਵਾਲਿਆਂ ਨੇ ਪਹਿਲਾਂ ਉਸ ਨੂੰ ਮਨੀ ਲਾਂਡਰਿੰਗ ਮਾਮਲਿਆਂ ਵਿੱਚ ਸ਼ਾਮਲ ਲੋਕਾਂ ਦੀਆਂ ਤਸਵੀਰਾਂ ਭੇਜੀਆਂ ਗਈਆਂ ਅਤੇ ਸੀ. ਬੀ. ਆਈ. ਉਨ੍ਹਾਂ ਨੂੰ ਲੈ ਕੇ ਜਾ ਰਹੀ ਸੀ। ਠੱਗਾਂ ਨੇ ਕਿਹਾ ਕਿ ਤੁਹਾਡੇ ਖ਼ਾਤੇ ਤੋਂ ਇਨ੍ਹਾਂ ਮੁਲਜ਼ਮਾਂ ਦੇ ਖਾਤਿਆਂ ਵਿੱਚ ਪੈਸੇ ਟਰਾਂਸਫਰ ਕੀਤੇ ਗਏ ਸਨ। ਮੁੰਬਈ ਦੇ ਕੋਲਾਬਾ ਪੁਲਸ ਸਟੇਸ਼ਨ ਵਿੱਚ ਇਕ ਐੱਫ਼. ਆਈ. ਆਰ. ਦਰਜ ਕੀਤੀ ਗਈ ਸੀ। ਇਸ ਦੇ ਬਾਅਦ ਮਹਿਲਾ ਨੇ ਸੀ. ਬੀ. ਆਈ. ਕਰਮਚਾਰੀ ਬਣ ਕੇ ਗੱਲ ਕੀਤੀ ਅਤੇ ਬਾਅਦ ਵਿਚ ਮੁੰਬਈ ਕੋਰਟ ਤੋਂ ਫਰਜ਼ੀ ਜੱਜ ਦੀ ਗੱਲ ਵੀ ਕਰਵਾਈ। ਉਸ ਨੇ ਕਿਹਾ ਕਿ ਤੁਹਾਡੇ ਖ਼?ਲਾਫ਼ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜੇਕਰ ਤੁਸੀਂ ਪੁਲਸ ਨਾਲ ਸਹਿਯੋਗ ਨਹੀਂ ਕਰਦੇ ਤਾਂ ਤੁਹਾਨੂੰ ਗ੍ਰਿਫ਼ਤਾਰ ਕਰਕੇ ਸਜ਼ਾ ਦਿੱਤੀ ਜਾਵੇਗੀ। ਬਜ਼ੁਰਗ ਨੇ ਕਿਹਾ ਕਿ ਉਨ੍ਹਾਂ ਦੀ ਪੂਰੀ ਉਮਰ ਦੀ ਜਮ?ਹਾ ਪੂੰਜੀ ਸਾਈਬਰ ਠੱਗਾਂ ਨੇ ਲੈ ਲਈ। ਜਾਲਸਾਜ਼ਾਂ ਨੇ ਉਨ੍ਹਾਂ



ਨਾਲ ਇੰਝ ਗੱਲ ਕੀਤੀ ਕਿ ਡਰ ਦੇ ਮਾਰੇ ਸਭ ਤੋਂ ਪਹਿਲਾਂ 8.88 ਲੱਖ, ਫਿਰ 16.22 ਲੱਖ, 32.67 ਲੱਖ, 30.96 ਲੱਖ, 8 ਲੱਖ, 10 ਲੱਖ ਅਤੇ ਫਿਰ 5 ਲੱਖ ਰੁਪਏ ਟਰਾਂਸਫਰ ਕਰਵਾ ਲਏ। ਮੈਂ 20 ਦਿਨਾਂ ਤੱਕ ਕਿਸੇ ਵੀ ਜਾਣ-ਪਛਾਣ ਵਾਲੇ ਨਾਲ ਗੱਲ ਨਹੀਂ ਕੀਤੀ। ਮੇਰਾ ਪੁੱਤਰ ਅਤੇ ਧੀ ਵਿਦੇਸ਼ ਵਿੱਚ ਰਹਿੰਦੇ ਹਨ ਅਤੇ ਮੈਂ ਆਪਣੀ ਪਤਨੀ ਨਾਲ ਜਲੰਧਰ ਵਿੱਚ ਰਹਿੰਦਾ ਹਾਂ। ਜਦੋਂ ਮੇਰੇ ਪੁੱਤਰ ਨੂੰ ਧੋਖਾਧੜੀ ਬਾਰੇ ਪਤਾ ਲੱਗਾ ਤਾਂ ਉਸ ਨੇ ਮੈਨੂੰ ਪੁਲਸ ਵਿਚ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ। ਪੁਲਸ ਨੇ ਪੰਜ ਧੋਖੇਬਾਜ਼ਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ, ਜਿਨ੍ਹਾਂ ਦੇ ਖ਼ਾਤਿਆਂ ਵਿੱਚ ਪੈਸੇ ਟਰਾਂਸਫਰ ਕੀਤੇ ਗਏ ਸਨ। ਇਸ ਬਾਰੇ ਸਾਈਬਰ ਐਕਸਪਰਟ ਮੁਕੇਸ਼ ਚੌਧਰੀ ਨੇ ਕਿਹਾ ਕਿ ਸਾਈਬਰ ਧੋਖਾਧੜੀ ਦੇ ਮਾਮਲਿਆਂ ਵਿੱਚ ਆਈ. ਟੀ. ਐਕਟ ਪਾਵਰਫੁੱਲ ਨਹੀਂ ਹੈ। ਧੋਖੇਬਾਜ਼ ਆਸਾਨੀ ਨਾਲ ਜ਼ਮਾਨਤ ਪ੍ਰਾਪਤ ਕਰ ਲੈਂਦੇ ਹਨ, ਜਿਸ ਕਾਰਨ ਉਹ ਰਿਹਾਅ ਹੋਣ ਤੋਂ ਬਾਅਦ ਦੋਬਾਰਾ ਧੋਖਾਧੜੀ ਦਾ ਸਹਾਰਾ ਲੈਂਦੇ ਹਨ। ਅਜਿਹੇ ਮਾਮਲਿਆਂ ਵਿੱਚ ਵੱਧ ਤੋਂ ਵੱਧ ਸਜ਼ਾ ਤਿੰਨ ਸਾਲ ਹੈ ਅਤੇ ਜ਼ਮਾਨਤ ਤੁਰੰਤ ਮਿਲ ਜਾਂਦੀ ਹੈ। ਜੇਕਰ ਆਈ. ਟੀ. ਐਕਟ ਮਜ਼ਬੂਤ ??ਹੋ ਜਾਵੇ ਤਾਂ ਵੀ ਮਾਮਲੇ ਘੱਟ ਜਾਣਗੇ।

## ਪੰਥ ਦੇ ਨਾਂ 'ਤੇ ਸਿਆਸਤ ਕਰਨ ਵਾਲਿਆਂ ਨੇ ਜੋ ਨਹੀਂ ਕੀਤਾ, ਉਹ 3$ ਮਾਨ ਨੇ ਕਰ ਦਿਖਾਇਆ

ਚੰਡੀਗੜ੍ਹ/ਜਲੰਧਰ 23 ਦਸੰਬਰ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਅਜਨਾਲਾ ਤੋਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਤਿੰਨ ਇਤਿਹਾਸਕ ਅਤੇ ਧਾਰਮਿਕ ਸ਼ਹਿਰਾਂ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ 'ਪਵਿੱਤਰ ਸ਼ਹਿਰਾਂ' ਦਾ ਦਰਜਾ ਦੇਣ ਦੇ ਫ਼ੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਥ ਦੇ ਨਾਂ 'ਤੇ ਸਿਆਸਤ ਕਰਨ ਵਾਲਿਆਂ ਨੇ ਜੋ ਨਹੀਂ ਕੀਤਾ, ਉਹ ਮੁੱਖ ਮੰਤਰੀ ਭਗਵੰਤ ਮਾਨ ਨੇ ਕਰ ਦਿਖਾਇਆ ਹੈ। ਉਨ੍ਹਾਂ ਨੇ ਵਿਰੋਧੀ ਧਿਰਾਂ, ਖ਼ਾਸ ਕਰਕੇ ਸ਼?ਰੋਮਣੀ ਅਕਾਲੀ ਦਲ 'ਤੇ ਤਿੱਖੇ ਸਿਆਸੀ ਹਮਲੇ ਕਰਦਿਆਂ ਕਿਹਾ ਕਿ ਪੰਜਾਬ 'ਚ ਕਈ ਮੁੱਖ ਮੰਤਰੀ ਆਏ, ਜੋ ਖ਼ੁਦ ਨੂੰ ਪੰਥਕ ਕਹਾਉਂਦੇ ਸਨ ਅਤੇ ਆਪਣੇ ਲਈ ਤਾਂ 'ਫ਼ਖ਼ਰ-ਏ-ਕੌਮ' ਵਰਗੇ ਐਵਾਰਡ ਲੱਭਦੇ ਰਹੇ ਪਰ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਇਨ੍ਹਾਂ ਸ਼ਹਿਰਾਂ ਨੂੰ ਕਦੇ ਵੀ ਅਧਿਕਾਰਤ ਤੌਰ 'ਤੇ ਪਵਿੱਤਰ ਸ਼ਹਿਰਾਂ ਦਾ ਦਰਜਾ ਨਹੀਂ ਦੇ ਸਕੇ। ਪਹਿਲੀ ਵਾਰ ਕਿਸੇ ਸਰਕਾਰ ਨੇ ਸੱਚੀ ਨੀਅਤ ਨਾਲ ਕੰਮ ਕਰਦਿਆਂ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਉਹ ਮਾਣ-ਸਤਿਕਾਰ ਦਿੱਤਾ ਹੈ, ਜਿਸ ਦੇ ਉਹ ਹੱਕਦਾਰ ਸਨ।

# ਵੇਰਕਾ ਮਿਲਕ ਪਲਾਂਟ ਨੇੜੇ ਵਾਪਰੇ ਭਿਆਨਕ ਹਾਦਸੇ 'ਚ ਕੁੜੀ ਦੀ ਮੌਤ !

**ਕੌਮੀ ਪਤ੍ਰਿਕਾ**

ਲੁਧਿਆਣਾ 23 ਦਸੰਬਰ। ਸਥਾਨਕ ਫਿਰੋਜ਼ਪੁਰ ਰੋਡ ਸਥਿਤ ਵੇਰਕਾ ਮਿਲਕ ਪਲਾਂਟ ਕੋਲ ਐਤਵਾਰ ਸਵੇਰੇ ਲੱਗਭਗ ਢਾਈ ਵਜੇ ਤੇਜ਼ ਰਫਤਾਰ ਇਨੋਵਾ ਅਤੇ ਬਲੈਨੋ ਕਾਰ ਦੀ ਆਹਮੋ-ਸਾਹਮਣੀ ਜ਼ੋਰਦਾਰ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਦੋਵੇਂ ਗੱਡੀਆਂ ਦੇ ਪਰਖੱਚੇ ਉੱਡ ਗਏ। ਹਾਦਸੇ ਵਿਚ ਬਲੈਨੋ ਕਾਰ 'ਚ ਸਵਾਰ ਇਕ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 6 ਲੋਕ ਗੰਭੀਰ ਜ਼ਖਮੀ ਹੋ ਗਏ। ਉੱਥੇ ਹੀ ਇਨੋਵਾ ਕਾਰ ਚਾਲਕ ਵੀ ਇਸ ਹਾਦਸੇ 'ਚ ਜ਼ਖ਼ਮੀ ਹੋ ਗਿਆ। ਰਾਹਗੀਰਾਂ ਨੇ ਜ਼ਖਮੀਆਂ ਨੂੰ ਕਾਰਾਂ 'ਚੋਂ ਬਾਹਰ ਕੱਢਿਆ ਅਤੇ ਤੁਰੰਤ ਹਸਪਤਾਲ ਪਹੁੰਚਾਇਆ। ਮ੍ਰਿਤਕਾ ਦੀ ਪਛਾਣ ਰਾਸ਼ੀ ਸੇਠੀ ਦੇ ਰੂਪ 'ਚ ਹੋਈ ਹੈ। ਜ਼ਖਮੀਆਂ 'ਚ ਪੂਰਵੀ, ਸੁਹਾਨੀ, ਨਵਿਆ, ਸਾਤਵਕਿ ਅਤੇ ਦੇਵ ਮਲਹੋਤਰਾ ਸ਼ਾਮਲ ਹਨ, ਜਦਕਿ ਇਨੋਵਾ ਕਾਰ ਚਾਲਕ ਦੀ ਪਛਾਣ ਸੁਖਵਿੰਦਰ ਸਿੰਘ ਵਜੋਂ ਹੋਈ ਹੈ। ਉਧਰ ਜ਼ਖਮੀਆਂ ਦੇ ਰਿਸ਼ਤੇਦਾਰ ਵੀ ਹਸਪਤਾਲ ਪੁੱਜ ਗਏ ਹਨ, ਜਿਨ੍ਹਾਂ ਨੇ ਫਿਲਹਾਲ ਪੁਲਸ ਕਾਰਵਾਈ ਤੋਂ ਇਨਕਾਰ ਕੀਤਾ ਹੈ, ਜਦਕਿ ਪੁਲਸ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਹੈ। ਜਾਣਕਾਰੀ ਮੁਤਾਬਕ ਸੁਹਾਨੀ ਦਾ ਜਨਮ ਦਿਨ ਸੀ ਅਤੇ ਸਾਰੇ ਦੋਸਤ ਮਿਲ ਕੇ ਜਨਮ ਦਿਨ ਮਨਾਉਣ ਗਏ ਸਨ। ਬਲੈਨੋ ਕਾਰ ਦੇਵ ਮਲਹੋਤਰਾ ਦੀ ਸੀ, ਜਿਸ ਨੂੰ ਉਹ ਚਲਾ ਰਿਹਾ ਸੀ। ਅਗਲੀ ਸੀਟ 'ਤੇ ਸਾਤਵਕਿ ਬੈਠਾ ਸੀ, ਜਦਕਿ ਪਿੱਛੇ 4 ਲੜਕੀਆਂ ਬੈਠੀਆਂ ਸਨ। ਜਨਮਦਿਨ ਮਨਾਉਣ ਤੋਂ ਬਾਅਦ ਸਾਰੇ ਸਵੇਰੇ ਘਰ ਮੁੜ ਰਹੇ ਸਨ ਕਿ ਵੇਰਕਾ ਮਿਲਕ ਪਲਾਂਟ ਕੋਲ ਤੇਜ਼ ਰਫਤਾਰ ਇਨੋਵਾ ਨਾਲ ਉਨ੍ਹਾਂ ਦੀ ਕਾਰ ਦੀ ਸਿੱਧੀ ਟੱਕਰ ਹੋ ਗਈ। ਸੂਚਨਾ ਮਿਲਦੇ ਸਾਰ ਹੀ ਥਾਣਾ ਸਰਾਭਾ ਨਗਰ ਦੀ ਪੁਲਸ ਮੌਕੇ 'ਤੇ ਪੁੱਜੀ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ।

## ਪੰਜਾਬ 'ਚ 1100 ਕਰੋੜ ਦਾ ਪ੍ਰਾਪਰਟੀ ਟੈਕਸ ਬਕਾਇਆ, ਟੈਕਸ ਵਸੂਲੀ 'ਚ ਪਿੱਛੇ ਰਿਹਾ ਸੂਬਾ

ਚੰਡੀਗੜ੍ਹ 23 ਦਸੰਬਰ। ਪੰਜਾਬ 'ਚ ਪ੍ਰਾਪਰਟੀ ਟੈਕਸ ਦੀ ਉਗਰਾਹੀ ਦੀ ਘਾਟ ਮਾਲੀਆ ਪੈਦਾ ਕਰਨ 'ਚ ਕਾਫੀ ਰੁਕਾਵਟ ਪੈਦਾ ਕਰ ਰਹੀ ਹੈ। ਸੂਬੇ 'ਚ ਕਰੀਬ 94,000 ਕਮਰਸ਼ੀਅਲ ਪ੍ਰਾਪਰਟੀਆਂ ਨਾਲ ਸਬੰਧਿਤ ਪ੍ਰਾਪਰਟੀ ਟੈਕਸ ਦੀ ਕਰੀਬ 1100 ਕਰੋੜ ਰੁਪਏ ਦੀ ਰਾਸ਼ੀ ਬਕਾਇਆ ਹੈ, ਜਿਸ ਕਾਰਨ ਹੋਰਨਾਂ ਸੂਬਿਆਂ ਦੇ ਮੁਕਾਬਲੇ ਪੰਜਾਬ 'ਚ ਪ੍ਰਾਪਰਟੀ ਟੈਕਸ ਦੀ ਵਸੂਲੀ ਕਾਫੀ ਪਿੱਛੇ ਰਹਿ ਗਈ ਹੈ। ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਬਾਵਜੂਦ ਹਾਲਾਤ ਅਣਸੁਲਝੇ ਬਣੇ ਹੋਏ ਹਨ। ਇਨ੍ਹਾਂ ਕੋਸ਼ਿਸ਼ਾਂ 'ਚ ਡਿਫਾਲਟਰਾਂ ਨੂੰ ਵਾਰ-ਵਾਰ ਨੋਟਿਸ ਜਾਰੀ ਕਰਨਾ ਸ਼ਾਮਲ ਹੈ। ਸਰਕਾਰ ਜਨਤਕ ਭਲਾਈ ਪ੍ਰੋਗਰਾਮਾਂ ਨੂੰ ਕਾਇਮ ਰੱਖਣ ਲਈ ਮਾਲੀਆ ਜੁਟਾਉਣ ਲਈ ਵਚਨਬੱਧ ਹੈ। ਇਸ ਲਈ ਸਰਕਾਰ ਨੇ ਟੈਕਸ ਨਾ ਭਰਨ ਵਾਲੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਜੁਰਮਾਨੇ ਅਤੇ ਕਾਨੂੰਨੀ ਕਾਰਵਾਈ ਸਮੇਤ ਹੋਰ ਨਤੀਜਿਆਂ ਤੋਂ ਬਚਣ ਲਈ ਬਕਾਇਆ ਬਕਾਏ ਦਾ ਤੁਰੰਤ ਨਿਪਟਾਰਾ ਕਰਨ।

## ਫਿਰੋਜ਼ਪੁਰ ਭਾਰਤ-ਪਾਕਿ ਸਰਹੱਦ ਨੇੜੇ ਇਕ ਡਰੋਨ ਤੇ ਹੈਰੋਇਨ ਦਾ ਪੈਕਟ ਬਰਾਮਦ

ਫਿਰੋਜ਼ਪੁਰ 23 ਦਸੰਬਰ। ਫਿਰੋਜ਼ਪੁਰ ਭਾਰਤ-ਪਾਕਿ ਸਰਹੱਦ ਨੇੜੇ ਬੀ. ਓ. ਪੀ. ਜਗਦੀਸ਼ ਦੇ ਇਲਾਕੇ 'ਚ ਬੀ. ਐੱਸ. ਐੱਫ. ਦੀ 155 ਬਟਾਲੀਅਨ ਨੇ ਸਰਚ ਆਪਰੇਸ਼ਨ ਦੌਰਾਨ ਖੇਤਾਂ 'ਚੋਂ ਡਰੋਨ ਅਤੇ 380 ਗ੍ਰਾਮ ਹੈਰੋਇਨ ਦਾ ਪੈਕੇਟ ਬਰਾਮਦ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ



ਫਿਰੋਜ਼ਪੁਰ ਦੇ ਏ. ਐੱਸ. ਆਈ. ਸੁਖਬੀਰ ਸਿੰਘ ਨੇ ਦੱਸਿਆ ਕਿ ਇਸ ਬਰਾਮਦਗੀ ਨੂੰ ਲੈ ਕੇ 155ਵੀਂ ਬਟਾਲੀਅਨ ਦੇ ਇੰਸਪੈਕਟਰ ਕੁਲਦੀਪ ਸਿੰਘ ਵੱਲੋਂ ਭੇਜੀ ਗਈ ਲਿਖਤੀ ਰਿਪੋਰਟ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬੀ. ਐੱਸ. ਐੱਫ. ਅਧਿਕਾਰੀਆਂ ਨੇ ਪੁਲਸ ਨੂੰ ਭੇਜੀ ਲਿਖ਼ਤੀ ਜਾਣਕਾਰੀ ਵਿੱਚ ਕਿਹਾ ਹੈ ਕਿ ਉਨ੍ਹਾਂ ਦੇ ਅਧਿਕਾਰੀਆਂ ਅਤੇ ਜਵਾਨਾਂ ਵੱਲੋਂ ਕੀਤੀ ਗਈ ਸਰਚ ਆਪਰੇਸ਼ਨ ਦੌਰਾਨ ਮਾਛੀਵਾੜਾ ਵਿੱਚ ਖੇਤਾਂ ਵਿੱਚੋਂ ਇੱਕ ਪੈਕੇਟ ਅਤੇ ਇੱਕ ਡਰੋਨ ਬਰਾਮਦ ਕੀਤਾ ਗਿਆ। ਜਦੋਂ ਪੈਕੇਟ ਖੋਲ੍ਹ ਕੇ ਜਾਂਚ ਕੀਤੀ ਗਈ ਤਾਂ ਉਸ ਵਿਚੋਂ ਪੈਕਿੰਗ ਮੈਟੀਰੀਅਲ ਦੇ ਨਾਲ 380 ਗ੍ਰਾਮ ਹੈਰੋਇਨ ਮਿਲੀ। ਉਨ੍ਹਾਂ ਦੱਸਿਆ ਕਿ ਬੀ. ਐੱਸ. ਐੱਫ. ਅਤੇ ਪੁਲਸ ਵੱਲੋਂ ਇਸ ਗੱਲ ਦਾ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਹੈਰੋਇਨ ਦਾ ਪੈਕਟ ਕਿਹੜੇ ਭਾਰਤੀ ਤਸਕਰਾਂ ਵੱਲੋਂ ਮੰਗਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਫੜ੍ਹੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ।

## ਵਲੈਤਣ ਵਹੁਟੀਆਂ ਨੇ ਲੁੱਟ ਲਏ ਪੰਜਾਬੀ ! 500 ਤੋਂ ਵੱਧ ਮੁੰਡਿਆਂ ਨਾਲ ਵੱਜੀ ਠੱਗੀ

ਲੁਧਿਆਣਾ 23 ਦਸੰਬਰ। ਪੰਜਾਬ ਵਿਚ ਪਤਨੀ ਦੇ ਸਹਾਰੇ ਵਿਦੇਸ਼ ਜਾਣ ਦੇ ਚੱਕਰ ਵਿਚ ਪਤੀਆਂ ਨਾਲ ਧੋਖਾਧੜੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ ਅਤੇ ਇਹ ਰੁਝਾਨ ਬੇਹੱਦ ਖ਼ਤਰਨਾਕ ਸਾਬਤ ਹੋ ਰਿਹਾ ਹੈ । ਇਕੱਲੇ ਲੁਧਿਆਣਾ ਸ਼ਹਿਰ ਦੀ ਗੱਲ ਕਰੀਏ ਤਾਂ ਪਿਛਲੇ ਪੰਜ ਸਾਲਾਂ ਵਿਚ ਕੁੱਲ 523 ਅਜਿਹੇ ਕੇਸ ਸਾਹਮਣੇ ਆ ਚੁੱਕੇ ਹਨ। ਪਤਨੀ ਦੇ ਵਿਦੇਸ਼ ਪਹੁੰਚਣ ਤੋਂ ਬਾਅਦ ਨਾਤਾ ਤੋੜ ਦੇਣ ਜਾਂ ਪਤੀ ਨੂੰ ਬਾਹਰ ਨਾ ਬੁਲਾਉਣ ਦੇ ਮਾਮਲੇ ਪੰਜਾਬ ਵਿਚ ਹਰ ਸਾਲ ਦੇਖਣ ਨੂੰ ਮਿਲਦੇ ਹਨ । ਐੱਨ.ਆਰ.ਆਈ. ਥਾਣੇ ਤੋਂ ਮਿਲੀ ਜਾਣਕਾਰੀ ਅਨੁਸਾਰ, ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਲਗਾਤਾਰ ਆ ਰਹੀਆਂ ਹਨ । ਸਾਲ 2020 ਵਿਚ 109, 2021 ਤੇ 2022 ਵਿਚ 117-117, 2023 ਵਿਚ 99, 2024 ਵਿਚ 44 ਅਤੇ 2025 ਵਿਚ ਹੁਣ ਤੱਕ ਲਗਭਗ 37 ਸ਼ਿਕਾਇਤਾਂ ਦਰਜ ਹੋ ਚੁੱਕੀਆਂ ਹਨ। ਇਸ ਮਾਮਲੇ ਵਿਚ ਕਈ ਪਤੀਆਂ ਨੇ ਆਪਣੀ ਸਾਰੀ ਜਮ?ਹਾਂ-ਪੂੰਜੀ ਖ਼ਰਚ ਦਿੱਤੀ ਹੈ। ਬੀਤੇ ਕੱਲ੍ਹ ਹੀ ਇਕ ਨੌਜਵਾਨ ਨੇ ਇੰਗਲੈਂਡ ਗਈ ਪਤਨੀ ਵੱਲੋਂ ਗੱਲਬਾਤ ਬੰਦ ਕੀਤੇ ਜਾਣ 'ਤੇ ਸਤਲੁਜ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ। ਇਸੇ ਤਰ੍ਹਾਂ ਪਿੰਡ ਰਾਮਗੜ੍ਹ ਦੇ ਜਗਜੋਤ ਸਿੰਘ ਨੇ ਆਪਣੀ ਪਤਨੀ ਹਰਲੀਨ ਕੌਰ ਨੂੰ ਕੈਨੇਡਾ ਭੇਜਣ ਲਈ 24 ਲੱਖ ਰੁਪਏ ਖਰਚ ਕੀਤੇ, ਪਰ ਹਰਲੀਨ ਉਸ ਨੂੰ ਬੁਲਾਉਣ ਤੋਂ ਮੁੱਕਰ ਗਈ।

# ਤਾਰੀਖ਼ ਭੁਗਤਣ ਆਏ ਗੋਲੂ ਪੰਡਤ ਦੇ ਕਤਲ ਮਾਮਲੇ 'ਚ ਨਵਾਂ ਮੋੜ, ਇਸ ਗੈਂਗਸਟਰ ਨੇ ਲਈ ਜ਼ਿੰਮੇਵਾਰੀ

**ਕੌਮੀ ਪਤ੍ਰਿਕਾ**

ਅਬੋਹਰ 23 ਦਸੰਬਰ। ਇੱਥੇ ਅਬੋਹਰ ਸੀਤੋ ਗੁੰਨੋ ਰੋਡ 'ਤੇ ਸਥਿਤ ਤਹਿਸੀਲ ਕੰਪਲੈਕਸ 'ਚ ਅੱਜ ਪੇਸ਼ੀ ਲਈ ਆਏ ਨੌਜਵਾਨ ਆਕਾਸ਼ ਉਰਫ਼ ਗੋਲੂ ਪੰਡਤ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਹੁਣ ਇਸ ਕਤਲ ਮਾਮਲੇ 'ਚ ਨਵੀਂ ਅਪਡੇਟ ਸਾਹਮਣੇ ਆਈ ਹੈ। ਪਤਾ ਲੱਗਾ ਹੈ ਕਿ ਇਹ ਗੈਂਗਵਾਰ ਸੀ ਅਤੇ ਇਸ ਕਤਲਕਾਂਡ ਦੀ ਜ਼ਿੰਮੇਵਾਰੀ ਗੱਗੀ ਲਾਹੌਰੀਆ ਨਾਂ ਦੇ ਗੈਂਗਸਟਰ ਵਲੋਂ ਲਈ ਗਈ ਹੈ। ਉਸ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਉਸ ਨੇ ਕਿਹਾ ਕਿ ਗੋਲੂ ਪੰਡਤ ਨਾਲ ਸਾਡੀ ਲੜਾਈ ਹੋਈ ਸੀ ਅਤੇ ਉਸ ਵਲੋਂ ਕਿਸੇ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਸੀ, ਜਿਸ ਕਾਰਨ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਫਿਲਹਾਲ 'ਜਗ ਬਾਣੀ' ਅਦਾਰੇ ਵਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ। ਦੱਸਣਯੋਗ ਹੈ ਕਿ ਪੁਰਾਣੀ ਫਾਜ਼ਿਲਕਾ ਰੋਡ 'ਤੇ ਸਥਿਤ ਜੌਹਰੀ ਮੰਦਰ ਦੇ ਪੁਜਾਰੀ ਅਵਨੀਸ਼ ਕੁਮਾਰ ਦਾ ਪੁੱਤਰ ਆਕਾਸ਼ ਉਰਫ਼ ਗੋਲੂ ਪੰਡਤ, ਉਸ ਦਾ ਦੋਸਤ ਸੋਨੂੰ ਅਤੇ ਇਕ ਹੋਰ ਵਿਅਕਤੀ ਅੱਜ ਕਾਰ 'ਚ ਕੋਰਟ ਕੰਪਲੈਕਸ ਪਹੁੰਚੇ। ਜਿਵੇਂ ਹੀ ਗੋਲੂ ਪੰਡਤ ਇਕ ਮਾਮਲੇ 'ਚ ਪੇਸ਼ੀ ਤੋਂ ਬਾਅਦ ਅਦਾਲਤ





ਤੋਂ ਬਾਹਰ ਆਇਆ ਤਾਂ ਕੁੱਝ ਨੌਜਵਾਨਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਉਹ ਜ਼ਖਮੀ ਹੋ ਗਿਆ ਅਤੇ ਹਮਲਾਵਰ ਮੌਕੇ ਤੋਂ ਭੱਜ ਗਏ। ਗੋਲੂ ਦੇ ਸਾਥੀ ਉਸ ਨੂੰ ਤੁਰੰਤ ਇਲਾਜ ਲਈ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗੋਲੂ ਨਾਲ ਮੌਜੂਦ ਸੋਨੂੰ ਨੇ ਦੱਸਿਆ ਕਿ ਤਿੰਨ ਤੋਂ ਚਾਰ ਨੌਜਵਾਨਾਂ ਨੇ ਗੋਲੂ ਪੰਡਿਤ 'ਤੇ 5-6 ਗੋਲੀਆਂ ਚਲਾਈਆਂ। ਇਨ੍ਹਾਂ 'ਚੋਂ ਤਿੰਨ ਗੋਲੀਆਂ ਗੋਲੂ ਦੇ ਸਰੀਰ 'ਤੇ ਲੱਗੀਆਂ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸੂਚਨਾ ਮਿਲਦੇ ਹੀ ਜ਼ਿਲ੍ਹਾ ਪੁਲਸ ਕਪਤਾਨ ਗੁਰਮੀਤ ਸਿੰਘ, ਐੱਸ. ਪੀ. ਡੀ., ਸਿਟੀ ਪੁਲਸ ਸਟੇਸ਼ਨ ਨੰਬਰ-1 ਦੇ ਇੰਚਾਰਜ ਰਵਿੰਦਰ ਭੀਠੀ ਅਤੇ ਸਿਟੀ ਪੁਲਸ ਸਟੇਸ਼ਨ ਨੰਬਰ-2 ਦੇ ਇੰਚਾਰਜ ਮਨਿੰਦਰ ਸਿੰਘ ਤੁਰੰਤ ਹਸਪਤਾਲ ਪਹੁੰਚੇ ਅਤੇ ਕੁੱਝ ਹੀ ਸਮੇਂ 'ਚ ਹਸਪਤਾਲ ਛਾਉਣੀ 'ਚ ਬਦਲ ਗਿਆ। ਹਸਪਤਾਲ ਪਹੁੰਚੇ ਜ਼ਿਲ੍ਹਾ ਪੁਲਸ ਕਪਤਾਨ ਨੇ ਕਿਹਾ ਕਿ ਗੋਲੂ ਪੰਡਿਤ ਖ਼?ਲਾਫ਼ ਪਹਿਲਾਂ ਹੀ ਕਈ ਅਪਰਾਧਿਕ ਮਾਮਲੇ ਦਰਜ ਹਨ ਅਤੇ ਇਹ ਘਟਨਾ ਗੈਂਗਵਾਰ ਨਾਲ ਵੀ ਜੁੜੀ ਹੋਈ ਹੈ। ਪੁਲਸ ਪ੍ਰਸ਼ਾਸਨ ਗੈਂਗਸਟਰਾਂ ਨੂੰ ਬਰਦਾਸ਼ਤ ਨਹੀਂ ਕਰੇਗਾ ਅਤੇ ਜਲਦੀ ਹੀ ਇਸ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਸਲਾਖ਼ਾਂ ਪਿੱਛੇ ਸੁੱਟ ਦੇਵੇਗਾ।

## ਜਲੰਧਰ 'ਚ ਚੱਲ ਗਈਆਂ ਗੋਲ?ੀਆਂ ! ਵੱਡੀ ਵਾਰਦਾਤ ਨਾਲ ਕੰਬਿਆ ਇਹ ਇਲਾਕਾ

ਜਲੰਧਰ 23 ਦਸੰਬਰ। ਵੈਸਟ ਹਲਕੇ ਵਿਚ ਵਾਪਰ ਰਹੀਆਂ ਚੋਰੀ ਦੀਆਂ ਘਟਨਾਵਾਂ ਤੋਂ ਇਲਾਕਾ ਵਾਸੀ ਪਰੇਸ਼ਾਨ ਹਨ। ਤਾਜ਼ਾ ਘਟਨਾ ਭਾਰਗੋ ਕੈਂਪ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕੋਟ ਸਦੀਕ ਤੋਂ ਸਾਹਮਣੇ ਆਇਆ ਹੈ, ਜਿੱਥੇ ਬੰਦੂਕ ਦੀ ਨੋਕ 'ਤੇ ਡਕੈਤੀ ਕੀਤੀ ਗਈ। ਲੁਟੇਰਿਆਂ ਨੇ ਇਕ ਮੀਟ ਦੁਕਾਨਦਾਰ ਨੂੰ ਗੋਲ?ੀ ਮਾਰ ਕੇ ਨਕਦੀ ਲੁੱਟ ਲਈ। ਲੁਟੇਰੇ 8 ਹਜ਼ਾਰ ਦੀ ਨਕਦੀ ਲੈ ਕੇ ਫਰਾਰ ਹੋ ਗਏ। ਦਰਅਸਲ ਬੇਸਮੈਂਟ 'ਚ ਬਣੀ ਇਕ ਮੀਟ ਦੀ ਦੁਕਾਨ ਦੇ ਨਾਲ ਅਹਾਤਾ ਵੀ ਹੈ। ਲੁਟੇਰੇ ਅਹਾਤੇ ਦੀ ਦੁਕਾਨ 'ਤੇ ਆਏ ਅਤੇ ਉਥੇ ਪਹਿਲਾਂ ਰੇਟ ਪੁੱਛਣ ਲੱਗ ਗਏ। ਬਾਅਦ ਵਿਚ ਦੁਕਾਨਦਾਰ ਨੂੰ ਪਿਸਤੌਲ ਵਿਖਾ ਕੇ ਉਸ ਤੋਂ 8,000 ਰੁਪਏ ਲੁੱਟ ਕੇ ਫਰਾਰ ਹੋ ਗਏ। ਫਿਰ ਉਨ੍ਹਾਂ ਨੇ ਬਾਹਰ ਆ ਕੇ ਸ਼ਰਾਬ ਠੇਕੇਦਾਰ 'ਤੇ ਹਵਾ ਵਿਚ ਗੋਲ?ੀਆਂ ਚਲਾਈਆਂ, ਉਸ ਦੀ ਨਕਦੀ ਖੋਹਣ ਦੀ ਕੋਸ਼ਿਸ਼ ਕੀਤੀ। ਜਦੋਂ ਠੇਕੇਦਾਰ ਨੇ ਰੌਲਾ ਪਾਇਆ ਤਾਂ ਲੁਟੇਰੇ ਮੌਕੇ ਤੋਂ ਭੱਜ ਗਏ। ਪੀੜਤ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਹੈ। ਪੁਲਸ ਨੇ ਮੌਕੇ ਉਤੇ ਪਹੁੰਚੇ ਕੇ ਜਾਂਚ ਸ਼ੁਰੂ ਕੀਤੀ। ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਹਨੀ ਨੇ ਦੱਸਿਆ ਕਿ ਉਹ ਆਪਣੀ ਦੁਕਾਨ 'ਤੇ ਬੈਠਾ ਸੀ। ਇਸ ਦੌਰਾਨ ਲੁਟੇਰੇ ਆਏ ਅਤੇ ਠੇਕੇ 'ਤੇ ਸ਼ਰਾਬ ਦੀ ਬੋਤਲ ਦੀ ਕੀਮਤ ਪੁੱਛਣ ਲੱਗੇ। ਦੁਕਾਨਦਾਰ ਨੂੰ ਸ਼ੱਕ ਹੋਇਆ ਕਿ ਉਹ ਲੁਟੇਰੇ ਹਨ, ਗਾਹਕ ਨਹੀਂ। ਫਿਰ ਉਸ ਨੇ ਅਲਾਰਮ ਵਜਾਇਆ ਅਤੇ ਲੁਟੇਰਿਆਂ ਨੇ ਹਵਾ ਵਿੱਚ ਗੋਲ?ੀ ਚਲਾਈ ਅਤੇ ਮੌਕੇ ਤੋਂ ਭੱਜ ਗਏ। ਗਨੀਮਤ ਇਹ ਰਹੀ ਕਿ ਸ਼ਰਾਬ ਦੇ ਠੇਕੇ 'ਤੇ ਲੁੱਟ ਨਹੀਂ ਹੋਈ ਪਰ ਘਟਨਾ ਵਿਚ ਮੀਟ ਦੀ ਦੁਕਾਨ ਤੋਂ ਲੁਟੇਰੇ 8 ਹਜ਼ਾਰ ਦੀ ਨਕਦੀ ਲੈ ਕੇ ਫਰਾਰ ਹੋ ਗਏ।

## ਹੈਰੋਇਨ ਸਪਲਾਈ ਕਰਨ ਜਾ ਰਿਹਾ ਤਸਕਰ ਚੜ੍ਹ ਆ ਪੁਲਸ ਅੜਿੱਕੇ

ਲੁਧਿਆਣਾ 23 ਦਸੰਬਰ। ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੇ ਹੈਰੋਇਨ ਸਪਲਾਈ ਕਰਨ ਜਾ ਰਹੇ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਮੁਲਜ਼ਮ ਖ਼?ਲਾਫ਼ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਅਸ਼ਵਨੀ ਕੁਮਾਰ ਉਰਫ਼ ਸੰਨੀ ਵਜੋਂ ਕੀਤੀ ਗਈ ਹੈ, ਜੋ ਕਿ ਮੁਹੱਲਾ ਮਨੋਹਰ ਨਗਰ ਦਾ ਰਹਿਣ ਵਾਲਾ ਹੈ। ਸਬ-ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਟੀਮ ਮਨਜੀਤ ਨਗਰ 'ਚ ਗਸ਼ਤ ਕਰ ਰਹੀ ਸੀ, ਜਦੋਂ ਉਨ੍ਹਾਂ ਨੂੰ ਇਕ ਮੁਖ਼ਬਰ ਤੋਂ ਸੂਚਨਾ ਮਿਲੀ ਕਿ ਮੁਲਜ਼ਮ ਹੈਰੋਇਨ ਦੇ ਕਾਰੋਬਾਰ ਵਿਚ ਸ਼ਾਮਲ ਹੈ। ਸੂਚਨਾ 'ਤੇ ਕਾਰਵਾਈ ਕਰਦਿਆਂ, ਟੀਮ ਨੇ ਮਨਜੀਤ ਨਗਰ ਗੇਟ ਨੇੜੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਨਸ਼ੀਲੇ ਪਦਾਰਥ ਕਿੱਥੋਂ ਪ੍ਰਾਪਤ ਕਰਦਾ ਹੈ ਅਤੇ ਕਿਸ ਨੂੰ ਸਪਲਾਈ ਕਰਦਾ ਹੈ। ਉਸ ਖ਼?ਲਾਫ਼ ਦਰਜ ਹੋਰ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪੰਜਾਬ 'ਚ ਵੱਡੀ ਗੈਂਗਵਾਰ ! ਤਰੀਕ ਭੁਗਤਣ ਆਏ ਮੁੰਡੇ ਨੂੰ ਗੋਲੀਆਂ ਨਾਲ ਭੁੰਨਿਆ

ਅਬੋਹਰ 23 ਦਸੰਬਰ। ਅਬੋਹਰ ਤਹਿਸੀਲ ਕੰਪਲੈਕਸ ਦੀ ਕਾਰ ਪਾਰਕਿੰਗ ਵਿਚ ਤਰੀਕ ਭੁਗਤਾਨ ਆਏ ਨੌਜਵਾਨਾਂ 'ਤੇ ਹੋਈ ਗੋਲੀਬਾਰੀ ਵਿਚ ਇਕ ਨੌਜਵਾਨ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ



ਮੁਰਦਾਘਰ ਵਿਚ ਰੱਖਿਆ ਗਿਆ ਹੈ ਜਦਕਿ ਹਲਮੇ ਵਿਚ ਜ਼ਖਮੀ ਹੋਏ ਨੌਜਵਾਨਾਂ ਨੂੰ ਇਲਾਜ ਲਈ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਗੋਲੂ ਪੰਡਿਤ ਪੁੱਤਰ ਅਵਨੀਸ਼ ਪੁਜਾਰੀ ਵਾਸੀ ਪੁਰਾਣੀ ਫਾਜ਼ਿਲਕਾ ਰੋਡ, ਜੋਹੜੀ ਮੰਦਰ, ਅਬੋਹਰ ਆਪਣੇ ਦੋਸਤਾਂ ਨਾਲ ਤਹਿਸੀਲ ਕੰਪਲੈਕਸ ਵਿਚ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਇਆ ਸੀ। ਇਸ ਦੌਰਾਨ ਕੁਝ ਲੋਕਾਂ ਨੇ ਪੁਰਾਣੀ ਰੰਜਿਸ਼ ਦੇ ਚੱਲਦੇ ਕਾਰ ਪਾਰਕਿੰਗ ਕਰਦੇ ਸਮੇਂ ਉਸ 'ਤੇ ਤਾਬੜ ਤੋੜ ਗੋਲੀਆਂ ਚਲਾ ਦਿੱਤੀਆਂ ਅਤੇ ਫ਼ਰਾਰ ਹੋ ਗਏ, ਜਿਸ ਕਾਰਨ ਗੋਲੂ ਪੰਡਿਤ ਅਤੇ ਉਸਦੇ ਦੋਸਤਾਂ ਨੂੰ ਗੋਲੀ ਲੱਗ ਗਈ। ਉਸਨੂੰ ਇਲਾਜ ਲਈ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰ ਨੇ ਗੋਲੂ ਪੰਡਿਤ ਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰ ਨੇ ਹਮਲੇ ਦਾ ਦੋਸ਼ ਗੱਗੀ ਲਾਹੌਰੀਆ ਨਾਮ ਦੇ ਨੌਜਵਾਨ 'ਤੇ ਲਗਾਇਆ ਹੈ। ਪੁਲਸ ਵਲੋਂ ਜਾਂਚ ਜਾਰੀ ਹੈ।

# ਘੁੰਨਸ 'ਚ ਹੋਏ ਕਤਲ ਦੇ ਮਾਮਲੇ 'ਚ ਤਿੰਨ ਸਕੇ ਭਰਾਵਾਂ ਸਣੇ 5 ਕਾਤਲ ਹਥਿਆਰਾਂ ਸਮੇਤ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਤਪਾ ਮੰਡੀ 23 ਦਸੰਬਰ। ਘੁੰਨਸ ਦੇ ਰੇਲਵੇ ਸਟੇਸ਼ਨ ਦੇ ਨਜਦੀਕ ਤਪਾ ਪੁਲਸ ਨੇ ਕਤਲ ਦੇ ਮਾਮਲੇ ਵਿਚ ਤਿੰਨ ਸਗੇ ਭਰਾਵਾਂ ਸਣੇ ਹਿਰਾਸਤ ਵਿਚ ਲਿਆ ਜਿਨ੍ਹਾਂ ਨੇ ਤਰਸੇਮ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਚੰਡੀਗੜ੍ਹ ਬਸਤੀ ਘੁੰਨਸ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਸੀ। ਡੀ. ਐੱਸ. ਪੀ. ਤਪਾ ਗੁਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਐੱਸ. ਐੱਸ. ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾਂ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਥਾਣਾ ਮੁੱਖੀ ਸਰੀਫ ਖਾਂ ਨੇ ਮੁਸਤੈਦੀ ਨਾਲ ਕਾਤਿਲਾਂ ਨੂੰ ਕਾਬੂ ਕਰਕੇ ਪੱਤਰਕਾਰਾਂ ਨੂੰ ਦੱਸਿਆ ਕਿ ਪਿੰਡ ਘੁੰਨਸਾਂ ਦੇ ਰੇਸ਼ਮ ਸਿੰਘ ਪੁੱਤਰ ਬੂਟਾ ਸਿੰਘ ਨੇ ਬਿਆਨਾਂ 'ਤੇ ਮਾਮਲਾ ਦਰਜ ਤੇ ਦੱਸਿਆ ਕਿ ਮੇਰੇ ਭਰਾ ਤਰਸੇਮ ਸਿੰਘ ਨੂੰ ਪੰਜ ਕਾਤਿਲਾਂ ਜੌਨੀ ਸਿੰਘ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ, ਸਿਕੰਦਰ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਵਾਸੀਆਨ ਘੁੰਨਸ ਨੇ ਪੁਰਾਣੀ ਰੰਜਿਸ਼ ਦਾ ਬਦਲਾ ਲੈਂਦੇ ਕਤਲ ਕਰ ਦਿੱਤਾ ਸੀ। ਮੇਰਾ ਭਰਾ ਤਰਸੇਮ ਸਿੰਘ ਪਿੰਡ ਮਹਿਤਾ ਵਿਖੇ ਬੱਕਰੀਆਂ ਚਾਰਨ ਦਾ ਕੰਮ ਕਰਦਾ ਸੀ ਅਤੇ ਕਾਰ 'ਚ ਸਵਾਰ ਹੋਕੇ ਅਪਣੇ ਘਰੋਂ ਅਪਣੇ ਸਾਥੀਆਂ ਨਾਲ ਕੱਪੜੇ ਚੁੱਕਣ ਆਇਆ ਸੀ ਤਾਂ ਉਪਰੋਕਤ ਕਾਤਲਾਂ ਨੇ ਉਸ ਤੇ ਕਾਰ ਤੋਂ



ਉਤਰਨ ਸਮੇਂ ਜਾਨਲੇਵਾ ਹਮਲਾ ਕਰ ਦਿੱਤਾ ਜਿਸ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਕਾਤਿਲ ਭੱਜਣ ਵਿੱਚ ਸਫਲ ਹੋ ਗਏ ਸੀ। ਤਪਾ ਪੁਲਸ ਨੇ ਉਪਕਰੋਤ ਕਾਤਲਾਂ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾਂ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਸੀ। ਤਪਾ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਹ ਕਾਤਿਲ ਰੇਲਵੇ ਸਟੇਸ਼ਨ ਘੁੰਨਸ ਦੇ ਲਾਗੇ ਇਕ ਕਮਰੇ ਵਿੱਚ ਬੈਠੇ ਹਨ ਤਾਂ ਥਾਣਾ ਮੁਖੀ ਸ਼ਰੀਫ ਖਾਂ, ਥਾਣੇਦਾਰ ਹਰਿੰਦਰਪਾਲ, ਮੁਨਸ਼ੀ ਦਵਿੰਦਰ ਸਿੰਘ, ਹੋਲਦਾਰ ਗੁਰਮੀਤ ਸਿੰਘ ਰੀਡਰ ਡੀ. ਐੱਸ. ਪੀ., ਇਕਬਾਲ ਸਿੰਘ, ਸੰਦੀਪ ਸਿੰਘ ਦੀ ਪੁਲਸ ਨੇ ਛਾਪਾਮਾਰੀ ਕਰਕੇ ਉਨ੍ਹਾਂ ਪੰਜਾਂ ਨੂੰ ਹੀ ਗ੍ਰਿਫ਼ਤਾਰ ਕਰਕੇ ਵਾਰਦਾਤ ਸਮੇਂ ਵਰਤੇ ਹਥਿਆਰ ਗੰਡਾਸਾ, ਕਿਰਪਾਨ, ਲੋਹੇ ਦੀ ਰਾਡ, ਡਾਂਗਾਂ ਅਤੇ ਡੰਡੇ ਵੀ ਬਰਾਮਦ ਕਰ ਲਏ ਹਨ। ਪੁਲਸ ਨੇ ਦੋਸ਼ੀਆਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਹਮਲਾਵਰਾਂ ਇਸ ਵਾਰਦਾਤ ਸਮੇਂ ਦੋ ਕਾਰਾਂ ਦੀ ਭੰਨ੍ਹਤੋੜ ਵੀ ਕਰ ਦਿੱਤੀ ਸੀ। ਪੁਲਸ ਅਨੁਸਾਰ ਗੁਰਪ੍ਰੀਤ ਸਿੰਘ, ਸਿਕੰਦਰ ਸਿੰਘ ਤੇ 2-2 ਮਾਮਲੇ ਅਤੇ ਅੰਮ੍ਰਿਤਪਾਲ ਸਿੰਘ ਤੇ ਤਿੰਨ ਮਾਮਲੇ ਦਰਜ ਹਨ ਅਤੇ ਰਿਸ਼ਤੇ 'ਚ ਤਿੰਨੋ ਸਗੇ ਭਰਾ ਹਨ।

## ਮਾਂ ਦੀ ਮੌਤ ਦੀ ਖ਼ਬਰ ਸੁਣ ਵਿਦੇਸ਼ੋਂ ਪਰਤੇ ਬੱਚੇ, ਪੰਜਾਬ ਆਉਂਦਿਆਂ ਹੀ ਹੋ ਗਿਆ ਵੱਡਾ ਕਾਂਡ

ਲੁਧਿਆਣਾ 23 ਦਸੰਬਰ। ਫਿਰੋਜ਼ਪੁਰ ਰੋਡ ਸਥਿਤ ਓਰਿਜਨ ਹਸਪਤਾਲ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਮੁਰਦਾਘਰ ਵਿਚ ਰੱਖੀਆਂ ਲਾਸ਼ਾਂ ਦੀ ਅਦਲਾ-ਬਦਲੀ ਹੋ ਗਈ। 19 ਦਸੰਬਰ ਨੂੰ ਇਕ ਮਹਿਲਾ ਦੀ ਮੌਤ ਮਗਰੋਂ ਉਸ ਦੇ ਪਤੀ ਨੇ ਬੱਚਿਆਂ ਦੇ ਵਿਦੇਸ਼ ਵਿਚ ਹੋਣ ਕਾਰਨ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿਚ ਸੁਰੱਖਿਅਤ ਰਖਵਾ ਦਿੱਤਾ ਸੀ। ਅੱਜ ਸਵੇਰੇ ਜਦੋਂ ਮ੍ਰਿਤਕਾ ਦੇ ਬੱਚੇ ਵਿਦੇਸ਼ ਤੋਂ ਪਰਤ ਕੇ ਮਾਂ ਦੀ ਮ੍ਰਿਤਕ ਦੇਹ ਲੈਣ ਮੁਰਦਾਘਰ ਪਹੁੰਚੇ ਤਾਂ ਉਨ੍ਹਾਂ ਦੇ ਹੋਸ਼ ਹੀ ਉੱਡ ਗਏ। ਹਸਪਤਾਲ ਸਟਾਫ਼ ਨੇ ਉਨ੍ਹਾਂ ਦੀ ਮਾਂ ਦੀ ਜਗ?ਹਾ ਕਿਸੇ ਹੋਰ ਮਹਿਲਾ ਦੀ ਮ੍ਰਿਤਕ ਦੇਹ ਉਨ੍ਹਾਂ ਨੂੰ ਸੌਂਪ ਦਿੱਤੀ। ਜਾਂਚ ਕਰਨ 'ਤੇ ਸਾਹਮਣੇ ਆਇਆ ਕਿ ਜਿਸ ਦਿਨ ਉਕਤ ਮਹਿਲਾ ਦੀ ਲਾਸ਼ ਮੁਰਦਾਘਰ ਵਿਚ ਰੱਖੀ ਗਈ ਸੀ, ਉਸੇ ਦਿਨ ਇਕ ਹੋਰ ਮਹਿਲਾ ਦੀ ਲਾਸ਼ ਵੀ ਉੱਥੇ ਲਿਆਂਦੀ ਗਈ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਹਸਪਤਾਲ ਦੀ ਲਾਪਰਵਾਹੀ ਵਿਚ ਵੱਡੀ ਗਲਤੀ ਹੋਈ ਤੇ ਮਹਿਲਾ ਦੀ ਲਾਸ਼ ਕਿਸੇ ਹੋਰ ਪਰਿਵਾਰ ਨੂੰ ਸੌਂਪ ਦਿੱਤੀ ਗਈ, ਜਿਨ੍ਹਾਂ ਵੱਲੋਂ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਗਿਆ। ਇਸ ਗੰਭੀਰ ਲਾਪਰਵਾਹੀ ਤੋਂ ਭੜਕੇ ਪਰਿਵਾਰ ਨੇ ਹਸਪਤਾਲ ਵਿਚ ਧਰਨਾ ਦੇ ਦਿੱਤਾ ਹੈ ਤੇ ਜ਼ਿੰਮੇਵਾਰ ਲੋਕਾਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਸੂਚਨਾ ਮਿਲਣ 'ਤੇ ਥਾਣਾ ਸਰਾਭਾ ਨਗਰ ਦੀ ਪੁਲਸ ਮੌਕੇ 'ਤੇ ਪਹੁੰਚ ਗਈ ਹੈ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਫ਼?ਲਹਾਲ ਇਹ ਮਾਮਲਾ ਹਸਪਤਾਲ ਪ੍ਰਬੰਧਨ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਰਿਹਾ ਹੈ

# ਵਾਤਾਵਰਨ ਨੂੰ ਖਰਾਬ ਕਰਨ 'ਚ ਕੋਈ ਕਸਰ ਨਹੀਂ ਛੱਡ ਰਹੇ ਮੈਰਿਜ ਪੈਲੇਸ, ਸੜਕਾਂ ਦੇ ਲੱਗੇ ਗੰਦਗੀ ਦੇ ਢੇਰ

**ਕੌਮੀ ਪਤ੍ਰਿਕਾ**

ਤਰਨਤਾਰਨ 23 ਦਸੰਬਰ। ਵਾਤਾਵਰਨ ਨੂੰ ਸਾਫ-ਸੁਥਰਾ ਅਤੇ ਹਰਿਆ-ਭਰਿਆ ਬਣਾਉਣ ਲਈ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤਹਿਤ ਵੱਖ-ਵੱਖ ਵਿਭਾਗਾਂ ਵੱਲੋਂ ਆਏ ਦਿਨ ਜਾਗਰੂਕਤਾ ਸਬੰਧੀ ਕੈਂਪ ਲਗਾਏ ਜਾ ਰਹੇ ਹਨ ਪ੍ਰੰਤੂ ਦੂਜੇ ਪਾਸੇ ਵਿਆਹ ਅਤੇ ਹੋਰ ਸਮਾਗਮਾਂ ਦੌਰਾਨ ਪੈਲਿਸਾਂ ਵਿਚ ਰੱਖੇ ਜਾਣ ਵਾਲੇ ਪ੍ਰੋਗਰਾਮਾਂ ਦੇ ਚੱਲਦਿਆਂ ਵੱਡੀ ਮਾਤਰਾ ਵਿਚ ਖਾਣ-ਪੀਣ ਅਤੇ ਡਿਸਪੋਜ਼ੇਬਲ ਦੀ ਸਾਰੀ ਵੇਸਟ ਨੂੰ ਸੜਕਾਂ ਕਿਨਾਰੇ ਸੁੱਟਣ ਵਾਲੇ ਕਈ ਮੈਰਿਜ ਪੈਲੇਸ ਮਾਲਕ ਵਾਤਾਵਰਨ ਨੂੰ ਗੰਦਾ ਕਰਨ 'ਚ ਕੋਈ ਕਸਰ ਨਹੀਂ ਛੱਡ ਰਹੇ ਹਨ। ਇਸ ਫੈਲ ਰਹੀ ਗੰਦਗੀ ਨੂੰ ਰੋਕਣ ਦੇ ਮੱਕਸਦ ਨਾਲ ਸਥਾਨਕ ਨਗਰ ਕੌਂਸਲ ਦੇ ਪ੍ਰਬੰਧਕਾਂ ਵੱਲੋਂ ਮੈਰਿਜ ਪੈਲੇਸ ਮਾਲਕਾਂ ਅਤੇ ਉਨ੍ਹਾਂ ਦੇ ਮੈਨੇਜਰਾਂ ਨਾਲ ਵਿਸ਼ੇਸ਼ ਮੀਟਿੰਗ ਕਰਦੇ ਹੋਏ ਜਿੱਥੇ ਭਵਿੱਖ 'ਚ ਅਜਿਹਾ ਨਾ ਕਰਨ ਦੀ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ, ਉਥੇ ਹੀ ਇਨ੍ਹਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਗਈ ਹੈ। ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਵੱਖ-ਵੱਖ ਮੈਰਿਜ ਪੈਲੇਸਾਂ, ਰਿਜੋਰਟ, ਫਾਰਮ ਹਾਊਸ, ਬੈਂਕੁਇਟ ਹਾਲ ਅਤੇ ਜੰਝ ਘਰਾਂ ਦੇ ਮਾਲਕਾਂ ਵੱਲੋਂ ਪ੍ਰੋਗਰਾਮ ਸਮਾਪਤ ਹੋਣ ਤੋਂ ਬਾਅਦ ਵੱਖ-ਵੱਖ ਕਿਸਮ ਦਾ ਕੂੜਾ, ਜਿਸ ਵਿਚ ਡਿਸਪੋਜ਼ੇਬਲ ਸਾਮਾਨ, ਬਚਿਆ ਖਾਣਾ, ਪਲਾਸਟਿਕ ਦੀਆਂ ਬੋਤਲਾਂ ਆਦਿ ਨੂੰ ਸੜਕਾਂ ਦੇ ਕਿਨਾਰੇ ਸੁੱਟ ਦਿੱਤਾ ਜਾਂਦਾ ਹੈ, ਜਿਸ ਨਾਲ ਜਿੱਥੇ ਵਾਤਾਵਰਨ ਖਰਾਬ ਹੋ ਰਿਹਾ ਹੈ, ਉਥੇ ਹੀ ਗੁਰੂ ਨਗਰੀ ਦੀ ਸੁੰਦਰਤਾ ਨੂੰ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਪੈਲਸ ਮਾਲਕਾਂ ਵੱਲੋਂ ਫੈਲਾਈ ਜਾ ਰਹੀ ਇਸ ਗੰਦਗੀ ਦੇ ਚੱਲਦਿਆਂ ਬੀਮਾਰੀਆਂ ਫੈਲਣ ਦਾ ਵੀ ਖਦਸ਼ਾ ਬਣ ਜਾਂਦਾ ਹੈ। ਸੈਂਕੜੇ ਲੋਕਾਂ ਦੀ ਇਕੱਤਰਤਾ ਕਰਦੇ ਹੋਏ ਕੀਤੇ ਜਾਣ ਵਾਲੇ ਵੱਖ-ਵੱਖ ਖੁਸ਼ੀਆਂ ਭਰੇ ਸਮਾਗਮਾਂ ਵਿਚ ਵੱਡੀ ਮਾਤਰਾ ਦੌਰਾਨ ਜਿੱਥੇ ਖਾਣੇ ਦੀ ਬਰਬਾਦੀ ਹੁੰਦੀ ਵੇਖੀ ਜਾ ਸਕਦੀ ਹੈ, ਉਥੇ ਹੀ ਸਮਾਗਮਾਂ ਵਿਚ ਬਚੇ ਹੋਏ ਵੇਸਟ ਨੂੰ ਆਪਣੇ ਪੈਲਸਾਂ ਦੇ ਨਜ਼ਦੀਕ ਸੜਕਾਂ ਕਿਨਾਰੇ ਸੁੱਟਦੇ ਹੋਏ ਅੱਗ ਲਗਾ ਦਿੱਤੀ ਜਾਂਦੀ ਹੈ, ਜਿਸ ਨਾਲ ਜੀਵ-ਜੰਤੂਆਂ ਅਤੇ ਰੁੱਖਾਂ ਨੂੰ ਜਿੱਥੇ ਵੱਡਾ ਨੁਕਸਾਨ ਪੁੱਜ ਰਿਹਾ ਹੈ, ਉਥੇ ਹੀ ਸੜਕਾਂ ਕਿਨਾਰੇ ਅੱਗ ਲੱਗਣ ਕਰਕੇ ਫੈਲਣ



ਵਾਲੇ ਜ਼ਹਿਰੀਲੇ ਧੂੰਏਂ ਕਰਕੇ ਸਾਰੀਆਂ ਬੀਮਾਰੀਆਂ ਅਤੇ ਸੜਕੀ ਹਾਦਸਿਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇਸ ਦੌਰਾਨ ਕਈ ਮੈਰਿਜ ਪੈਲਸ ਮਾਲਕਾਂ ਵੱਲੋਂ ਪ੍ਰੋਗਰਾਮ ਸਮਾਪਤ ਹੋਣ ਤੋਂ ਬਾਅਦ ਰਾਤ ਦੇ ਹਨੇਰੇ ਵਿਚ ਪੁਲ ਡਰੇਨ ਅੰਦਰ ਸੁੱਟ ਦਿੱਤਾ ਜਾਂਦਾ ਹੈ। ਇਸ ਫੈਲਾਈ ਜਾ ਰਹੀ ਗੰਦਗੀ ਦੇ ਚੱਲਦਿਆਂ ਵਾਤਾਵਰਨ ਨੂੰ ਵੱਡੇ ਪੱਧਰ ਉਪਰ ਨੁਕਸਾਨ ਪੁੱਜ ਰਿਹਾ ਹੈ। ਵਾਤਾਵਰਨ ਨੂੰ ਬਚਾਉਣ ਅਤੇ ਇਸਦੀ ਸ਼ੁੱਧਤਾ ਨੂੰ ਕਾਇਮ ਰੱਖਣ ਦੇ ਮੱਕਸਦ ਨਾਲ ਵੱਖ-ਵੱਖ ਵਿਭਾਗਾਂ ਅਤੇ ਵਾਤਾਵਰਨ ਪ੍ਰੇਮੀਆਂ ਨੂੰ ਅੱਗੇ ਆ ਕੇ ਅਜਿਹੇ ਵਿਅਕਤੀਆਂ ਨੂੰ ਜਿੱਥੇ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਥੇ ਹੀ ਪ੍ਰਸ਼ਾਸਨ ਨੂੰ ਵੀ ਆਪਣਾ ਪਹਿਲ ਦੇ ਆਧਾਰ ਉਪਰ ਫਰਜ਼ ਨਿਭਾਉਣਾ ਚਾਹੀਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਗਰ ਕੌਂਸਲ ਤਰਨਤਾਰਨ ਦੇ ਸੈਨਟਰੀ ਇੰਸਪੈਕਟਰ ਸੰਕਲਪ ਅਤੇ ਸੁਪਰਡੈਂਟ ਸੈਨੀਟੇਸ਼ਨ ਬਲਜਿੰਦਰ ਸਿੰਘ ਨੇ ਸਾਂਝੇ ਤੌਰ ਉਪਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਾਤਾਵਰਨ ਨੂੰ ਖਰਾਬ ਹੋਣ ਤੋਂ ਬਚਾਉਣ ਅਤੇ ਗੰਦਗੀ ਫੈਲਾਉਣ ਤੋਂ ਰੋਕਣ ਦੇ ਮਕਸਦ ਨਾਲ ਨਗਰ ਕੌਂਸਲ ਅਧੀਨ ਆਉਂਦੇ ਕਰੀਬ ਇਕ ਦਰਜਨ ਮੈਰਿਜ ਪੈਲਸ ਮਾਲਕਾਂ ਅਤੇ ਉਨ੍ਹਾਂ ਦੇ ਮੈਨੇਜਰਾਂ ਨਾਲ ਮੀਟਿੰਗ ਕਰਦੇ ਹੋਏ ਸਖ਼ਤ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਦੀ ਬਣਦੀ ਫੀਸ ਮੈਰਿਜ ਪੈਲਸ ਮਾਲਕਾਂ ਨੂੰ ਵੇਸਟ ਨੂੰ ਸੰਭਾਲਣ ਲਈ ਅਦਾ ਕਰਨੀ ਹੋਵੇਗੀ। ਅਜਿਹਾ ਨਾ ਕਰਨ ਵਾਲੇ ਮੈਰਿਜ ਪੈਲਸ ਮਾਲਕਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਦੇ ਹੋਏ ਚਲਾਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀ ਇਕ ਮੈਰਿਜ ਪੈਲਸ ਮਾਲਕ ਵੱਲੋਂ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਸੁੱਟੇ ਜਾਣ ਵਾਲੇ ਕੂੜੇ ਸਮੇਤ ਟਰਾਲੀ ਨੂੰ ਬਰਾਮਦ ਕੀਤਾ ਗਿਆ ਸੀ, ਜਿਸ ਦੇ ਚੱਲਦਿਆਂ ਉਸਦਾ ਚਲਾਨ ਵੀ ਕਰ ਦਿੱਤਾ ਗਿਆ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਚੋਰਾਂ ਦੇ ਨਿਸ਼ਾਨੇ ’ਤੇ ਗਾਂਧੀ ਨਗਰ ਮਾਰਕੀਟ: ਫਿਰ 3 ਦੁਕਾਨਾਂ ਦੇ ਟੁੱਟੇ ਜਿੰਦੇ, ਲੱਖਾਂ ਦਾ ਕੈਸ਼ ਤੇ ਕੱਪੜਾ ਚੋਰੀ

ਕੌਮੀ ਪਤ੍ਰਿਕਾ

ਲੁਧਿਆਣਾ 23 ਦਸੰਬਰ। ਸਰਦੀਆਂ ਦੀ ਦਸਤਕ ਸ਼ੁਰੂ ਹੁੰਦੇ ਹੀ ਚੋਰਾਂ ਨੇ ਵੀ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਦਿਨਾਂ ’ਚ ਪੰਜਾਬ ਦੀ ਸਭ ਤੋਂ ਰੈਡੀਮੇਡ ਕੱਪੜਿਆਂ ਦੀ ਹੋਲਸੇਲ ਮਾਰਕੀਟ ਗਾਂਧੀ ਨਗਰ ਦੀਆਂ ਦੁਕਾਨਾਂ ਚੋਰਾਂ ਦੇ ਨਿਸ਼ਾਨੇ ’ਤੇ ਹਨ। ਚੋਰ ਗਾਂਧੀ ਨਗਰ ਦੀਆਂ ਕਈ ਦੁਕਾਨਾਂ ਨੂੰ ਨਿਸ਼ਾਨਾ ਬਣਾ ਚੁੱਕੇ ਹਨ। ਇਸੇ ਤਰ੍ਹਾਂ ਤੜਕੇ ਫਿਰ ਚੋਰਾਂ ਨੇ ਗਾਂਧੀ ਨਗਰ ਦੀ ਗਲੀ ਨੰ. 2 ਵਿਚ 3 ਦੁਕਾਨਾਂ ’ਤੇ ਹੱਥ ਸਾਫ ਕੀਤਾ। ਚੋਰ ਜਿੰਦੇ ਤੋੜ ਕੇ ਦੁਕਾਨਾਂ ਦੇ ਅੰਦਰ ਦਾਖਲ ਹੋਏ ਅਤੇ ਕੈਸ਼, ਮੋਬਾਈਲ ਅਤੇ ਕੁਝ ਕੱਪੜੇ ਚੋਰੀ ਕਰ ਕੇ ਲੈ ਗਏ। ਸਵੇਰੇ ਘਟਨਾ ਦਾ ਪਤਾ ਲੱਗਣ ’ਤੇ ਸੂਚਨਾ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਥਾਣਾ ਡਵੀਜ਼ਨ ਨੰ. 4 ਦੀ ਪੁਲਸ ਮੌਕੇ ’ਤੇ ਪੁੱਜੀ। ਪੁਲਸ ਨੂੰ ਇਕ ਸੀ. ਸੀ. ਟੀ. ਵੀ. ਕੈਮਰੇ ਦੀ ਫੁਟੇਜ ਮਿਲੀ ਹੈ, ਜਿਸ ਵਿਚ 3 ਨੌਜਵਾਨ ਨਜ਼ਰ ਆ ਰਹੇ ਹਨ। ਹਾਲ ਦੀ ਘੜੀ ਪੁਲਸ ਨੇ ਫੁਟੇਜ ਕਬਜ਼ੇ ’ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਗਾਂਧੀ ਨਗਰ ਮਾਰਕੀਟ ਦੀ ਗਲੀ ਨੰ. 2 ਵਿਚ ਐੱਸ. ਐੱਸ. ਸਪੋਰਟਸ ਨਾਂ ਨਾਲ ਰੈਡੀਮੇਡ ਦੀ ਦੁਕਾਨ ਹੈ। ਉਸ ਦੇ ਨਾਲ ਹੀ ਕੇਸ਼ਵ ਜੀ ਅਤੇ ਸ਼?ਰੀਜੀ ਹਨ ਜਿਥੇ ਰੈਡੀਮੇਡ ਕੱਪੜੇ ਵਿਕਦੇ ਹਨ। ਤੜਕੇ ਕਰੀਬ 3 ਵਜੇ 3 ਨੌਜਵਾਨ ਆਏ, ਜਿਨ੍ਹਾਂ ਨੇ 1-1 ਕਰ ਕੇ ਤਿੰਨੋਂ ਦੁਕਾਨਾਂ ਦੇ ਜਿੰਦੇ ਤੋੜੇ ਅਤੇ ਅੰਦਰੋਂ ਸਾਮਾਨ ਚੋਰੀ ਕਰ ਲਿਆ। ਚੋਰਾਂ ਨੇ ਐੱਸ. ਐੱਸ. ਸਪੋਰਟ ਦੀ ਦੁਕਾਨ ਤੋਂ ਕਰੀਬ 2 ਲੱਖ ਰੁਪਏ ਚੋਰੀ ਕਰ ਲਏ। ਚੋਰ ਇਕ ਤੇਜ਼ਧਾਰ ਹਥਿਆਰ ਦੁਕਾਨ ’ਤੇ ਛੱਡ ਗਏ ਹਨ, ਜੋ ਪੁਲਸ ਨੇ ਕਬਜ਼ੇ ਵਿਚ ਲੈ ਲਿਆ ਹੈ। ਇਸ ਦੇ ਨਾਲ ਹੀ ਕੇਸ਼ਵ ਜੀ ਦੀ ਦੁਕਾਨ ਤੋਂ ਕੁਝ ਕੈਸ਼, 3 ਆਈ.ਫ਼ੋਨ ਅਤੇ ਹੋਰ ਸਾਮਾਨ ਚੋਰੀ ਕੀਤਾ ਹੈ। ਇਸੇ ਤਰ੍ਹਾਂ



ਤੀਜੀ ਦੁਕਾਨ ਤੋਂ ਕੁਝ ਕੈਸ਼ ਅਤੇ ਰੈਡੀਮੇਡ ਕੱਪੜੇ ਚੋਰੀ ਕਰ ਲਏ। ਤਿੰਨਾਂ ਦੀਆਂ ਹਰਕਤਾਂ ਗਲੀ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿਚ ਕੈਦ ਹੋ ਗਈਆਂ ਹਨ। ਇਥੇ ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਗਾਂਧੀ ਨਗਰ ਮਾਰਕੀਟ ’ਚ ਸਥਿਤ ਗਣੇਸ਼ ਮਾਰਕੀਟ ਵਿਚ ਵੀ ਚੋਰਾਂ ਨੇ ਇਕ ਦੁਕਾਨ ਤੋਂ ਕਰੀਬ ਡੇਢ ਲੱਖ ਰੁਪਏ ਚੋਰੀ ਕਰ ਲਏ ਸਨ। ਇਸ ਦੇ ਨਾਲ ਹੀ ਗਲੀ ਨੰ. 16 ਵਿਚ ਇਕ ਦੁਕਾਨ ਤੋਂ ਕਰੀਬ ਡੇਢ ਲੱਖ ਰੁਪਏ ਚੋਰੀ ਕੀਤੇ ਸਨ। ਚੋਰਾਂ ਨੂੰ ਇਹ ਪਤਾ ਹੈ ਕਿ ਸਰਦੀਆਂ ਦਾ ਸੀਜ਼ਨ ਚੱਲ ਰਿਹਾ ਹੈ। ਦੁਕਾਨਦਾਰਾਂ ਕੋਲ ਕੈਸ਼ ਹੁੰਦਾ ਹੈ। ਰਾਤ ਲੇਟ ਹੋਣ ਕਾਰਨ ਉਹ ਘਰ ਕੈਸ਼ ਨਹੀਂ ਲੈ ਕੇ ਜਾਂਦੇ ਅਤੇ ਦੁਕਾਨ ਵਿਚ ਹੀ ਕੈਸ਼ ਰੱਖ ਦਿੰਦੇ ਹਨ। ਅਜਿਹੇ ਵਿਚ ਚੋਰ ਵੀ ਤਕਰੀਬਨ ਉਨ੍ਹਾਂ ਦੀ ਦੁਕਾਨਾਂ ਨੂੰ ਟਾਰਗੈੱਟ ਕਰਦੇ ਹਨ, ਜਿਥੇ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੋਵੇ ਕਿ ਦੁਕਾਨ ਦੇ ਅੰਦਰ ਉਨ੍ਹਾਂ ਨੂੰ ਕੈਸ਼ ਮਿਲੇਗਾ। ਸੀ. ਸੀ. ਟੀ. ਵੀ. ਫੁਟੇਜ ਤੜਕੇ ਕਰੀਬ 3 ਵਜੇ ਦੀ ਹੈ, ਜਿਸ ਵਿਚ 3 ਨੌਜਵਾਨ ਨਜ਼ਰ ਆ ਰਹੇ ਹਨ ਅਤੇ ਤਿੰਨੋਂ ਹੀ ਛੋਟੀ ਉਮਰ ਦੇ ਲੱਗ ਰਹੇ ਹਨ, ਜਿਸ ’ਚੋਂ ਇਕ ਨੌਜਵਾਨ ਗਲੀ ਦੇ ਕੋਨੇ ’ਚ ਖੜ੍ਹਾ ਹੋ ਕੇ ਨਜ਼ਰ ਰੱਖ ਰਿਹਾ ਸੀ, ਜਦੋਂਕਿ ਬਾਕੀ 2 ਨੌਜਵਾਨ ਜਿੰਦੇ ਤੋੜ ਰਹੇ ਸਨ। ਮੁਲਜ਼ਮਾਂ ਨੇ ਆਪਣੇ ਚਿਹਰੇ ’ਤੇ ਮਫਲਰ ਬੰਨ੍ਹ ਰੱਖੇ ਹਨ, ਤਾਂ ਕਿ ਉਨ੍ਹਾਂ ਦੀ ਪਛਾਣ ਨਾ ਹੋ ਸਕੇ। ਫੁਟੇਜ ਦੇਖਣ ਤੋਂ ਇਹ ਵੀ ਪਤਾ ਲਗਦਾ ਹੈ ਕਿ ਕੁਝ ਦਿਨ ਪਹਿਲਾਂ ਹੋਈਆਂ ਚੋਰੀਆਂ ਵੀ ਇਨ੍ਹਾਂ ਹੀ ਨੌਜਵਾਨਾਂ ਨੇ ਕੀਤੀਆਂ ਹਨ। ਪੁਲਸ ਅਜੇ ਇਸ ਦੀ ਜਾਂਚ ਕਰ ਰਹੀ ਹੈ।

## ਡਿਜੀਟਲ ਅਰੈਸਟ ਕਰਕੇ 85 ਲੱਖ ਦੀ ਠੱਗੀ ਕਰਨ ਵਾਲੇ ਨੌਜਵਾਨ ਇੰਦੌਰ ਤੋਂ ਕਾਬੂ

ਚੰਡੀਗੜ੍ਹ 23 ਦਸੰਬਰ। ਮਨੀ ਲਾਂਡਰਿੰਗ ਕੇਸ ’ਚ ਫਸਾਉਣ ਦੀ ਧਮਕੀ ਦੇ ਕੇ ਵਿਅਕਤੀ ਨੂੰ ਡਿਜੀਟਲ ਅਰੈਸਟ ਕਰ 85 ਲੱਖ ਦੀ ਠੱਗੀ ਕਰਨ ਵਾਲੇ ਮੁਲਜ਼ਮ ਨੂੰ ਸਾਈਬਰ ਸੈੱਲ ਨੇ ਇੰਦੌਰ ਤੋਂ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਇੰਦੌਰ ਵਾਸੀ ਅੰਕਿਤ ਗੁਪਤਾ ਵਜੋਂ ਹੋਈ ਹੈ। ਸ਼ਿਕਾਇਤਕਰਤਾ ਵਿਅਕਤੀ ਨੂੰ ਲਗਾਤਾਰ ਅਣਪਛਾਤੇ ਨੰਬਰਾਂ ਤੋਂ ਫ਼ੋਨ ਕਾਲਾਂ ਆਈਆਂ। ਕਾਲ ਕਰਨ ਵਾਲਿਆਂ ਨੇ ਖ਼ੁਦ ਨੂੰ ਟਰਾਈ, ਆਈ. ਸੀ. ਆਈ. ਸੀ. ਆਈ. ਬੈਂਕ ਤੇ ਵਿਜੀਲੈਂਸ ਅਧਿਕਾਰੀ ਦੱਸ ਕੇ ਗੱਲ ਕੀਤੀ। ਮੁਲਜ਼ਮਾਂ ਨੇ ਫਰਜ਼ੀ ਮਨੀ ਲਾਂਡਰਿੰਗ ਕੇਸ ’ਚ ਫਸਾਉਣ ਤੇ ਡਿਜੀਟਲ ਅਰੈਸਟ ਦੀ ਧਮਕੀ ਦਿੱਤੀ। ਡਰ ਤੇ ਧੋਖਾਧੜੀ ਕਾਰਨ ਸ਼ਿਕਾਇਤਕਰਤਾ ਨੇ ਮੁਲਜ਼ਮਾਂ ਵੱਲੋਂ ਦੱਸੇ ਵੱਖ-ਵੱਖ ਬੈਂਕ ਖ਼ਾਤਿਆਂ ’ਚ ਕਈ ਵਾਰ ਪੈਸੇ ਟਰਾਂਸਫਰ ਕੀਤੇ। ਇਸ ਤਰ੍ਹਾਂ ਕੁੱਲ 85 ਲੱਖ ਰੁਪਏ ਦੀ ਠੱਗੀ ਕੀਤੀ ਗਈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਠੱਗੀ ਦੀ ਰਕਮ ’ਚੋਂ 39 ਲੱਖ ਤੇ 11 ਲੱਖ ਰੁਪਏ ਬੈਂਕ ਆਫ਼ ਬੜੌਦਾ ਦੇ ਖਾਤੇ ’ਚ ਜਮ?ਹਾਂ ਹੋਏ ਸਨ। ਇਹ ਖ਼ਾਤਾ ਮੁਲਜ਼ਮ ਅੰਕਿਤ ਗੁਪਤਾ ਦੇ ਨਾਮ ’ਤੇ ਪਾਇਆ ਗਿਆ। ਸਾਈਬਰ ਕ੍ਰਾਈਮ ਪੁਲਸ ਟੀਮ ਨੇ ਸਥਾਨਕ ਪੁਲਸ ਦੀ ਸਹਾਇਤਾ ਨਾਲ ਇੰਦੌਰ ’ਚ ਛਾਪਾ ਮਾਰ ਕੇ ਮੁਲਜ਼ਮ ਅੰਕਿਤ ਗੁਪਤਾ ਨੂੰ ਉੱਜੈਨ ਰੋਡ ਖੇਤਰ ਤੋਂ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਕੋਲੋਂ ਬੈਂਕ ਆਫ਼ ਬੜੌਦਾ ਖਾਤੇ ਦੀ ਚੈੱਕਬੁੱਕ ਜ਼ਬਤ ਹੋਈ।

## ‘ਯੁੱਧ ਨਸ਼ਿਆਂ ਵਿਰੁੱਧ’: ਮੁਹੱਲਾ ਮੰਡੀ ਰੋਡ ਜਲੰਧਰ ਵਿਖੇ ਨਸ਼ਾ ਤਸਕਰ ਖਿਲਾਫ ਕਾਰਵਾਈ

ਜਲੰਧਰ 23 ਦਸੰਬਰ। ਪੰਜਾਬ ਸਰਕਾਰ ਦੀ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ “ਯੁੱਧ ਨਸ਼ਿਆਂ ਵਿਰੁੱਧ”ਤਹਿਤ ਅੱਜ ਜਲੰਧਰ ਵਿੱਚ ਇੱਕ ਹੋਰ ਫੈਸਲਾਕੁੰਨ ਕਾਰਵਾਈ ਕੀਤੀ ਗਈ। ਜਲੰਧਰ ਨਗਰ ਨਿਗਮ ਨੇ ਜਲੰਧਰ ਕਮਿਸ਼ਨਰੇਟ ਪੁਲਸ ਦੇ ਮਜ਼ਬੂਤ ਸਹਿਯੋਗ ਨਾਲ, ਮੁਹੱਲਾ ਮੰਡੀ ਰੋਡ, ਜਲੰਧਰ ਵਿੱਚ ਇੱਕ ਬਦਨਾਮ ਨਸ਼ਾ ਤਸਕਰ ਨਾਲ ਸਬੰਧਤ ਇੱਕ ਗੈਰ-ਕਾਨੂੰਨੀ ਢਾਂਚਾ ਢਾਹ ਦਿੱਤਾ। ਪੁਲਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ ਨੇ ਕਿਹਾ ਕਿ ਇਹ ਕਾਰਵਾਈ ਨਗਰ ਨਿਗਮ ਅਤੇ ਜਲੰਧਰ ਕਮਿਸ਼ਨਰੇਟ ਪੁਲਸ ਦੁਆਰਾ ਸਾਂਝੇ ਤੌਰ ’ਤੇ ਕੀਤੀ ਗਈ ਸੀ। ਏ.ਡੀ.ਸੀ.ਪੀ-1 ਅਤੇ ਏ.ਸੀ.ਪੀ ਉੱਤਰੀ ਨੇ ਨਿੱਜੀ ਤੌਰ ’ਤੇ ਕਾਰਵਾਈ ਦੀ ਨਿਗਰਾਨੀ ਕੀਤੀ। ਇਹ ਗੈਰ-ਕਾਨੂੰਨੀ ਉਸਾਰੀ ਰੋਹਿਤ ਟੰਡਨ ਉਰਫ਼ ਨਿਤਿਨ ਟੰਡਨ ਪੁੱਤਰ ਰੋਹਿਤ ਟੰਡਨ ਦੀ ਸੀ, ਜੋ ਕਿ ਜਲੰਧਰ ਕਮਿਸ਼ਨਰੇਟ ਦੇ ਥਾਣਾ ਡਿਵੀਜ਼ਨ ਨੰਬਰ 3 ਦੇ ਅਧਿਕਾਰ ਖੇਤਰ ਦਾ ਸੀ। ਰੋਹਿਤ ਉਰਫ਼ ਨਿਤਿਨ ਟੰਡਨ ਇੱਕ ਬਦਨਾਮ ਨਸ਼ਾ ਤਸਕਰ ਹੈ, ਜਿਸ ’ਤੇ ਪਹਿਲਾਂ ਹੀ ਐਨਡੀਪੀਐਸ ਐਕਟ, ਐਕਸਾਈਜ਼ ਐਕਟ ਅਤੇ ਜੂਆ ਐਕਟ ਦੇ ਸੱਤ ਮਾਮਲੇ ਦਰਜ ਹਨ। ਜਲੰਧਰ ਪੁਲਸ ਨੇ ਮੁੜ ਪੁਸ਼ਟੀ ਕੀਤੀ ਕਿ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਆਉਣ ਵਾਲੇ ਦਿਨਾਂ ਵਿੱਚ ਅਜਿਹੀਆਂ ਸਖ਼ਤ ਕਾਰਵਾਈਆਂ ਜਾਰੀ ਰਹਿਣਗੀਆਂ। ਜਲੰਧਰ ਕਮਿਸ਼ਨਰੇਟ ਪੁਲਸ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਦੁਆਰਾ ਜਾਰੀ ਕੀਤੇ ਗਏ ਵਟਸਐਪ ਨੰਬਰ 9779-100-200 ਰਾਹੀਂ ਨਸ਼ਿਆਂ ਦੀ ਤਸਕਰੀ ਜਾਂ ਗੈਰ-ਕਾਨੂੰਨੀ ਨਸ਼ਿਆਂ ਦੀਆਂ ਗਤੀਵਿਧੀਆਂ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਕਰਨ। ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Sumame Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Sumame Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਵਫ਼ਦ ਪੰਜਾਬ ਵਿਧਾਨ ਸਭਾ ਦੇ ਸਪੀਕਰ ਸੰਧਵਾਂ ਨੂੰ ਮਿਲਿਆ

ਜੈਤੋਂ,23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੀਆਂ ਗਰੀਬ ਬਸਤੀਆਂ 'ਚ ਆਮ ਜਨਤਾ ਨੂੰ 24 ਘੰਟੇ ਨਿਰਵਿਘਨ ਮੁਢੱਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਤਜਰਬੇਕਾਰ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਦੇਣ ਦੀ ਚਿਰੋਕਣੀ ਲਟਕਦੀ ਆ ਰਹੀ ਮੰਗ ਨੂੰ ਲੈ ਕੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. ਨੰ: 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਦੀ ਅਗਵਾਈ ਹੇਠ ਇੱਕ ਵਫ਼ਦ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਨੂੰ ਉਹਨਾਂ ਦੇ ਗ੍ਰਹਿ ਵਿਖੇ ਮਿਲਿਆ।

ਇਸ ਮੌਕੇ ਫ਼ਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਡਾ. ਅੰਮ੍ਰਿਤਵੀਰ ਸਿੱਧੂ ਦੇ ਯਤਨਾਂ ਸਦਕਾ ਐਸੋਸੀਏਸ਼ਨ ਦੀ ਸੂਬਾਈ ਟੀਮ ਜਿਸ 'ਚ ਸੂਬਾ ਸੀਨੀਅਰ ਵਾਇਸ ਪ੍ਰਧਾਨ ਡਾ. ਜਸਵਿੰਦਰ ਸਿੰਘ ਖੀਵਾ, ਚੇਅਰਮੈਨ ਡਾ. ਐਚ.ਐਸ. ਰਾਣੂ , ਸਲਾਹਕਾਰ ਡਾ. ਜਰਨੈਲ ਸਿੰਘ ਡੋਡ, ਡਾ. ਜਲੰਧਰ ਸਿੰਘ ਅਤੇ ਜ਼ਿਲ੍ਹਾ ਅਤੇ ਬਲਾਕ ਆਗੂ ਵੀ ਸ਼ਾਮਿਲ ਸਨ ਨੇ ਸਪੀਕਰ ਸਾਹਿਬ ਨੂੰ ਯਾਦ ਕਰਵਾਇਆ ਕਿ ਉਹਨਾਂ ਦੇ ਸੁਹਿਰਦ ਯਤਨਾਂ ਸਦਕਾ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਸਬੰਧੀ 26 ਨਵੰਬਰ 2024 ਨੂੰ ਪੰਜਾਬ ਸਕੱਤਰੇਤ ਚੰਡੀਗੜ੍ਹ ਵਿਖੇ ਮਾਨਯੋਗ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੀ ਅਗਵਾਈ ਹੇਠ ਸੂਬਾ ਕਮੇਟੀ ਦੀ ਲੀਡਰਸ਼ਿਪ ਨਾਲ ਪੈਨਲ ਮੀਟਿੰਗ ਹੋਈ ਸੀ। ਜਿਸ 'ਚ ਸਿਹਤ ਵਿਭਾਗ ਦੇ ਡਾਇਰੈਕਟਰ , ਸਿਹਤ ਸਕੱਤਰ ਅਤੇ ਆਹਲਾ ਅਧਿਕਾਰੀ ਵੀ ਸ਼ਾਮਿਲ ਸਨ।



ਅਣ-ਰਜਿਸਟਰਡ ਤਜ਼ਰਬੇਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਮਾਨਤਾ ਸਬੰਧੀ ਕਾਫ਼ੀ ਵਿਚਾਰ ਵਟਾਂਦਰਾ ਕਰਨ ਉਪਰੰਤ ਸਿਹਤ ਮੰਤਰੀ ਵੱਲੋਂ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਜਲਦੀ ਸ਼ਾਰਟ ਟਰਮ ਟ੍ਰੇਨਿੰਗ ਕੋਰਸ ਸ਼ੁਰੂ ਕਰਵਾਉਣ ਦੇ ਨਿਰਦੇਸ਼ ਦਿੰਦਿਆਂ ਮਸਲੇ ਦਾ ਜਲਦੀ ਹੱਲ ਕਰਨ ਦਾ ਵਾਅਦਾ ਵੀ ਕੀਤਾ ਗਿਆ ਸੀ । ਪ੍ਰੰਤੂ ਇੱਕ ਸਾਲ ਬੀਤਣ ਦੇ ਬਾਵਜੂਦ ਵੀ ਇਸ ਮਸਲੇ ਨੂੰ ਕਾਨੂੰਨੀ ਨੁਕਤਾ ਨਿਗਾਹ ਤੋਂ ਦੇਖਦਿਆਂ ਕਾਨੂੰਨੀ ਸਲਾਹਾਂ ਲਈਆਂ ਜਾ ਰਹੀਆਂ ਹਨ, ਜਦੋਂ ਕਿ ਅਸਲੋਂ ਇੱਕ ਗੰਭੀਰ ਅਤੇ ਸਮਾਜਿਕ ਮਸਲਾ ਹੈ। ਜਿਸ ਦਾ ਲੋਕ ਹਿਤਾਂ ਨੂੰ ਧਿਆਨ 'ਚ ਰੱਖਦਿਆਂ ਕੋਈ ਸਥਾਈ ਹੱਲ ਕੱਢਣਾ ਚਾਹੀਦਾ ਹੈ । ਮਾਨਯੋਗ ਸਪੀਕਰ ਸਾਹਿਬ ਸੰਧਵਾਂ ਵੱਲੋਂ ਮਸਲੇ ਨੂੰ ਧਿਆਨ ਨਾਲ ਸੁਣਦਿਆਂ ਕਿਹਾ ਕਿ ਮੈਂ ਐਸੋਸੀਏਸ਼ਨ ਦੇ ਇਸ ਮਸਲੇ ਨੂੰ ਬਿਲਕੁਲ ਵਾਜਬ ਸਮਝਦਾ ਹਾਂ ਤੇ ਯਕੀਨਨ ਸਰਕਾਰ ਵੱਲੋਂ ਇਸ ਦਾ ਹੱਲ ਕਰਨਾ ਚਾਹੁੰਦੇ ਹਾਂ।

ਉਹਨਾਂ ਉਸੇ ਸਮੇਂ ਮਾਨਯੋਗ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ ਫ਼ੋਨ ਤੇ ਰਾਬਤਾ ਕਰਕੇ ਜੱਥੇਬੰਦੀ ਨਾਲ ਵੀ ਗੱਲਬਾਤ ਕਰਵਾਈ ਅਤੇ ਵਾਅਦਾ ਕੀਤਾ ਕਿ ਸਰਕਾਰ ਵੱਲੋਂ ਜਲਦੀ ਹੀ ਸ਼ਾਰਟ ਟਰਮ ਕੋਰਸ ਸ਼ੁਰੂ ਕਰਕੇ ਮਸਲੇ ਦਾ ਕੋਈ ਠੋਸ ਹੱਲ ਕਰਨ ਦਾ ਜਲਦੀ ਹੀ ਯਤਨ ਕੀਤਾ ਜਾਵੇਗਾ। ਇਸ ਦੌਰਾਨ ਉਹਨਾਂ ਕਾਨੂੰਨੀ ਮਾਹਿਰਾਂ ਨਾਲ ਵੀ ਫੋਨ ਰਾਹੀਂ ਇਸ ਸਮਾਜਿਕ ਅਤੇ ਅਤਿ ਗੰਭੀਰ ਮਸਲੇ 'ਤੇ ਗੱਲਬਾਤ ਕੀਤੀ। ਐਸੋਸੀਏਸ਼ਨ ਵੱਲੋਂ ਸੰਧਵਾਂ ਸਾਹਿਬ ਦਾ ਵਫ਼ਦ ਦੀ ਗੱਲ ਸੁਖਾਵੇਂ ਮਾਹੌਲ 'ਚ ਅਤੇ ਸੁਹਿਰਦਤਾ ਨਾਲ ਸੁਣਨ ਅਤੇ ਹੱਲ ਦਾ ਭਰੋਸਾ ਦੇਣ ਲਈ ਤਹਿ ਦਿਲੋਂ ਧੰਨਵਾਦ ਵੀ ਕੀਤਾ।

ਇਸ ਮੌਕੇ ਮਾਨਯੋਗ ਪ੍ਰਧਾਨ ਮੰਤਰੀ ਭਾਰਤ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਲ ਮੰਗਾਂ ਨਾਲ ਸਬੰਧਤ ਦਸਤਾਵੇਜਾਂ ਦੀ ਫਾਇਲ ਵੀ ਉਹਨਾਂ ਨੂੰ ਸੌਂਪੀ ਗਈ।

ਵਫ਼ਦ 'ਚ ਸੀਨੀਅਰ ਆਗੂ ਡਾ. ਗੁਰਪਾਲ ਸਿੰਘ ਮੌੜ, ਡਾ. ਗੋਪਾਲ ਕਟਾਰੀਆ, ਜ਼ਿਲ੍ਹਾ ਕੈਸ਼ੀਅਰ ਡਾ. ਜਗਸੀਰ ਸਿੰਘ ਕੋਟਕਪੂਰਾ, ਸੀਨੀਅਰ ਮੀਤ ਪ੍ਰਧਾਨ ਡਾ. ਬਲਵਿੰਦਰ ਸਿੰਘ ਜੈਤੋ , ਡਾ . ਹਰਪਾਲ ਸਿੰਘ ਡੇਲਿਆਂ ਵਾਲੀ, ਡਾ. ਸੁਖਜਿੰਦਰ ਸਿੰਘ ਹਰੀ ਨੌਂ, ਡਾ. ਸੁਖਚੈਨ ਸਿੰਘ ਸੰਧੂ, ਡਾ. ਜਸਵਿੰਦਰ ਸਿੰਘ ਗਿੱਲ, ਡਾ. ਰਾਜ ਸਿੰਘ, ਡਾ. ਵਰਿੰਦਰ ਸਿੰਘ ਡੋਡ, ਡਾ. ਅਮਰਜੀਤ ਸਿੰਘ ਲੰਭਵਾਲੀ, ਡਾ. ਬਲਦੇਵ ਸਿੰਘ, ਡਾ. ਵਿਕਰਮ ਚੋਹਾਨ, ਡਾ. ਮਨਪ੍ਰੀਤ ਸਿੰਘ, ਡਾ. ਸਰਾਜ ਖ਼ਾਨ, ਤੋਂ ਇਲਾਵਾ ਜ਼ਿਲ੍ਹੇ ਅਤੇ ,ਬਲਾਕਾਂ ਦੀ ਸਮੁੱਚੀ ਲੀਡਰਸ਼ਿਪ ਵੀ ਹਾਜ਼ਰ ਸੀ ।

# ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਸਕੀਮਾਂ ਤੋਂ ਪ੍ਰਭਾਵਿਤ ਲੋਕੀ ਹੋ ਰਹੇ ਹਨ ਪਾਰਟੀ ਵਿੱਚ ਸ਼ਾਮਿਲ : ਕੁਲਵੰਤ ਸਿੰਘ




ਮੁਹਾਲੀ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ 2 ਦਰਜਨ ਤੋਂ ਵੀ ਵੱਧ ਨੌਜਵਾਨਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਅਤੇ ਇਹਨਾਂ ਨੌਜਵਾਨਾਂ ਨੇ ਕੌਂਸਲਰ ਸਰਬਜੀਤ ਸਿੰਘ ਸਮਾਣਾ,ਗੁਰਪ੍ਰੀਤ ਬੈਂਸ ਜ਼ਿਲ੍ਹਾ ਯੂਥ ਪ੍ਰਧਾਨ, ਜਗਦੇਵ ਸ਼ਰਮਾ ਯੂਥ -ਹਲਕਾ ਪ੍ਰਧਾਨ ਮੋਹਾਲੀ, ਜਗਜੀਤ ਸਿੰਘ ਜੁਆਇੰਟ ਸੈਕਟਰੀ ਯੂਥ ਮੋਹਾਲੀ ਦੀ ਮੌਜੂਦਗੀ ਦੇ ਵਿੱਚ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ, ਜਿਨਾਂ ਦਾ ਸੈਕਟਰ- 79 ਵਿਖੇ ਸਥਿਤ ਆਮ ਆਦਮੀ ਪਾਰਟੀ ਦੇ ਦਫਤਰ ਵਿਖੇ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਹੋਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਵੱਖ-ਵੱਖ ਪਿੰਡਾਂ ਨਾਲ ਸੰਬੰਧਿਤ ਇਹਨਾਂ ਨੌਜਵਾਨਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਜੀ ਆਇਆ ਆਖਿਆ ਸੈਕਟਰ -79 ਸਥਿਤ ਆਮ ਆਦਮੀ ਪਾਰਟੀ ਦੇ ਦਫਤਰ ਵਿਖੇਦਮਨਪ੍ਰੀਤ ਸਿੰਘ ਸੁਖਗੜ, ਜਸਕੀਰਤ ਸਿੰਘ ਵੈਦਵਾਨ ਸੁਖਗੜ, ਕਰਮਨਜੀਤ ਸਿੰਘ ਦੁਰਾਲੀ , ਗੁਰਪ੍ਰੀਤ ਸਿੰਘ ਬੈਦਵਾਨ ਮੌਲੀ, ਬਲਜਿੰਦਰ ਸਿੰਘ, ਹਰਮਨਜੀਤ ਸਿੰਘ, ਰਵੀ ਸਿੰਘ ਤੰਗੋਰੀ ਮੋਹਾਲੀ, ਜੋਤਪ੍ਰੀਤ ਸਿੰਘ ਬੈਦਵਾਨ ਸੁਖਗੜ, ਅਮਰਪਾਲ ਸਿੰਘ ਬੈਦਵਾਨ ਸੁਖਗੜ, ਜਤਿੰਦਰ ਸਿੰਘ ਸੰਧੂ ਸੁਖਗੜ, ਪਰਵਿੰਦਰ ਸਿੰਘ ਰੰਗੀ ਪੋਪਨਾ ਮੋਹਾਲੀ, ਲਵਪ੍ਰੀਤ ਸਿੰਘ ਟਿਵਾਣਾ ਸੁਖਗੜ,ਕਰਨਵੀਰ ਸਿੰਘ ਰੰਗੀ ਬਕਰਪੁਰ, ਕਰਨਪ੍ਰੀਤ ਸਿੰਘ ਬੈਦਵਾਨ ਬਕਰਪੁਰ, ਨਵਜੋਤ ਸਿੰਘ ਬੈਦਵਾਨ ਸੋਹਾਨਾ, ਤੇਜਵੀਰ ਸਿੰਘ ਅੰਟਾਲ ਮਨੌਲੀ, ਬੰਟੀ ਸੁਖਗੜ, ਸ਼ਿਵਨਾਥ ਸਿੰਘ, ਯਾਦਵਿੰਦਰ ਬਰਾੜ, ਤੋਂ ਇਲਾਵਾ ਆਪ ਨੇਤਾ ਕੁਲਦੀਪ ਸਿੰਘ ਸਮਾਣਾ, ਜਸਪਾਲ ਸਿੰਘ ਮਟੌਰ, ਹਰਪਾਲ ਸਿੰਘ ਚੰਨਾ, ਰਜਿੰਦਰ ਪ੍ਰਸਾਦ ਸ਼ਰਮਾ, ਹਰਮੇਸ਼ ਸਿੰਘ ਕੁੰਬੜਾ,ਅਰੁਣ ਗੋਇਲ, ਅਕਵਿੰਦਰ ਸਿੰਘ ਗੋਸਲ, ਹਰਮੇਲ ਸਿੰਘ, ਹਰਵਿੰਦਰ ਸਿੰਘ ਸੈਣੀ, ਗੁਰਨਾਮ ਸਿੰਘ ਵੀ ਹਾਜ਼ਰ ਸਨ ।

# ਗਣਤੰਤਰ ਦਿਵਸ ਕੈਂਪ 2026 ਵਿੱਚ ਭਾਗ ਲੈਣਗੇ ਹਰਿਆਣਾ ਦੇ 37 ਐਨਸੀਸੀ ਕੈਡਿਟਸ



ਚੰਡੀਗੜ੍ਹ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੇਜਰ ਜਨਰਲ ਭਾਰਤ ਮੇਹਤਾਨੀ, ਐਡੀਸ਼ਨਲ ਡਾਇਰੈਕਟਰ ਜਨਰਲ, ਐਨਸੀਸੀ ਡਾਇਰੈਕਟੋਰੇਟ ਹਰਿਆਣਾ, ਨੇ ਹਰਿਆਣਾ ਦੇ ਮਾਣਯੋਗ ਰਾਜਪਾਲ, ਸ੍ਰੀ ਅਸੀਮ ਕੁਮਾਰ ਘੋਸ਼ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਗਣਤੰਤਰ ਦਿਵਸ ਕੈਂਪ (ਆਰਡੀਸੀ) 2026 ਵਿੱਚ ਹਿੱਸਾ ਲੈਣ ਲਈ ਚੁਣੇ ਗਏ ਹਰਿਆਣਾ ਦੇ 37 ਐਨਸੀਸੀ ਕੈਡਿਟਸ ਦੀਆਂ ਸ਼ਾਨਦਾਰ ਉਪਲਬਧੀਆਂ ਬਾਰੇ ਦੱਸਿਆ।

ਮਾਣਯੋਗ ਰਾਜਪਾਲ ਨੇ ਕੈਡਿਟਸ ਦੇ ਸਮਰਪਣ, ਅਨੁਸ਼ਾਸਨ ਅਤੇ ਰਾਸ਼ਟਰੀ ਪੱਧਰ 'ਤੇ ਉਤਕ੍ਰਿਸ਼ਟ ਪ੍ਰਦਰਸ਼ਨ ਲਈ ਸਰਾਹਾ। ਉਨ੍ਹਾਂ ਦੀਆਂ ਉਪਲਬਧੀਆਂ ਦੇ ਸਨਮਾਨ ਵਜੋਂ, ਉਨ੍ਹਾਂ ਨੇ ਗਣਤੰਤਰ ਦਿਵਸ ਕੈਂਪ (ਆਰਡੀਸੀ) 2026 ਦੇ ਸਮਾਪਨ ਤੋਂ ਬਾਅਦ ਰਾਜਭਵਨ ਵਿੱਚ 'ਐਟ ਹੋਮ' ਸਮਾਰੋਹ ਆਯੋਜਿਤ ਕਰਨ ਦੀ ਸਵੀਕ੍ਰਿਤੀ ਪ੍ਰਦਾਨ ਕੀਤੀ, ਜਿਸ ਵਿੱਚ ਕੈਡਿਟਸ ਨੂੰ ਸਨਮਾਨਿਤ ਕੀਤਾ ਜਾਵੇਗਾ।

ਇਹ ਸਮਾਰੋਹ ਨਾ ਸਿਰਫ਼ ਕੈਡਿਟਸ ਦੀ ਕਠੋਰ ਮਿਹਨਤ ਨੂੰ ਸਨਮਾਨਿਤ ਕਰੇਗਾ, ਬਲਕਿ ਨੌਜਵਾਨਾਂ ਨੂੰ ਰਾਸ਼ਟਰੀ ਕੈਡਿਟ ਕੋਰ ਨਾਲ ਜੁੜਨ ਅਤੇ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਯੋਗਦਾਨ ਦੇਣ ਲਈ ਪ੍ਰੇਰਿਤ ਵੀ ਕਰੇਗਾ।

# 5G ਦੇ ਨਾਂ 'ਤੇ ਜਨਤਾ ਨਾਲ ਧੋਖਾਧੜੀ: ਟੈਲੀਕਾਮ ਕੰਪਨੀਆਂ ਅਤੇ TRAI ਦੀ ਨਾਕਾਮੀ ਖ਼ਿਲਾਫ਼ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਉਠਾਈ ਆਵਾਜ਼

ਲੁਧਿਆਣਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੀਆਂ ਪ੍ਰਮੁੱਖ ਟੈਲੀਕਾਮ ਕੰਪਨੀਆਂ Jio, Airtel ਅਤੇ Vodafone Idea ਵੱਲੋਂ 57 ਸਮੇਤ ਮੋਬਾਇਲ ਇੰਟਰਨੈੱਟ ਸੇਵਾਵਾਂ ਦੇ ਨਾਂ 'ਤੇ ਦੇਸ਼ ਭਰ ਦੀ ਜਨਤਾ ਨਾਲ ਕੀਤੀ ਜਾ ਰਹੀ ਧੋਖਾਧੜੀ ਖ਼ਿਲਾਫ਼ Power To Save Human Rights ਨੇ ਸਖ਼ਤ ਰੁਖ ਅਖ਼ਤਿਆਰ ਕੀਤਾ ਹੈ। ਸੰਸਥਾ ਦੇ ਪ੍ਰਧਾਨ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਕਿਹਾ ਕਿ ਟੈਲੀਕਾਮ ਕੰਪਨੀਆਂ ਵੱਡੇ-ਵੱਡੇ ਵਿਗਿਆਪਨਾਂ ਰਾਹੀਂ 57 ਦੀ ਉੱਚ ਸਪੀਡ ਦਾ ਦਾਅਵਾ ਕਰ ਰਹੀਆਂ ਹਨ, ਪਰ ਹਕੀਕਤ ਵਿੱਚ ਗਾਹਕਾਂ ਨੂੰ ਨਾ ਤਾਂ ਵਾਅਦੇ ਮੁਤਾਬਕ ਸਪੀਡ ਮਿਲ ਰਹੀ ਹੈ ਅਤੇ ਨਾ ਹੀ ਸੇਵਾ ਦੀ ਗੁਣਵੱਤਾ।




ਇੰਜੀਨੀਅਰ ਭਾਰਜ ਨੇ ਦੱਸਿਆ ਕਿ ਬਿਨਾਂ ਪੂਰਾ ਨੈੱਟਵਰਕ ਢਾਂਚਾ ਤਿਆਰ ਕੀਤੇ ਹੀ ਇੱਕ-ਇੱਕ ਟਾਵਰ 'ਤੇ ਹੱਦ ਤੋਂ ਵੱਧ ਗਾਹਕ ਜੋੜ ਦਿੱਤੇ ਗਏ ਹਨ, ਜਿਸ ਕਾਰਨ ਇੰਟਰਨੈੱਟ ਸਪੀਡ ਬਹੁਤ ਘੱਟ ਹੋ ਜਾਂਦੀ ਹੈ। ਇਸਦੇ ਬਾਵਜੂਦ ਕੰਪਨੀਆਂ ਬੇਧੜਕ ਨਵੇਂ ਸਿਮ ਅਤੇ ਮਹਿੰਗੇ ਪਲਾਨ ਵੇਚ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਗਾਹਕ ਕਸਟਮਰ ਕੇਅਰ ਨਾਲ ਸੰਪਰਕ ਕਰਦੇ ਹਨ ਤਾਂ ਹਰ ਵਾਰ ਇੱਕੋ ਜਿਹਾ ਜਵਾਬ ਦਿੱਤਾ ਜਾਂਦਾ ਹੈ— ਇਲਾਕੇ ਵਿੱਚ ਕੰਮ ਚੱਲ ਰਿਹਾ ਹੈ ਜਾਂ ਇੱਕ ਸਮੇਂ ਜ਼ਿਆਦਾ ਯੂਜ਼ਰ ਹੋਣ ਕਰਕੇ ਸਪੀਡ ਘੱਟ ਹੈ। ਇਹੀ ਜਵਾਬ 27 ਤੋਂ ਲੈ ਕੇ 57 ਤੱਕ ਸਾਲਾਂ ਤੋਂ ਦਿੱਤਾ ਜਾ ਰਿਹਾ ਹੈ, ਜੋ ਸਪਸ਼ਟ ਤੌਰ 'ਤੇ ਗਾਹਕਾਂ ਨੂੰ ਗੁੰਮਰਾਹ ਕਰਨ ਦੇ ਬਰਾਬਰ ਹੈ।

Power To Save Human Rights ਨੇ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ (TRAI) ਦੀ ਕਾਰਗੁਜ਼ਾਰੀ 'ਤੇ ਵੀ ਗੰਭੀਰ ਸਵਾਲ ਖੜੇ ਕੀਤੇ ਹਨ।

ਸੰਸਥਾ ਦਾ ਕਹਿਣਾ ਹੈ ਕਿ TRAI ਵੱਲੋਂ ਇਹ ਜਾਂਚ ਨਹੀਂ ਕੀਤੀ ਜਾ ਰਹੀ ਕਿ ਕਿਸ ਕੰਪਨੀ ਕੋਲ ਕਿੰਨੀ ਨੈੱਟਵਰਕ ਸਮਰਥਾ ਹੈ ਅਤੇ ਕਿਸ ਖੇਤਰ ਵਿੱਚ ਕਿੰਨੇ ਗਾਹਕ ਜੋੜੇ ਜਾ ਸਕਦੇ ਹਨ।

ਇੰਜੀਨੀਅਰ ਭਾਰਜ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਇੰਟਰਨੈੱਟ ਸਿੱਖਿਆ, ਰੋਜ਼ਗਾਰ, ਵਪਾਰ ਅਤੇ ਜਾਣਕਾਰੀ ਦਾ ਅਹਿਮ ਸਾਧਨ ਹੈ।

ਘੱਟ ਗੁਣਵੱਤਾ ਵਾਲੀ ਸੇਵਾ ਦੇ ਕੇ ਮਹਿੰਗੀ ਰਕਮ ਵਸੂਲਣਾ ਉਪਭੋਗਤਾ ਅਧਿਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਇਸ ਮਾਮਲੇ 'ਚ ਸੰਸਥਾ ਵੱਲੋਂ ਭਾਰਤ ਸਰਕਾਰ ਤੋਂ ਹੇਠ ਲਿਖੀਆਂ ਮੰਗਾਂ ਕੀਤੀਆਂ ਗਈਆਂ ਹਨ:

ਹਰ ਟੈਲੀਕਾਮ ਕੰਪਨੀ ਲਈ ਖੇਤਰਵਾਰ ਵੱਧ ਤੋਂ ਵੱਧ ਗਾਹਕ ਸੀਮਾ ਨਿਰਧਾਰਤ ਕੀਤੀ ਜਾਵੇ।

ਪੂਰਾ ਟਾਵਰ ਅਤੇ ਨੈੱਟਵਰਕ ਢਾਂਚਾ ਤਿਆਰ ਹੋਣ ਤੱਕ ਨਵੇਂ ਸਿਮ ਅਤੇ ਪਲਾਨ ਵੇਚਣ 'ਤੇ ਪਾਬੰਦੀ ਲਗਾਈ ਜਾਵੇ।

57 ਲਈ ਘੱਟੋ-ਘੱਟ ਕਾਨੂੰਨੀ ਮਿਆਰੀ ਸਪੀਡ ਤੈਅ ਕੀਤੀ ਜਾਵੇ।

ਭ੍ਰਮਿਤ ਵਿਗਿਆਪਨ ਕਰਨ ਵਾਲੀਆਂ ਕੰਪਨੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।

TRAI ਦੀ ਸੁਤੰਤਰ ਜਾਂਚ ਕਰਵਾਈ ਜਾਵੇ।

ਸੰਸਥਾ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਵੱਲੋਂ ਤੁਰੰਤ ਅਤੇ ਠੋਸ ਕਾਰਵਾਈ ਨਹੀਂ ਕੀਤੀ ਗਈ, ਤਾਂ ਜਨਹਿੱਤ ਵਿੱਚ ਉੱਚ ਅਦਾਲਤ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ ਜਾਵੇਗਾ।

# ਬੂਥਲੈੱਸ ਪ੍ਰਣਾਲੀ ਵਿਰੁੱਧ ਟੋਲ ਪਲਾਜ਼ਾ 'ਤੇ ਰੋਸ ਪ੍ਰਦਰਸ਼ਨ




ਪਾਤੜਾਂ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਵੱਲੋਂ ਨਵੇਂ ਲਾਗੂ ਕੀਤੇ ਜਾ ਰਹੇ ਨਿਯਮਾਂ ਤਹਿਤ ਨੈਸ਼ਨਲ ਹਾਈਵੇ 'ਤੇ ਪੈਂਦੇ ਟੋਲ ਪਲਾਜ਼ਿਆਂ ਨੂੰ ਬੂਥਲੈੱਸ ਪ੍ਰਣਾਲੀ ਰਾਹੀਂ ਖਤਮ ਕੀਤੇ ਜਾਣ ਦੇ ਵਿਰੋਧ ਵਿੱਚ ਟੋਲ ਪਲਾਜਾ ਵਰਕਰ ਯੂਨੀਅਨ ਪੰਜਾਬ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਗੋਬਿੰਦਪੁਰਾ ਪੈਂਦ ਦੇ ਨਜ਼ਦੀਕ ਟੋਲ ਪਲਾਜੇ ਉੱਤੇ ਵਿਸ਼ਾਲ ਰੋਸ ਪ੍ਰਦਰਸ਼ਨ ਦੌਰਾਨ ਵਰਕਰਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਲਾਗੂ ਕੀਤੇ ਜਾ ਰਹੇ ਨਿਯਮ ਨੂੰ ਰੁਜ਼ਗਾਰ ਖਤਮ ਕਰਨ ਵਾਲਾ ਕਰਾਰ ਦਿੱਤਾ ਅਤੇ ਕੇਂਦਰ ਸਰਕਾਰ ਅਤੇ ਨੈਸ਼ਨਲ ਹਾਈਵੇ ਅਥਾਰਟੀ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।

ਟੋਲ ਪਲਾਜਾ ਵਰਕਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸੁਖਜੀਤ ਸਿੰਘ ਅਤੇ ਪੈਂਦ ਟੋਲ ਪਲਾਜਾ ਕਮੇਟੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਲਾਗੂ ਕੀਤੀ ਜਾ ਰਹੀ ਬੂਥਲੈੱਸ ਪਾਲਸੀ ਰਾਹੀਂ ਦੇਸ਼ ਭਰ ਵਿੱਚ ਲੱਖਾਂ ਨੌਜਵਾਨ ਬੇਰੁਜ਼ਗਾਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੌਜਵਾਨਾਂ ਨੂੰ ਵੱਡੇ ਪੱਧਰ ਉੱਤੇ ਰੁਜ਼ਗਾਰ ਦੇਣ ਦੇ ਦਾਅਵੇ ਕਰਦੀ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਅਜਿਹੀਆਂ ਨੀਤੀਆਂ ਲਾਗੂ ਕਰਕੇ ਰੁਜ਼ਗਾਰ ਖੋਹਿਆ ਜਾ ਰਿਹਾ ਹੈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇ ਕੇਂਦਰ ਸਰਕਾਰ ਨੇ ਬੂਥਲੈੱਸ ਪਾਲਸੀ ਵਾਪਸ ਨਾ ਲਈ ਗਈ ਟੋਲ ਪਲਾਜਾ ਵਰਕਰ ਯੂਨੀਅਨ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।

# ਅੱਜ ਯੂਟੀ ਚੰਡੀਗੜ੍ਹ ਵਿੱਚ ਰਾਸ਼ਟਰੀ ਟੀਕਾਕਰਣ ਦਿਵਸ - ਪਲਸ ਪੋਲੀਓ ਮੁਹਿੰਮ ਆਯੋਜਿਤ ਕੀਤੀ ਜਾਵੇਗੀ।

ਚੰਡੀਗੜ੍ਹ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ, ਸਿਹਤ ਵਿਭਾਗ, ਯੂਟੀ ਚੰਡੀਗੜ੍ਹ ਦੁਆਰਾ ਯੂਟੀ ਚੰਡੀਗੜ੍ਹ ਵਿੱਚ ਰਾਸ਼ਟਰੀ ਟੀਕਾਕਰਣ ਦਿਵਸ - ਪਲਸ ਪੋਲੀਓ ਮੁਹਿੰਮ ਆਯੋਜਿਤ ਕੀਤੀ ਜਾਵੇਗੀ। ਇਸ ਮੁਹਿੰਮ ਦੇ ਤਹਿਤ 0 ਤੋਂ 5 ਵਰ੍ਹੇ ਦੇ ਉਮਰ ਵਰਗ ਦੇ ਸਾਰੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਪੋਲੀਓ ਵੈਕਸੀਨ (bOPV) ਦੀਆਂ ਦੋ ਬੂੰਦਾਂ ਦਿੱਤੀਆਂ ਜਾਣਗੀਆਂ। ਪੰਜ ਵਰ੍ਹੇ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਦੇ ਟੀਕਾਕਰਣ ਲਈ ਪੂਰੇ ਯੂਟੀ ਚੰਡੀਗੜ੍ਹ ਵਿੱਚ ਕੁੱਲ 471 ਬੂਥ ਸਥਾਪਿਤ ਕੀਤੇ ਗਏ ਹਨ। ਇਸ ਮੁਹਿੰਮ ਨੂੰ ਸਫ਼ਲਤਾਪੂਰਵਕ ਸੰਪੰਨ ਕਰਵਾਉਣ ਲਈ ਕੁੱਲ 1059 ਟੀਕਾਕਰਣ ਟੀਮਾਂ/ਵਲੰਟੀਅਰ ਤਿੰਨ ਦਿਨਾਂ ਤੱਕ ਫੀਲਡ ਵਿੱਚ ਕਾਰਜ ਕਰਨਗੇ। ਯੂਟੀ ਚੰਡੀਗੜ੍ਹ ਦੇ ਪੂਰੇ ਖੇਤਰ ਨੂੰ ਚਾਰ ਜ਼ੋਨਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਦੀ ਨਿਗਰਾਨੀ 59 ਸੈਕਟਰ ਸੁਪਰਵਾਇਜ਼ਰ ਕਰਨਗੇ। ਸਿਹਤ ਵਿਭਾਗ ਨੇ ਇਸ ਰਾਸ਼ਟਰੀ ਮੁਹਿੰਮ ਨੂੰ ਸਫ਼ਲਤਾਪੂਰਵਕ ਚਲਾਉਣ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਇਸ ਮੁਹਿੰਮ ਦਾ ਉਦਘਾਟਨ ਸਕੱਤਰ ਸਿਹਤ, ਚੰਡੀਗੜ੍ਹ ਪ੍ਰਸ਼ਾਸਨ 21 ਦਸੰਬਰ ਨੂੰ ਮਾਡਲ ਟੀਕਾਕਰਣ ਕੇਂਦਰ, ਜੀਐੱਮਐੱਸਐੱਚ ਸੈਕਟਰ 16 ਚੰਡੀਗੜ੍ਹ ਵਿਖੇ ਕਰਨਗੇ।

ਸਿਹਤ ਵਿਭਾਗ, ਯੂਟੀ ਚੰਡੀਗੜ੍ਹ ਨਾਗਰਿਕਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਆਪਣੇ ਘਰਾਂ ਦੇ ਨੇੜੇ ਸਥਿਤ ਪੋਲੀਓ ਬੂਥਾਂ 'ਤੇ ਆਪਣੇ ਬੱਚਿਆਂ ਨੂੰ ਜ਼ਰੂਰ ਪੋਲੀਓ ਵੈਕਸੀਨ ਪਿਲਾਉਣ।

# ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੇ ਉਥਾਨ ਲਈ ਪੰਜਾਬ ਸਰਕਾਰ ਯਤਨਸ਼ੀਲ : ਸੰਦੀਪ ਸੈਣੀ

ਚੰਡੀਗੜ੍ਹ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪਛੜੀਆਂ ਸ਼੍ਰੇਣੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਸੂਬੇ ਦੀਆਂ ਪਛੜੀਆਂ ਸ਼੍ਰੇਣੀਆਂ, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਅਤੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਵੈ-ਰੁਜ਼ਗਾਰ ਸਥਾਪਿਤ ਕਰਨ ਲਈ ਅਤੇ ਵਿਦਿਆਰਥੀਆਂ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਉਚੇਰੀ ਸਿਖਿਆ ਪ੍ਰਾਪਤ ਕਰਨ ਲਈ ਘੱਟ ਵਿਆਜ ਦੀ ਦਰ 'ਤੇ ਕਰਜੇ ਮੁਹੱਇਆ ਕਰਵਾਏ ਜਾਂਦੇ ਹਨ। ਇਹ ਜਾਣਕਾਰੀ ਬੈਕਫਿੰਕੋ ਦੇ ਚੇਅਰਮੈਨ ਸ੍ਰੀ ਸੰਦੀਪ ਸੈਣੀ ਵੱਲੋਂ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੇ ਉਥਾਨ ਲਈ ਪੰਜਾਬ ਸਰਕਾਰ ਯਤਨਸ਼ੀਲ ਹੈ।

ਸ੍ਰੀ ਸੈਣੀ ਨੇ ਦੱਸਿਆ ਕਿ ਬੈਕਫਿੰਕੋ ਵੱਲੋਂ ਸਾਲ 2025-26 ਦੌਰਾਨ ਐਨ.ਐਮ.ਡੀ. ਸਕੀਮ ਅਧੀਨ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਕ੍ਰਿਸ਼ਚਨ, ਪਾਰਸੀ, ਬੋਧੀ ਅਤੇ ਜੈਨੀ) ਦੇ ਲੋਕਾਂ ਨੂੰ 1047 ਲਾਭਪਾਤਰੀਆਂ ਨੂੰ 26.12 ਕਰੋੜ ਰੁਪਏ ਕਰਜੇ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ, ਜਿਸ ਦੇ ਵਿਰੁੱਧ 1-4-2025 ਤੋਂ 30-11-2025 ਤੱਕ 219 ਲਾਭਪਾਤਰੀਆਂ ਨੂੰ 7.22 ਕਰੋੜ ਰੁਪਏ ਦੇ ਕਰਜੇ ਵੰਡੇ ਗਏ ਅਤੇ ਸਿੱਧਾ ਕਰਜਾ ਸਕੀਮ ਅਧੀਨ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 18 ਲਾਭਪਾਤਰੀਆਂ ਨੂੰ 35.80 ਲੱਖ ਰੁਪਏ ਦੇ ਕਰਜੇ ਵੰਡੇ ਜਾ ਚੁੱਕੇ ਹਨ। ਇਸ ਤਰ੍ਹਾਂ ਇਸ ਵਿੱਤੀ ਸਾਲ ਦੌਰਾਨ ਦੋਨਾਂ ਕਰਜਾ ਸਕੀਮਾਂ ਅਧੀਨ 237 ਲਾਭਪਾਤਰੀਆਂ ਨੂੰ ਕੁੱਲ 7.58 ਕਰੋੜ ਰੁਪਏ ਦੇ ਕਰਜੇ ਸਵੈ-ਰੋਜ਼ਗਾਰ ਸਥਾਪਿਤ ਕਰਨ ਲਈ ਦਿੱਤੇ ਜਾ ਚੁੱਕੇ ਹਨ। ਐਨ.ਐਮ.ਡੀ. ਸਕੀਮ ਅਧੀਨ ਮਿਤੀ 19-12-2025 ਤੱਕ ਕੁੱਲ 129 ਲਾਭਪਾਤਰੀਆਂ ਦੇ 4.51 ਕਰੋੜ ਰੁਪਏ ਦੇ ਕਰਜੇ ਮਨਜ਼ੂਰ ਕੀਤੇ ਜਾ ਚੁੱਕੇ ਹਨ।

# ਸ਼ਹਿਰ ਦੀ ਸਫ਼ਾਈ ਵਿਵਸਥਾ ਹੋਰ ਮਜ਼ਬੂਤ ਕਰਨ ਲਈ ਨਗਰ ਨਿਗਮ ਵੱਲੋਂ ਤਿੰਨ ਵਿਸ਼ੇਸ਼ ਟੀਮਾਂ ਦਾ ਗਠਨ

## ਨਗਰ ਨਿਗਮ ਦਾ ਮੁੱਖ ਟੀਚਾ ਸ਼ਹਿਰ ਨੂੰ ਸਾਫ਼, ਸੁੰਦਰ ਅਤੇ ਸਿਹਤਮੰਦ ਬਣਾਉਣਾ: ਮੇਅਰ, ਕਮਿਸ਼ਨਰ

ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਵਿੱਚ ਸਫ਼ਾਈ ਦੀ ਵਿਵਸਥਾ ਨੂੰ ਹੋਰ ਬਿਹਤਰ, ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਮੇਅਰ ਨਗਰ ਨਿਗਮ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਟਿਆਲਾ ਪਰਮਜੀਤ ਸਿੰਘ ਵੱਲੋਂ ਤਿੰਨ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਹ ਟੀਮਾਂ ਸ਼ਹਿਰ ਅਤੇ ਦਿਹਾਤੀ ਖੇਤਰਾਂ ਵਿੱਚ ਮੁੱਖ ਸੜਕਾਂ, ਲਿੰਕ ਰੋਡਾਂ ਅਤੇ ਸਰਕਾਰੀ ਥਾਵਾਂ 'ਤੇ ਰੋਜ਼ਾਨਾ ਸਫ਼ਾਈ ਕੰਮ ਦੀ ਨਿਗਰਾਨੀ ਕਰਨਗੀਆਂ।




**ਕਿਵੇਂ ਕੰਮ ਕਰੇਗੀ ਪਹਿਲੀ ਟੀਮ**

ਪਹਿਲੀ ਟੀਮ ਵਿੱਚ ਡਾ. ਨਰਿੰਦਰ ਸਿੰਘ ਹੈਲਥ ਅਫ਼ਸਰ ਅਤੇ ਸ੍ਰੀ ਰਿਸ਼ਵ ਗੁਪਤਾ ਸੈਨੇਟਰੀ ਇੰਸਪੈਕਟਰ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਟੀਮ ਸ਼ਹਿਰ ਦੀਆਂ ਮੁੱਖ ਸੜਕਾਂ ਜਿਵੇਂ ਰਾਜਪੁਰਾ ਰੋਡ, ਦੇਵੀਗੜ੍ਹ ਰੋਡ, ਭੂਪਿੰਦਰਾ ਰੋਡ, ਫੁਆਰਾ ਚੌਂਕ, ਖੰਡਾ ਚੌਂਕ ਸਮੇਤ ਪੀ.ਡਬਲਯੂ.ਡੀ ਅਧੀਨ ਆਉਂਦੀਆਂ ਮੁੱਖ ਸੜਕਾਂ 'ਤੇ ਸਫ਼ਾਈ ਦੇ ਕੰਮ ਨੂੰ ਯਕੀਨੀ ਬਣਾਉਣਗੀਆਂ।

**ਕਿਵੇਂ ਕੰਮ ਕਰੇਗੀ ਦੂਜੀ ਟੀਮ**

ਦੂਜੀ ਟੀਮ ਵਿੱਚ ਸ੍ਰੀ ਹਰਵਿੰਦਰ ਸਿੰਘ ਨੂੰ ਇੰਸਪੈਕਟਰ ਇੰਚਾਰਜ ਬਣਾਇਆ ਗਿਆ ਹੈ, ਜੋ ਪਟਿਆਲਾ ਦਿਹਾਤੀ ਅਤੇ ਸਨੌਰ ਹਲਕੇ ਦੇ ਵਾਰਡ ਨੰਬਰ 2 ਤੋਂ 30 ਤੱਕ ਦੇ ਇਲਾਕਿਆਂ ਵਿੱਚ ਮੁੱਖ ਲਿੰਕ ਸੜਕਾਂ, ਜੀਵੀਪੀ ਪੁਆਇੰਟਸ ਅਤੇ ਸੈਕੰਡਰੀ ਪੁਆਇੰਟਸ ਦੀ ਸਫ਼ਾਈ ਦੇ ਕੰਮ ਦੀ ਦੇਖਭਾਲ ਕਰਨਗੇ।

**ਕਿਵੇਂ ਕੰਮ ਕਰੇਗੀ ਤੀਜੀ ਟੀਮ**

ਤੀਜੀ ਟੀਮ ਸ੍ਰੀ ਰਾਜੇਸ਼ ਮੱਟੂ ਸੈਨੇਟਰੀ ਇੰਸਪੈਕਟਰ ਦੀ ਅਗਵਾਈ ਹੇਠ ਕੰਮ ਕਰੇਗੀ, ਜੋ ਪਟਿਆਲਾ ਦਿਹਾਤੀ ਅਤੇ ਸਨੌਰ ਹਲਕੇ ਦੇ ਵਾਰਡ ਨੰਬਰ 1, 31 ਤੋਂ 60 ਤੱਕ ਦੇ ਇਲਾਕਿਆਂ ਵਿੱਚ ਸਫ਼ਾਈ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾਏਗੀ।

ਮੇਅਰ ਤੇ ਕਮਿਸ਼ਨਰ ਨੇ ਸਾਂਝੇ ਤੌਰ ਤੇ ਕਿਹਾ ਕਿ ਇਹ ਟੀਮਾਂ ਆਪਣੇ ਨਿਰਧਾਰਤ ਇਲਾਕਿਆਂ ਵਿੱਚ ਰੋਜ਼ਾਨਾ ਸਫ਼ਾਈ, ਮਲਬਾ ਹਟਾਉਣ, ਬਾਗਬਾਨੀ ਵੇਸਟ ਦੀ ਸਫ਼ਾਈ ਅਤੇ ਰੋਜ਼ਾਨਾ ਰਿਪੋਰਟ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਗੀਆਂ। ਉਨ੍ਹਾਂ ਦੱਸਿਆ ਕਿ ਹਰ ਟੀਮ ਨੂੰ ਵੱਖਰੇ ਤੌਰ 'ਤੇ ਸਫ਼ਾਈ ਸੇਵਕ, ਗੱਡੀਆਂ ਅਤੇ ਡਰਾਈਵਰ ਮੁਹੱਈਆ ਕਰਵਾ ਦਿੱਤੇ ਗਏ ਹਨ।

ਉਹਨਾਂ ਨੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਟੀਚਾ ਸ਼ਹਿਰ ਨੂੰ ਸਾਫ਼, ਸੁੰਦਰ ਅਤੇ ਸਿਹਤਮੰਦ ਬਣਾਉਣਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸਫ਼ਾਈ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਅਧਿਕਾਰੀਆਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਬਿਜਲੀ ਵਿਭਾਗ ਦੇ ਆਊਟਸੋਰਸ ਮੀਟਰ ਰੀਡਰਾਂ ਵੱਲੋ ਪਟਿਆਲਾ ਹੈਡ ਆਫਿਸ ਅੱਗੇ ਦੂਜੇ ਦਿਨ ਵੀ ਭੁੱਖ ਹੜਤਾਲ ਜਾਰੀ

## ਪਾਵਰਕਾਮ ਵਿਭਾਗ ਮੀਟਰ ਰੀਡਰਾਂ ਦੀਆਂ ਮੰਗਾਂ ਇੱਕ ਮਹੀਨਾ ਬੀਤ ਜਾਣ ਤੇ ਵੀ ਹੱਲ ਨਹੀ ਕਰ ਸਕਿਆ

ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਾਵਰਕਾਮ ਦੇ ਆਊਟਸੋਰਸ ਸਪੋਟ ਬਿਲਿੰਗ ਮੀਟਰ ਰੀਡਰਾਂ ਦੀ ਹੜਤਾਲ ਪਿਛਲੇ ਇੱਕ ਮਹੀਨੇ ਤੋ ਚੱਲ ਰਹੀ ਹੈ। ਉਨ੍ਹਾਂ ਵੱਲੋ ਬਿਜਲੀ ਦੇ ਬਿੱਲ ਕੱਢਣ ਦਾ ਕੰਮ ਬੰਦ ਕੀਤਾ ਹੋਇਆ ਹੈ। ਜਿਸ ਕਾਰਣ ਮੀਟਰਾਂ ਦੀ ਰਿਡਿੰਗ ਲਏ ਬਿਨਾ ਹੀ ਖਪਤਕਾਰਾਂ ਨੂੰ ਬਿਜਲੀ ਦੇ ਬਿੱਲ ਵੀ ਐਵਰੇਜ ਦੇ ਭੇਜੇ ਦਾ ਰਹੇ ਹਨ। ਮੀਟਰ ਰੀਡਰਾਂ ਵੱਲੋ ਪੀ.ਐਸ.ਪੀ.ਸੀ.ਐਲ. ਹੈਡ ਆਫਿਸ ਪਟਿਆਲਾ ਅੱਗੇ ਅੱਜ ਮਿਤੀ 18-12-2025 ਨੂੰ ਭੁੱਖ ਹੜਤਾਲ ਚੱਲ ਰਹੀ ਹੈ। ਅੱਜ ਦੂਜੇ ਦਿਨ ਭੁੱਖ ਹੜਤਾਲ ਜਾਰੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾ) ਦੇ ਪ ?ਧਾਨ ਜੋਗਿੰਦਰ ਸਿੰਘ ਉਗਰਾਹਾ ਜੀ ਦੀ ਅਗਵਾਈ ਵਿੱਚ ਕਿਸਾਨ ਆਗੂ ਬਲਰਾਜ ਸਿੰਘ ਜੋਸ਼ੀ ਜਿਲਾ ਜਥੇਬੰਦਕ ਸਕੱਤਰ ਸੁਖਵਿੰਦਰ ਸਿੰਘ ਬਾਰਨ ਜਿਲਾ ਜਨਰਲ ਸਕੱਤਰ ਦਰਸ਼ਨ ਸਿੰਘ ਬੇਲੂ ਮਾਜਰਾ, ਰਾਮ ਕਿਸ਼ਨ ਨੂਰ ਖੇੜਿਆਂ ਜਮਹੂਰੀ ਕਿਸਾਨ ਸਭਾ ਪਟਿਆਲਾ ਵੱਲੋਂ ,ਭੁੱਖ ਹੜਤਾਲ ਵਿੱਚ ਹਾਜ਼ਰ ਹੋਏ ਅਤੇ ਜਥੇਬੰਦੀ ਦੇ ਸੰਘਰਸ਼ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ।




ਜਥੇਬੰਦੀ ਦੇ ਸੂਬਾ ਪ੍ਰਧਾਨ ਜਤਿੰਦਰ ਸਿੰਘ ਭੰਗੂ ਵੱਲੋ ਪੈ ?ਸ ਨਾਲ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਮੀਟਰ ਰੀਡਰਾ ਦੀਆਂ ਤਨਖਾਹਾਂ ਵਿੱਚ ਹੋ ਰਹੇ ਭਿ ?ਸ਼ਟਾਚਾਰ, ਸ਼ੋਸ਼ਣ ਅਤੇ ਧੱਕੇਸਾਹੀ ਸਬੰਧੀ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਕਈ ਵਾਰ ਲਿਖਤੀ ਅਤੇ ਜੁਬਾਨੀ ਤੌਰ ਤੇ ਲਿਆਂਦਾ ਜਾ ਚੁੱਕਾ ਹੈ।ਮੀਟਰ ਰੀਡਰਾ ਦੀ ਲਗਭਗ 10 ਮਹੀਨਿਆਂ ਦੀ ਤਨਖਾਹ ਵੀ ਜਾਰੀ ਨਹੀ ਕੀਤੀ ਜਾ ਰਹੀ ਹੈ,ਪਰੰਤੂ ਮੀਟਰ ਰੀਡਰਾ ਦੀਆਂ ਮੰਗਾ ਦਾ ਕੋਈ ਵੀ ਹੱਲ ਵਿਭਾਗ ਵੱਲੋਂ ਨਹੀ ਕੀਤਾ ਜਾ ਰਿਹਾ ਹੈ। ਮੀਟਰ ਰੀਡਰ ਦੀ ਨੌਕਰੀ ਕਰਦੇ ਮੁਲਾਜਮਾ ਨੂੰ ਗੁਜਾਰੇ ਯੋਗ ਤਨਖਾਹ ਵੀ ਨਹੀਂ ਦਿੱਤੀ ਜਾਂਦੀ ਹੈ। ਮੀਟਰ ਰੀਡਰਾ ਦੀ ਬਣਦੀ ਤਨਖਾਹ ਵਿੱਚੋ ਵੀ ਲੁੱਟ ਕੀਤੀ ਜਾਂਦੀ ਹੈ। ਇੱਥੋ ਤੱਕ ਕਿ ਬਿਜਲੀ ਦੇ ਬਿੱਲ ਬਣਾਉਣ ਲਈ ਵਰਤੋ ਹੋਣ ਵਾਲੇ ਮੋਬਾਈਲ ਅਤੇ ਨੈਟਵਰਕ ਨੂੰ ਆਪਣੀ ਜੇਬ ਵਿੱਚੋਂ ਕੀਤਾ ਜਾਦਾ ਹੈ।ਫੀਲਡ ਵਿੱਚ ਕੰਮ ਕਰਨ ਲਈ ਪੈਟਰੋਲ ਖਰਚ ਵੀ ਮੀਟਰ ਰੀਡਰ ਵੱਲੋ ਆਪਣੀ ਜੇਬ ਵਿੱਚੋਂ ਕੀਤਾ ਜਾਦਾ ਹੈ।

ਮੀਟਰ ਰੀਡਿੰਗ ਦਾ ਕੰਮ ਕਰਨ ਵਾਲੇ ਮੀਟਰ ਰੀਡਰਾ ਨੂੰ ਪ੍ਰੀ ਮਹੀਨਾ 5 ਤੋ 6 ਹਜਾਰ ਤਨਖਾਹ ਹੀ ਦਿੱਤੀ ਜਾਂਦੀ ਹੈ।ਇਸ ਦੇ ਉਲਟ ਮੀਟਰ ਰੀਡਰ ਬਿਜਲੀ ਦੇ ਬਿੱਲ ਬਣਾਉਣ ਤੇ 4 ਹਜਾਰ ਖਰਚ ਪ੍ਰੀ ਮਹੀਨਾ ਕਰ ਦਿੰਦਾ ਹੈ।

ਵਿਭਾਗ ਵੱਲੋ ਜਾਰੀ ਵਰਕ ਆਰਡਰ ਅਨੁਸਾਰ ਮੀਟਰ ਰੀਡਰਾ ਨੂੰ ਅਨਸਕਿੱਲਡ ਵਰਕਰ ਦੀ ਟੋਟਲ 14247/- ਰੁਪਏ ਅਤੇ ਕਟੌਤੀ ਕਰਕੇ 10996.04/- ਰੁਪਏ ਦੇਣ ਦਾ ਜਿਕਰ ਹੈ। ਪਰੰਤੂ ਤਨਖਾਹ ਵਿੱਚ ਹੁੰਦੀ ਲੁੱਟ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਹੁੰਦੇ ਹੋਏ ਵੀ ਭਿ ?ਸ਼ਟਾਚਾਰ ਲਗਾਤਾਰ ਜਾਰੀ ਹੈ।

ਵਰਕ ਆਰਡਰ ਵਿੱਚ ਬਿਲਿੰਗ ਕਰਨ ਲਈ ਮੋਬਾਈਲ ਅਤੇ ਨੈਟ ਪੈਕ ਦੇਣ ਦਾ ਜਿਕਰ ਵੀ ਹੈ ਪਰੰਤੂ ਵਿਭਾਗ ਦੇ ਅਧਿਕਾਰੀ ਇਸ ਤੋ ਜਾਣਦੇ ਹੋਏ ਵੀ ਅਣਜਾਣ ਬਣੇ ਹੋਏ ਹਨ।

ਸਮਾਰਟ ਮੀਟਰ ਲਗਾਉਣ ਦਾ ਵਿਰੋਧ ਵੀ ਜਥੇਬੰਦੀ ਵੱਲੋਂ ਕੀਤਾ ਜਾ ਰਿਹਾ ਹੈ। ਕਿਉਂਕਿ ਜਿੱਥੇ ਸਮਾਰਟ ਮੀਟਰਾ ਨਾਲ ਪੰਜਾਬ ਦੇ ਲੋਕਾਂ ਤੇ ਆਰਥਿਕ ਬੋਝ ਪਵੇਗਾ ਉੱਥੇ ਹੀ ਪੰਜਾਬ ਦੇ ਹਜਾਰਾਂ ਨੌਜਵਾਨਾਂ ਦਾ ਰੋਜਗਾਰ ਵੀ ਖਤਮ ਹੋਵੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾ ਦੇ ਕਿਸਾਨ ਆਗੂ ਬਲਰਾਜ ਜੋਸ਼ੀ, ਉੱਘੇ ਸਮਾਜਸੇਵੀ ਕੁਲਜੀਤ ਸਿੰਘ ਬਾਗੀ, ਰਣਜੀਤ ਸਿੰਘ, ਅਵਤਾਰ ਸਿੰਘ, ਲਖਵਿੰਦਰ ਸਿੰਘ, ਹਰਜੀਤ ਸਿੰਘ,ਸੂਬਾ ਪ੍ਰਧਾਨ ਜਤਿੰਦਰ ਸਿੰਘ ਭੰਗੂ, ਉਪ ਪ੍ਰਧਾਨ ਗੁਰਵਿੰਦਰ ਸਿੰਘ ਕਾਹਲੋਂ ਉਪ ਪ੍ਰਧਾਨ ਜਗਸੀਰ ਸਿੰਘ, ਸਕੱਤਰ ਗੁਰਦੀਪ ਸਿੰਘ ,ਮੁੱਖ ਸਲਾਹਕਾਰ ਜਸਵਿੰਦਰ ਸਿੰਘ, ਖਜਾਨਚੀ ਮਨਜਿੰਦਰ ਸਿੰਘ,ਖਜਾਨਚੀ ਕਿ ?ਸ਼ਨ ਕੁਮਾਰ, ਸਮੂਹ ਡਵੀਜ਼ਨ ਪ ?ਧਾਨ ਅਤੇ ਪ੍ਰਗਟ ਸਿੰਘ ਸਿੱਧੂ ਮੀਟਰ ਰੀਡਰ ਵੱਡੀ ਗਿਣਤੀ ਵਿੱਚ ਹਾਜਿਰ ਸਨ।

# ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ ਸਫ਼ਰ-ਏ-ਸ਼ਹਾਦਤ ਕਰਵਾਇਆ

ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ (ਰਜਿ.) ਪਟਿਆਲਾ ਵਲੋਂ ਸ. ਉਪਕਾਰ ਸਿੰਘ ਪ੍ਰਧਾਨ ਦੀ ਅਗਵਾਈ ਵਿਚ ਵੀਰ ਹਕੀਕਤ ਰਾਏ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ 'ਸਫ਼ਰ—ਏ—ਸ਼ਹਾਦਤ' ਕਰਵਾਇਆ ਗਿਆ ਜਿਸ ਵਿਚ ਪਟਿਆਲਾ ਸ਼ਹਿਰ ਦੇ 20 ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਸਾਹਿਬਜ਼ਾਦਿਆਂ ਨਾਲ ਸਬੰਧਤ ਸ਼ਹੀਦੀ ਪ੍ਰਸੰਗ ਅਤੇ ਵਾਰਤਾਵਾਂ ਪੜ੍ਹੀਆਂ ਗਈਆਂ। ਇਸ ਮੌਕੇ *ਤੇ ਵੀਰ ਹਕੀਕਤ ਰਾਏ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸਰਲਾ ਭਟਨਾਗਰ, ਮੈਡਮ ਰਾਣਾ ਸਿੱਧੂ, ਸ. ਗੁਰਪ੍ਰੀਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ੍ਰੀ ਤਿਲਕਰਾਜ ਗਰਗ, ਡਾਇਰੈਕਟਰ ਫਲੂਐਂਟ ਅਕੈਡਮੀ ਅਤੇ ਇਮੀਗ੍ਰੇਸ਼ਨ, ਮੈਡਮ ਆਸ਼ਾ ਸ਼ਰਮਾ ਅੰਤਰਰਾਸ਼ਟਰੀ ਕਵਿਤਰੀ, ਸਤਿੰਦਰ ਸਿੰਘ ਨੰਦਾ ਨਾਟਕਕਾਰ ਅਤੇ ਡਿਪਟੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਇੰਸਪੈਕਟਰ ਸਰਬਜੀਤ ਕੌਰ, ਸ੍ਰੀ ਜਤਵਿੰਦਰ ਗਰੇਵਾਲ, ਸ੍ਰੀ ਪਰਮਿੰਦਰ ਭਲਵਾਨ, ਸ੍ਰੀਮਤੀ ਨਿਰਮਲ ਗੋਇਲ ਪ੍ਰਿੰਸੀਪਲ (ਰਿਟਾ.), ਸ੍ਰੀ ਨਰਿੰਦਰ ਸ਼ਰਮਾ ਬੈਂਕ ਅਧਿਕਾਰੀ (ਰਿਟਾ.), ਸ੍ਰੀ ਕਾਕਾ ਰਾਮ ਵਰਮਾ ਅਤੇ ਡਾ. ਹਰਨੇਕ ਸਿੰਘ ਢੋਟ ਵੱਲੋਂ ਪ੍ਰਧਾਨਗੀ ਮੰਡਲ ਵਿਚ ਸ਼ਮੂਲੀਅਤ ਕੀਤੀ ਗਈ। ਮੀਟਿੰਗ ਦਾ ਸਮੁੱਚਾ ਪ੍ਰਬੰਧ ਵੀਰ ਹਕੀਕਤਰਾਏ ਸਕੂਲ ਦੇ ਸੀਨੀਅਰ ਅਧਿਆਪਿਕਾ ਮੈਡਮ ਨਰੇਸ਼ ਵੱਲੋਂ ਕੀਤਾ ਗਿਆ। ਸਟੇਜ ਸੰਚਾਲਨ ਡਾ. ਹਰਨੇਕ ਸਿੰਘ ਢੋਟ ਵਲੋਂ ਕੀਤਾ ਗਿਆ। ਸਮਾਗਮ ਦੇ ਸ਼ੁਰੂਆਤ ਮੌਕੇ ਸ. ਉਪਕਾਰ ਸਿੰਘ ਵਲੋਂ ਆਏ ਮਹਿਮਾਨਾਂ ਨੂੰ 'ਜੀ ਆਇਆਂ' ਕਹਿਣ ਦੇ ਨਾਲ-ਨਾਲ ਸੁਸਾਇਟੀ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵੀਰ ਹਕੀਕਤ ਰਾਏ ਸਕੂਲ ਦੇ ਵਿਦਿਆਰਥੀਆਂ ਵੱਲੋਂ ਧਾਰਮਿਕ ਸ਼ਬਦ ਦੇ ਗਾਇਣ ਨਾਲ ਕੀਤੀ ਗਈ। ਸ. ਪਰਮਪਾਲ ਸਿੰਘ ਵਲੋਂ ਸਮੁੱਚੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ 'ਤੇ ਮੈਡਮ ਰਾਣਾ ਸਿੱਧੂ, ਸ੍ਰੀ ਜਤਵਿੰਦਰ ਗਰੇਵਾਲ, ਸ੍ਰੀ ਕਾਕਾ ਰਾਮ ਵਰਮਾ, ਸ. ਸਤਿੰਦਰ ਸਿੰਘ ਨੰਦਾ, ਪ੍ਰੋ.ਮੌਂਦ ਗਿੱਲ ਨੇ ਆਪਣੇ-ਆਪਣੇ ਭਾਸ਼ਣਾਂ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸਬੰਧਤ ਇਤਿਹਾਸ 'ਤੇ ਚਾਨਣਾ ਪਾਇਆ ਗਿਆ।



ਜੂਨੀਅਰ ਵਰਗ ਵਿਚ ਹਰਸਿਮਰਨ ਕੌਰ ਸ੍ਰੀ ਪੀ.ਐਮ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਨੌਰ — ਪਹਿਲੇ ਸਥਾਨ *ਤੇ ਰਹੀ ਜਦੋਂ ਕਿ ਮਨਜੀਤ ਕੌਰ, ਨਿਊ ਪਾਵਰ ਹਾਊਸ ਕਾਲੋਨੀ ਸਕੂਲ ਦੂਸਰੇ ਸਥਾਨ *ਤੇ ਅਤੇ ਸ. ਬੂਟਾ ਸਿੰਘ ਢੂਡਿਆਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤੀਜੇ ਸਥਾਨ *ਤੇ ਆਇਆ।

ਸੀਨੀਅਰ ਗਰੁੱਪ ਵਿਚ ਇੰਦੂ, ਵੀਰ ਹਕੀਕਤ ਰਾਏ ਸਕੂਲ ਪਹਿਲੇ ਸਥਾਨ *ਤੇ ਰਹੀ ਜਦੋਂ ਕਿ ਬਲਵਿੰਦਰ ਕੌਰ, ਸ੍ਰੀ ਪੀ.ਐਮ. ਸਕੂਲ ਸਨੌਰ ਦੂਸਰੇ ਸਥਾਨ *ਤੇ ਅਤੇ ਮੇਘਾ, ਆਤਮਾ ਰਾਮ ਕੁਮਾਰ ਸਭਾ ਸਕੂਲ ਤੀਜੇ ਸਥਾਨ *ਤੇ ਰਹੀ।

ਓਵਰ ਆਲ ਟਰਾਫੀ ਸ੍ਰੀ ਪੀ.ਐਮ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਨੌਰ ਵੱਲੋਂ ਜਿੱਤੀ ਗਈ। ਇਸ ਤੋਂ ਇਲਾਵਾ ਸਿਮਰਨ ਕੌਰ, ਨਿਊ ਪਾਵਰ ਹਾਊਸ ਕਲੋਨੀ ਨੂੰ ਸੀਨੀਅਰ ਵਰਗ ਵਿਚ ਕੰਸੋਲੇਸ਼ਨ ਇਨਾਮ ਦਿੱਤਾ ਗਿਆ ਅਤੇ ਪਰਨੀਤ ਕੌਰ ਮਲਟੀਪਰਪਜ਼ ਸਕੂਲ, ਪਟਿਆਲਾ ਅਤੇ ਆਰਤੀ, ਬਖ਼ਸ਼ੀਬੀਰ ਸਕੂਲ ਪਟਿਆਲਾ ਨੂੰ ਜੂਨੀਅਰ ਵਰਗ ਵਿਚ ਕੰਸੋਲੇਸ਼ਨ ਇਨਾਮ ਦਿੱਤਾ ਗਿਆ।

ਸਮਾਗਮ ਦੇ ਅੰਤ *ਤੇ ਸ. ਪਰਮਪਾਲ ਸਿੰਘ ਵਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੇ ਅੰਤ *ਤੇ ਬੱਚਿਆਂ ਅਤੇ ਮਹਿਮਾਨਾਂ ਨੂੰ ਚਾਹ ਦੇ ਨਾਲ ਸਮੋਸੇ ਰਿਫਰੈਸ਼ਮੈਂਟ ਵਜੋਂ ਦਿੱਤੇ ਗਏ।

# ਧੱਕੇਸ਼ਾਹੀ ਨਾਲ ਚੋਣਾਂ ਜਿਤੀਆ ਜਾ ਸਕਦੀਆਂ ਹਨ, ਦਿਲ ਨਹੀ : ਸੂਬਾ ਸਿੰਘ ਬਾਦਲ

ਜੈਤੋਂ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਜਿਲ੍ਹਾ ਪ੍ਰੀਸ਼ਦ ਜੋਨ ਬਾਜਾਖਾਨਾ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਬੀਬੀ ਕਰਮਜੀਤ ਕੌਰ ਬਾਜਾਖਾਨਾ ਦੀ ਬੀਤੀ ਰਾਤ ਨੂੰ ਵੋਟਾਂ ਦੀ ਹੋਈ ਗਿਣਤੀ ਵਿੱਚ ਹੋਈ ਧੱਕੇਸ਼ਾਹੀ ਦੇ ਖਿਲਾਫ਼ ਕਸਬਾ ਬਾਜਾਖਾਨਾ ਦੇ ਐਨ.ਐਚ.-54 ਦੇ ਫ਼ਲਾਈ ਓਵਰ ਥੱਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਿਧਾਨ ਸਭਾ ਹਲਕਾ ਜੈਤੋ ਦੇ ਇੰਚਾਰਜ ਸੂਬਾ ਸਿੰਘ ਬਾਦਲ ਅਤੇ ਸੀਨੀਅਰ ਅਕਾਲੀ ਆਗੂ ਗੁਰਚੇਤ ਸਿੰਘ ਢਿੱਲੋਂ ਬਰਗਾੜੀ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਪੰਜਾਬ ਸਰਕਾਰ ਅਤੇ ਜੈਤੋ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮੋਲਕ ਸਿੰਘ ਦਾ ਪੁਤਲਾ ਫੂਕ ਕੇ ਜੰਮ ਕੇ ਨਾਅਰੇਬਾਜੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ 'ਤੇ ਹਲਕਾ ਜੈਤੋ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇੰਚਾਰਜ ਸੂਬਾ ਸਿੰਘ ਬਾਦਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਅਮੋਲਕ ਸਿੰਘ ਨੇ ਲੋਕਤੰਤਰ ਦਾ ਘਾਣ ਕੀਤਾ ਹੈ ਅਤੇ ਆਪ ਹੂਦਰੀਆਂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜੋਨ ਬਾਜਾਖਾਨਾ ਤੋਂ ਚੋਣ ਲੜ ਰਹੀ ਉਮੀਦਵਾਰ ਕਰਮਜੀਤ ਕੌਰ ਬਾਜਾਖਾਨਾ ਦੇ ਰਿਜਲਟ ਵਿੱਚ ਹੇਰਾਫ਼ੇਰੀ ਕੀਤੀ ਹੈ ਅਤੇ ਉੱਥੇ ਕਾਊਟਿੰਗ ਏਜੰਟਾਂ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਅਤੇ ਫ਼ਿਰ ਆਪਣੀ ਉਮੀਦਵਾਰ ਬੀਬੀ ਵੀਰਪਾਲ ਕੌਰ ਬਾਜਾਖਾਨਾ ਨੂੰ ਜੇਤੂ ਕਰਾਰ ਦਿੱਤਾ ਗਿਆ। ਇਸ ਮੌਕੇ 'ਤੇ ਗੁਰਚੇਤ ਸਿੰਘ ਢਿੱਲੋਂ ਬਰਗਾੜੀ, ਸਾਬਕਾ ਸਰਪੰਚ ਜਸਮੇਲ ਸਿੰਘ, ਨਿਰਮਲ ਸਿੰਘ ਨਿੰਮੀ ਵੜਿੰਗ, ਜਗਸੀਰ ਸਿੰਘ ਸੀਰਾ ਢਿੱਲੋਂ ਸਰਕਲ ਪ੍ਰਧਾਨ ਸਰਕਲ ਬਾਜਾਖਾਨਾ ਅਤੇ ਡਾ: ਗੁਰਨੈਬ ਸਿੰਘ ਮੱਲ੍ਹਾਂ ਸਰਕਲ ਪ੍ਰਧਾਨ ਨੇ ਇਕੱਤਰ ਵਰਕਰਾਂ ਅਤੇ ਆਮ ਲੋਕਾਂ ਨੂੰ ਸੰਬੋਧਨ ਕੀਤਾ। ਇਸ ਮੌਕੇ 'ਤੇ ਕੁਲਦੀਪ ਸਿੰਘ ਢਿੱਲੋਂ, ਸੋਹਣ ਸਿੰਘ ਸਾਬਕਾ ਸਰਪੰਚ, ਪਾਲੀ ਢਿੱਲੋਂ ਬਰਗਾੜੀ, ਹਰਜਿੰਦਰ ਸਿੰਘ ਚੀਨਾ ਬਾਦਲ, ਗੁਰਦਿੱਤ ਸਿੰਘ ਸਾਬਕਾ ਸਰਪੰਚ ਦਬੜ੍ਹੀਖਾਨਾ, ਸੁਰਜੀਤ ਸਿੰਘ ਸਾਬਕਾ ਸਰਪੰਚ, ਜਥੇਦਾਰ ਮਹਾਂ ਸਿੰਘ ਦਬੜ੍ਹੀਖਾਨਾ, ਗੁਰਬੰਸ ਸਿੰਘ ਡੀ.ਸੀ. ਢਿੱਲੋਂ, ਜਗਦੀਪ ਸਿੰਘ ਮਾਨ ਘਣੀਆਂ, ਸੁਖਚੈਨ ਸਿੰਘ ਮਾਨ ਘਣੀਆਂ, ਰਾਜਿੰਦਰ ਸਿੰਘ ਪ੍ਰਧਾਨ, ਬਲਤੇਜ ਸਿੰਘ ਘਣੀਆ, ਸਾਬਕਾ ਸਰਪੰਚ ਗੁਰਬਖਸ਼ ਸਿੰਘ ਮੱਲ੍ਹਾਂ, ਰੇਸ਼ਮ ਸਿੰਘ ਮਾਫ਼ੀਦਾਰ, ਦਰਸ਼ਨ ਸਿੰਘ ਸਿੱਧੂ, ਜਸਵਿੰਦਰ ਸਿੰਘ ਝੱਖੜਵਾਲਾ, ਗੁਰਵਿੰਦਰ ਸਿੰਘ ਚਹਿਲ, ਸਰਬਜੀਤ ਸਿੰਘ ਬਰਾੜ ਪ੍ਰਧਾਨ, ਮਨਜੀਤ ਸਿੰਘ ਗੱਗੀ ਅਕਾਲੀ, ਜੋਰਾ ਸਿੰਘ ਬਰਾੜ, ਗੱਗੂ ਗਿੱਲ, ਗਗਨਦੀਪ ਸਿੰਘ ਬਰਾੜ ਨੰਬਰਦਾਰ, ਮੋਹਨੀ ਬਰਾੜ ਡੋਡ, ਸਰਬਜੀਤ ਸਿੰਘ ਬਾਠ ਦਬੜ੍ਹੀਖਾਨਾ, ਅਜੈਬ ਸਿੰਘ ਖਾਲਸਾ ਮੱਲ੍ਹਾਂ, ਰਵਿੰਦਰ ਰਵੀ ਸ਼ਰਮਾਂ ਬਰਗਾੜੀ, ਲਖਵੀਰ ਸਿੰਘ ਰੋਮਾਣਾ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਅਤੇ ਆਮ ਲੋਕ ਹਾਜਰ ਸਨ

# ਪਵਨ ਗੁਪਤਾ ਵੱਲੋਂ ਤ੍ਰਿਸ਼ੂਲ ਮਾਰਚ ਸਬੰਧੀ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਇੰਟੈਲੀਜੈਂਸ ਨਾਲ ਮੀਟਿੰਗ ਆਯੋਜਿਤ

ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਇੰਟੈਲੀਜੈਂਸ ਦੀ ਪਹਿਲਕਦਮੀ 'ਤੇ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਨਾਲ ਮੋਹਾਲੀ ਸਥਿਤ ਉਨ੍ਹਾਂ ਦੇ ਦਫ਼ਤਰ ਵਿਖੇ ਪੰਜਾਬ ਦੇ 45% ਘੱਟ ਗਿਣਤੀ ਹਿੰਦੂ ਭਾਈਚਾਰੇ ਦੇ ਹੱਕਾਂ ਅਤੇ ਮੰਗਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਸਤਾਵਿਤ ਤ੍ਰਿਸ਼ੂਲ ਮਾਰਚ ਸੰਬੰਧੀ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਸ੍ਰੀ ਕ੍ਰਿਸ਼ਨ ਸ਼ਰਮਾ ਵੀ ਸ਼ਾਮਲ ਹੋਏ।

ਪੰਜਾਬ ਸਰਕਾਰ ਵੱਲੋਂ, ਡੀਜੀਪੀ ਇੰਟੈਲੀਜੈਂਸ, ਪੰਜਾਬ ਪੁਲਿਸ, ਸ੍ਰੀ ਪ੍ਰਵੀਨ ਸਿਨਹਾ ਨੇ ਪੰਜਾਬ ਸਰਕਾਰ ਤੋਂ ਮੰਗਾਂ ਦਾ ਮੰਗ ਪੱਤਰ ਪ੍ਰਾਪਤ ਕੀਤਾ। ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਵੱਲੋਂ ਸੌਂਪੇ ਗਏ ਮੰਗ ਪੱਤਰ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ, ਅਤੇ ਕਈ ਮੰਗਾਂ 'ਤੇ ਸਹਿਮਤੀ ਬਣੀ। ਪੰਜਾਬ ਸਰਕਾਰ ਵੱਲੋਂ, ਡੀਜੀਪੀ ਇੰਟੈਲੀਜੈਂਸ, ਪੰਜਾਬ ਪੁਲਿਸ, ਸ੍ਰੀ ਪ੍ਰਵੀਨ ਸਿਨਹਾ ਨੇ ਸ਼ਿਵ ਸੈਨਾ ਹਿੰਦੁਸਤਾਨ ਦੀ ਲੀਡਰਸ਼ਿਪ ਨੂੰ ਸੁਝਾਅ ਦਿੱਤਾ ਕਿ, ਸਦਭਾਵਨਾ ਦੇ ਵਜੋਂ, ਖਾਸ ਕਰਕੇ ਛੋਟੇ ਸਾਹਿਬਜ਼ਾਦਿਆਂ ਦੇ ਚੱਲ ਰਹੇ ਸ਼ਹੀਦੀ ਦਿਵਸ ਸਮਾਗਮਾਂ ਦੌਰਾਨ, ਕਿਸੇ ਵੀ ਅੰਦੋਲਨ ਤੋਂ ਬਚਿਆ ਜਾਣਾ ਚਾਹੀਦਾ ਹੈ ਅਤੇ ਮਹਾਨ ਸ਼ਹਾਦਤ ਦੇ ਸਤਿਕਾਰ ਵਜੋਂ, ਅੰਦੋਲਨ ਨੂੰ ਮੁਲਤਵੀ ਕਰ ਦਿੱਤਾ ਜਾਣਾ ਚਾਹੀਦਾ ਹੈ।

ਮੰਗ ਪੱਤਰ 'ਤੇ ਡੀਜੀਪੀ ਇੰਟੈਲੀਜੈਂਸ ਪੰਜਾਬ ਪੁਲਿਸ ਨਾਲ ਹੋਈ ਚਰਚਾ ਦੌਰਾਨ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਨ੍ਹਾਂ ਮੰਗਾਂ ਨੂੰ ਸਕਾਰਾਤਮਕ ਤੌਰ 'ਤੇ ਵਿਚਾਰੇ ਅਤੇ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਤੇ ਚਰਚਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਡੀਜੀਪੀ ਇੰਟੈਲੀਜੈਂਸ ਪੰਜਾਬ ਪੁਲਿਸ ਸ਼੍ਰੀ ਪ੍ਰਵੀਨ ਸਿਨਹਾ ਨੇ ਭਰੋਸਾ ਦਿੱਤਾ ਕਿ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ ਅਤੇ ਸਰਕਾਰ ਇਸ ਮਾਮਲੇ 'ਤੇ ਜ਼ਰੂਰ ਵਿਚਾਰ ਕਰੇਗੀ ਅਤੇ ਜਲਦੀ ਹੀ ਸ਼ਿਵ ਸੈਨਾ ਹਿੰਦੁਸਤਾਨ ਦੇ ਵਫ਼ਦ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲਣ ਦਾ ਸਮਾਂ ਤੈਅ ਕੀਤਾ ਜਾਵੇਗਾ।

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਸਾਰੇ ਸੀਨੀਅਰ ਪਾਰਟੀ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦੀ ਯਾਦ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਦੋਲਨ ਨੂੰ ਕੁਝ ਸਮੇਂ ਲਈ ਮੁਲਤਵੀ ਕਰਨ ਦੇ ਪੰਜਾਬ ਸਰਕਾਰ ਦੇ ਸੁਝਾਅ ਨੂੰ ਸਵੀਕਾਰ ਕਰ ਲਿਆ। ਪੰਜਾਬ ਸਰਕਾਰ ਨੇ ਪੰਜਾਬ ਦੇ ਘੱਟ ਗਿਣਤੀ ਹਿੰਦੂ ਭਾਈਚਾਰੇ ਦੀਆਂ ਮੰਗਾਂ 'ਤੇ ਵਿਚਾਰ ਕਰਨ ਲਈ ਕੁਝ ਸਮਾਂ ਵੀ ਮੰਗਿਆ ਹੈ। ਇਸ ਲਈ, ਸ਼ਿਵ ਸੈਨਾ ਹਿੰਦੁਸਤਾਨ ਦੇ ਸਾਰੇ ਸੀਨੀਅਰ ਆਗੂਆਂ ਦੀ ਸਹਿਮਤੀ ਤੋਂ ਬਾਅਦ, ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਐਲਾਨ ਕੀਤਾ ਕਿ ਪੰਜਾਬ ਭਰ ਵਿੱਚ ਤ੍ਰਿਸ਼ੂਲ ਮਾਰਚ, ਜੋ ਕਿ 20 ਦਸੰਬਰ, 2025 ਤੋਂ ਸ਼ੁਰੂ ਹੋਣਾ ਸੀ, ਕੁਝ ਸਮੇਂ ਲਈ ਮੁਲਤਵੀ ਕੀਤਾ ਜਾਂਦਾ ਹੈ।

ਜੇਕਰ ਪੰਜਾਬ ਸਰਕਾਰ ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਦਿਖਾਈ ਸਦਭਾਵਨਾ ਅਤੇ ਦਿੱਤੇ ਗਏ ਸਮੇਂ ਅਨੁਸਾਰ ਪੰਜਾਬ ਦੇ ਘੱਟ ਗਿਣਤੀ ਹਿੰਦੂ ਭਾਈਚਾਰੇ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕਰਦੀ ਹੈ, ਤਾਂ ਸ਼ਿਵ ਸੈਨਾ ਹਿੰਦੁਸਤਾਨ ਨੇੜਲੇ ਭਵਿੱਖ ਵਿੱਚ ਆਪਣਾ ਅੰਦੋਲਨ ਮੁੜ ਸ਼ੁਰੂ ਕਰਨ ਲਈ ਮਜਬੂਰ ਹੋ ਸਕਦੀ ਹੈ।

ਡੀਜੀਪੀ ਇੰਟੈਲੀਜੈਂਸ ਪੰਜਾਬ ਪੁਲਿਸ ਦੇ ਮੁੱਖ ਦਫਤਰ ਵਿਖੇ ਹੋਈ ਇਸ ਮੀਟਿੰਗ ਵਿੱਚ ਏ.ਆਈ.ਜੀ. ਪਟਿਆਲਾ ਰੇਂਜ ਇੰਟੈਲੀਜੈਂਸ ਗੁਰਸ਼ਰਨ ਦੀਪ ਸਿੰਘ ਬਰਾੜ, ਡੀਸੀਪੀ ਸੁਖਬੀਰ ਸਿੰਘ ਇੰਟੈਲੀਜੈਂਸ ਪਟਿਆਲਾ ਵੀ ਮੌਜੂਦ ਸਨ।

# ਰੱਖੜਾ ਦੇ ਕਰੀਬੀ 3 ਉਮੀਦਵਾਰ ਬਲਾਕ ਸੰਮਤੀ ਚੋਣ ਜਿੱਤੇ; ਜੇਤੂ ਉਮੀਦਵਾਰਾਂ ਨੂੰ ਰੱਖੜਾ ਨੇ ਕੀਤਾ ਸਨਮਾਨਤ



ਪਟਿਆਲਾ, 23 ਦਸੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਕਰੀਬੀ ਤਿੰਨ ਬਲਾਕ ਸੰਮਤੀ ਮੈਂਬਰਾਂ ਨੂੰ ਜਿੱਤਣ ਉਪਰੰਤ ਰੱਖੜਾ ਟੈਕਨੋਲਜੀ ਵਿਖੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿਚ ਰਣਜੀਤ ਸਿੰਘ ਰਿੰਕੂ ਜੋਨ ਰਣਬੀਰਪੁਰਾ, ਹਰੀਨਗਰ ਖੇੜਕੀ ਜੋਨ ਤੋਂ ਕਰਮਜੀਤ ਕੌਰ ਤੇ ਦਦਹੇੜਾ ਜੋਨ ਤੋਂ ਧਰਮਿੰਦਰ ਸਿੰਘ ਆਸੇਮਾਜਰਾ ਸ਼ਾਮਲ ਹਨ। ਇਸ ਮੌਕੇ ਰੱਖੜਾ ਨੇ ਆਪਣੇ ਵਰਕਰਾਂ ਦੀ ਹੌਂਸਲਾ ਅਫਜਾਈ ਕਰਦੇ ਹੋਏ ਕਿਹਾ ਕਿ ਤਕੜੇ ਹੋ ਕੇ ਪੁਨਰ ਸੁਰਜੀਤੀ ਅਕਾਲੀ ਦਲ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਸੂਬੇ ਦੇ ਹਿੱਤਾਂ ਲਈ ਵੱਡੀ ਖੇਤਰੀ ਪਾਰਟੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਧੱਕੇਸ਼ਾਹੀ ਦੇ ਬਾਵਜੂਦ ਵੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਨੇ ਪਾਰਟੀ ਤੋਂ ਖੜ੍ਹੇ ਉਮੀਦਵਾਰਾਂ ਨੇ ਜਿੱਤ ਦਰਜ ਕਰਵਾ ਕੇ ਹੋਰਨਾਂ ਪਾਰਟੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਰੱਖੜਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸੂਬੇ ਅੰਦਰ ਬਦਲਾਅ ਲਿਆਉਣ ਦੀ ਤਾਕ ਵਿਚ ਹਨ ਅਤੇ ਇਹਨਾਂ ਰਵਾਇਤੀ ਪਾਰਟੀਆਂ ਨੂੰ ਚੱਲਦਾ ਕਰਨ ਲਈ ਤਿਆਰੀ ਖਿੱਚੀ ਬੈਠੇ ਹਨ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿਚ ਜੋ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਵੱਲੋਂ ਚੋਣ ਮੈਦਾਨ ਵਿਚ ਉਤਾਰੇ ਗਏ ਸਨ, ਉਨ੍ਹਾਂ ਵਿਚੋਂ ਵੱਡੀ ਲੀਡ ਨਾਲ ਜਿੱਤ ਹਾਸਲ ਕਰਨ ਕਾਰਨ ਸਮੁੱਚੇ ਅਕਾਲੀ ਵਰਕਰਾਂ ਦੇ ਹੌਂਸਲੇ ਬੁਲੰਦ ਹੋਏ ਹਨ। ਇਸ ਮੌਕੇ ਐਡਵੋਕੇਟ ਭੁਪਿੰਦਰ ਸਿੰਘ ਭਿੰਡਰ ਕੋਰਜੀਵਾਲਾ, ਕੁਲਵੰਤ ਸਿੰਘ ਦਦਹੇੜਾ, ਨਰਿੰਦਰ ਸਿੰਘ, ਹਰਪ੍ਰੀਤ ਸਿੰਘ, ਰਘਬੀਰ ਸਿੰਘ ਕਲਿਆਣ, ਨਿਰਪਾਲ ਸਿੰਘ, ਮਨਿੰਦਰ ਸਿੰਘ, ਹਰਿੰਦਰ ਸਿੰਘ, ਹਰਮਨ ਬੱਲ, ਸਾਬਕਾ ਸਰਪੰਚ ਗੁਰਪ੍ਰੀਤ ਖੇੜਕੀ, ਵਰਿੰਦਰ ਖੇੜਕੀ, ਮਲਕੀਤ ਸਿੰਘ ਨੰਬਰਦਾਰ, ਗੁਰਤੇਜ ਸਿੰਘ, ਬੱਬੀ ਨੰਬਰਦਾਰ, ਗੁਰਪਿਆਰ ਸਿੰਘ, ਮੁਖਤਿਆਰ ਸਿੰਘ ਖੇੜਕੀ, ਪੀ.ਏ. ਸੁੱਖੀ ਮੂੰਡਖੇੜਾ ਆਦਿ ਹਾਜ਼ਰ ਸਨ।

# ਹਲਕਾ ਇੰਚਾਰਜ ਹਰਿਆਊ ਨੇ ਜੇਤੂ ਉਮੀਦਵਾਰਾਂ ਨੂੰ ਕੀਤਾ ਸਨਮਾਨਿਤ



ਪਟਿਆਲਾ, 23 ਦਸੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਹਲਕਾ ਸਮਾਣਾ ਦੇ ਇੰਚਾਰਜ ਅਤੇ ਜ਼ਿਲ੍ਹਾ ਪਟਿਆਲਾ ਦੇ ਦਿਹਾਤੀ ਪ੍ਰਧਾਨ ਜਥੇਦਾਰ ਜਗਮੀਤ ਸਿੰਘ ਹਰਿਆਊ ਵੱਲੋਂ ਹਲਕਾ ਸਮਾਣਾ ਦੇ ਵਿੱਚ ਬਲਾਕ ਸੰਮਤੀ ਜਿੱਤੇ ਉਮੀਦਵਾਰਾ ਨੂੰ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਜੋ ?ਨ ਰੰਧਾਵਾ ਤੋ ਬੀਬੀ ਪਲਵਿੰਦਰ ਕੌਰ ਪਤਨੀ ਹੁਸ਼ਿਆਰ ਸਿੰਘ ਚੀਮਾ ,ਜ਼ੋਨ ਚੌਂਹਠ ਤੋਂ ਬੀਬੀ ਪ੍ਰਦੀਪ ਕੌਰ ਪਤਨੀ ਗੁਰਪ੍ਰਤਾਪ ਸਿੰਘ ਸੰਧੂ, ਤੇ ਫਤਿਹਪੁਰ ਜੋਨ ਤੋਂ ਬੀਬੀ ਹਰਪ੍ਰੀਤ ਕੌਰ ਪਤਨੀ ਹਰਜੋਤ ਸਿੰਘ ਨੇ ਜਿੱਤ ਪ੍ਰਾਪਤ ਕੀਤੀ ਹੈ। ਇਹਨਾਂ ਜੇਤੂ ਉਮੀਦਵਾਰਾਂ ਨੂੰ ਸਨਮਾਨਿਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਆਪ ਸਰਕਾਰ ਦੀ ਧੱਕੇਸ਼ਾਹੀ ਦੇ ਬਾਵਜੂਦ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਸੂਬੇ ਅੰਦਰੋਂ ਵੱਡੀ ਜਿੱਤ ਹੋਣਾ ਮਾਣ ਵਾਲੀ ਗੱਲ ਹੈ ਜਿਸ ਤੋਂ ਸਾਫ ਪਤਾ ਚਲਦਾ ਹੈ ਕਿ ਅੱਜ ਵੀ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਅਥਾਹ ਪਿਆਰ ਕਰਦੇ ਹਨ ਤਾਂ ਹੀ ਇਹਨਾਂ ਚੋਣਾਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਲੋਕਾਂ ਨੇ ਜਿਤਾ ਕੇ ਭੇਜਿਆ ਹੈ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਇਹਨਾਂ ਚੋਣਾਂ ਵਿੱਚ ਵੀ ਚੜ੍ਹਤ ਬਰਕਰਾਰ ਰਹੀ ਹੈ ਭਾਵੇਂ ਕਿ ਮੌਜੂਦਾ ਸਰਕਾਰ ਨੇ ਧੱਕੇਸ਼ਾਹੀ ਕੀਤੀ ਉਨਾਂ ਕਿਹਾ ਕਿ 2027 ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਤਾ ਵਿੱਚ ਜਰੂਰ ਆਵੇਗੀ ਕਿਉਂਕਿ ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇੱਕ ਵੱਡੀ ਖੇਤਰੀ ਪਾਰਟੀ ਹੋਵੇ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਜੋ ਸੂਬੇ ਦੇ ਵਿਕਾਸ ਕਾਰਜ ਕੀਤੇ ਹਨ ਉਹਨਾਂ ਦਾ ਮੌਜੂਦਾ ਸਰਕਾਰ ਕੋਲ ਕੋਈ ਤੋੜ ਨਹੀਂ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਪਿਆਰ ਕਰਦੇ ਹਨ ਤਾਂ ਹੀ ਤਰਨਤਾਰਨ ਤੋਂ ਬਾਅਦ ਜ਼ਿਲਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਵੀ ਪਾਰਟੀ ਦੀ ਮਜਬੂਤੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾ ਕੇ ਭੇਜਿਆ ਹੈ ਇਹ ਜਿੱਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪਤਾ ਚੱਲ ਚੁੱਕਿਆ ਹੈ ਕਿ ਪੰਜਾਬ ਦੇ ਲੋਕ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਨੂੰ ਦੇਖਣ ਲਈ ਉਤਾਵਲੇ ਹਨ।

# ਜੀ. ਆਰ.ਪੀ ਦੇ ਸਪੈਸ਼ਲ ਡੀਜੀਪੀ ਸ਼ਸ਼ੀ ਪ੍ਰਭਾ ਦਿਵੇਦੀ ਨੇ ਖੁਦ ਸਾਈਕਲ ਚਲਾ ਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ

## ਰੇਲਵੇ ਪੁਲਿਸ ਨੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪਟਿਆਲਾ 'ਚ ਸਾਈਕਲ ਰੈਲੀ ਕੱਢੀ



ਪਟਿਆਲਾ, 23 ਦਸੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਰੇਲਵੇ ਪੁਲਿਸ ਦੇ ਸਪੈਸ਼ਲ ਡੀਜੀਪੀ ਮੈਡਮ ਸ਼ਸ਼ੀ ਪ੍ਰਭਾ ਦਿਵੇਦੀ ਨੇ ਅੱਜ ਨਿਵੇਕਲੀ ਪਹਿਲਕਦਮੀ ਕਰਦਿਆਂ ਪਟਿਆਲਾ ਸ਼ਹਿਰ ਅੰਦਰ ਖੁਦ ਸਾਈਕਲ ਚਲਾ ਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਹੈ। ਅੱਜ ਇੱਥੇ ਜੀ.ਆਰ.ਪੀ.,ਪੰਜਾਬ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਵਿਖੇ ਨਸ਼ਿਆਂ ਦੀ ਭਿਆਨਕ ਸਮੱਸਿਆ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਕੱਢੀ ਗਈ ਸਾਈਕਲ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਸਪੈਸ਼ਲ ਡੀਜੀਪੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ.,ਪੰਜਾਬ ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਅਰੰਭੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਰੇਲਵੇ ਪੁਲਿਸ ਨੇ ਵੀ ਆਪਣਾ ਯੋਗਦਾਨ ਪਾਇਆ ਹੈ।

ਸ਼ਸ਼ੀ ਪ੍ਰਭਾ ਦਿਵੇਦੀ ਨੇ ਦੱਸਿਆ ਕਿ ਇਸ ਰੈਲੀ ਦਾ ਮੁੱਖ ਉਦੇਸ਼ ਪੰਜਾਬ ਦੇ ਨੌਜਵਾਨਾਂ ਦੀ ਸਰੀਰਿਕ ਤੰਦਰੁਸਤੀ ਅਤੇ ਖੇਡਾਂ ਵੱਲ ਰੁਚੀ ਨੂੰ ਵਧਾਉਣ ਲਈ ਆਮ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਇਹ ਸਾਈਕਲ ਰੈਲੀ ਦਫਤਰ ਪਟਿਆਲਾ ਤੋ ਸੁਰੂ ਹੋ ਕੇ ਫੁਆਰਾ ਚੌਂਕ, ਪੋਲੋ ਗਰਾਊਂਡ ਰੋਡ, ਮਹਿੰਦਰਾ ਕਾਲਜ, ਐਨ.ਆਈ.ਐਸ ਚੌਂਕ, ਵਾਈ.ਪੀ.ਐਸ ਚੌਂਕ ਅਤੇ ਠੀਕਰੀ ਵਾਲਾ ਚੌਂਕ ਆਦਿ ਵਗੈਰਾ ਤੋਂ ਵਾਪਸ ਦਫਤਰ ਹੈਡਕੁਆਟਰ ਜੀ.ਆਰ.ਪੀ.,ਪੰਜਾਬ ਵਿਖੇ ਸਮਾਮਤ ਹੋਈ।

ਇਸ ਮੌਕੇ ਸੰਬੋਧਨ ਕਰਦਿਆਂ ਸਪੈਸ਼ਲ ਡੀਜੀਪੀ ਮੈਡਮ ਸ਼ਸ਼ੀ ਪ੍ਰਭਾ ਦਿਵੇਦੀ ਨੇ ਕਿਹਾ ਕਿ ਨਸ਼ੇ ਇੱਕ ਗੰਭੀਰ ਸਮਾਜਿਕ ਬੁਰਾਈ ਹਨ, ਜਿਨ੍ਹਾਂ ਦਾ ਖ਼ਾਤਮਾ ਸਿਰਫ ਸਾਂਝੇ ਉਪਰਾਲਿਆ, ਜਾਗਰੂਕਤਾ ਅਤੇ ਲੋਕਾਂ ਦੀ ਸਰਗਰਮ ਭਾਗੇਦਾਰੀ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਨਸ਼ਿਆਂ ਵਿਰੁੱਧ ਇਸ ਤਰ੍ਹਾਂ ਦੇ ਜਾਗਰੂਕਤਾ ਉਪਰਾਲੇ ਲਗਾਤਾਰ ਜਾਰੀ ਰਹਿਣਗੇ।

ਸਾਈਕਲ ਰੈਲੀ ਵਿੱਚ ਜੀ.ਆਰ.ਪੀ., ਯੂਨਿਟ ਦੇ ਅਧਿਕਾਰੀ, ਜ਼ਿਲ੍ਹਾ ਪੁਲਿਸ, ਪਟਿਆਲਾ ਦੇ ਅਧਿਕਾਰੀ ਅਤੇ ਹੋਰ ਕਰਮਚਾਰੀਆਂ ਦੇ ਨਾਲ-ਨਾਲ ਖਿਡਾਰੀਆਂ ਵਲੋਂ ਵੀ ਭਾਗ ਲਿਆ ਗਿਆ। ਇਸ ਸਾਈਕਲ ਦੌਰਾਨ ਨਸ਼ਿਆਂ ਵਿਰੁੱਧ ਸਮਾਜ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਸਰੀਰਿਕ ਤੰਦਰੁਸਤੀ, ਅਨੁਸ਼ਾਸ਼ਨ ਅਤੇ ਸਕਾਰਾਤਮਦ ਸੋਚ ਨੂੰ ਨਸ਼ਿਆ ਵਿਰੁੱਧ ਲੜਾਈ ਦੇ ਮਹੱਤਵਪੂਰਨ ਹਥਿਆਰ ਵਜੋਂ ਉਜਾਗਰ ਕੀਤਾ ਗਿਆ।

# ਜ਼ਿਲ੍ਹਾ ਮਲੇਰਕੋਟਲਾ 'ਚ ਸੇਫ਼ ਸਕੂਲ ਵਾਹਨ ਮੁਹਿੰਮ ਤਹਿਤ ਸਕੂਲ ਬੱਸਾਂ ਦੀ ਜਾਂਚ



ਮਲੇਰਕੋਟਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮਾਲੇਰਕੋਟਲਾ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੇਫ਼ ਸਕੂਲ ਵਾਹਨ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 16 ਦਸੰਬਰ ਅਤੇ 18 ਦਸੰਬਰ ਨੂੰ ਸਕੂਲ ਬੱਸਾਂ ਦੀ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਗਈ।

ਇਸ ਗੱਲ ਦੀ ਜਾਣਕਾਰੀ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਸੰਧੂ ਨੇ ਦਿੱਤੀ। ਇਸ ਮੁਹਿੰਮ ਦੌਰਾਨ ਕੁੱਲ 23 ਸਕੂਲ ਵਾਹਨਾਂ ਦੀ ਚੈਕਿੰਗ ਕੀਤੀ ਗਈ, ਜਿਸ ਵਿੱਚੋਂ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਰਨ ਵਾਲੇ 5 ਵਾਹਨਾਂ ਦੇ ਚਲਾਨ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਸਕੂਲਾਂ ਵਿੱਚ ਬੱਚਿਆਂ ਨੂੰ ਲਿਜਾਣ ਅਤੇ ਛੱਡਣ ਵਾਲੇ ਵਾਹਨਾਂ ਦੀ ਸੁਰੱਖਿਆ ਮਿਆਰਾਂ ਅਨੁਸਾਰ ਜਾਂਚ ਕਰਨਾ ਸੀ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਚਾਹੀ ਘਟਨਾ ਤੋਂ ਬਚਾਅ ਕੀਤਾ ਜਾ ਸਕੇ। ਚੈਕਿੰਗ ਦੌਰਾਨ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਵਾਹਨ ਚਾਲਕਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਕਿ ਜਲਦ ਤੋਂ ਜਲਦ ਸਾਰੇ ਲੋੜੀਂਦੇ ਦਸਤਾਵੇਜ਼ ਅਤੇ ਸੁਰੱਖਿਆ ਉਪਕਰਨ ਪੂਰੇ ਕੀਤੇ ਜਾਣ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਸਭ ਤੋਂ ਵੱਡੀ ਤਰਜੀਹ ਦਿੱਤੀ ਜਾਵੇ।

# ਉਲੰਪੀਅਨ ਬਨਣ ਲਈ ਯਤਨਸ਼ੀਲ ਅਵਲੀਨ ਕੌਰ

ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਅਤੇ ਸ਼ਾਇਦ ਭਾਰਤ ਵਿੱਚ ਅਵਲੀਨ ਕੌਰ, ਅਜਿਹੀ ਛੋਟੀ ਬੱਚੀ ਹੈ ਜ਼ੋ ਹੁਣੇ ਤੋਂ ਹੀ ਉਲੰਪੀਅਨ ਬਨਣ ਦੀ ਤਿਆਰੀ ਕਰ ਰਹੀ ਹੈ। 13 ਸਾਲਾਂ ਦੀ ਅਵਲੀਨ ਕੌਰ, ਪੀ ਐਮ ਸ੍ਰੀ ਕੇਂਦਰੀ ਵਿਦਿਆਲਿਆਂ ਨੰਬਰ 1, ਪਟਿਆਲਾ ਦੀ ਸੱਤਵੀਂ ਕਲਾਸ ਦੀ ਵਿਦਿਆਰਥਣ ਹੈ। ਉਸਨੇ ਤਿੰਨ ਸਾਲਾਂ ਦੀ ਉਮਰ ਤੋਂ ਹੀ ਤਾਈਕਵਾਡੋਂ ਮੁਕਾਬਲਿਆਂ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ। ਆਪਣੇ ਕੋਚ ਸਾਹਿਬਾਨਾਂ ਦੇ ਹੁਕਮਾਂ ਅਨੁਸਾਰ ਉਹ ਹਰ ਮੌਸਮ ਵਿੱਚ ਅਭਿਆਸ ਕਰਨ ਲਈ ਗਰਾਊਂਡ ਵਿਖੇ ਆਪਣੇ ਪਿਤਾ ਸੋਨੂੰ ਜਾਂ ਮਾਤਾ ਗੁਰਪ੍ਰੀਤ ਕੌਰ ਨਾਲ ਪਹੁੰਚ ਜਾਂਦੀ ਹੈ। ਉਸਨੂੰ ਆਪਣੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਅਰੁਣ ਕੁਮਾਰ ਅਤੇ ਅਧਿਆਪਕਾਂ ਵਲੋਂ ਹਮੇਸ਼ਾ ਸਹਿਯੋਗ, ਸਹਾਇਤਾ ਅਤੇ ਉਤਸ਼ਾਹ ਮਿਲਦੇ ਹਨ। ਉਸਨੇ ਕੇਂਦਰੀ ਵਿਦਿਆਲਿਆਂ ਸਗੰਠਨ ਵਲੋਂ ਕਰਵਾਏ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਬੰਗਲੋਰ ਵਿਖੇ ਭਾਗ ਲੈਕੇ, ਸਿਲਵਰ ਮੈਡਲ ਪ੍ਰਾਪਤ ਕੀਤਾ। ਉਸਨੇ ਅੰਤਰਰਾਸ਼ਟਰੀ ਪੱਧਰ ਤੇ ਥਾਈਲੈਂਡ ਵਿਖੇ ਭਾਗ ਲਿਤਾ ਅਤੇ ਸਿਲਵਰ ਮੈਡਲ ਪ੍ਰਾਪਤ ਕੀਤਾ। ਭਾਰਤ ਸਰਕਾਰ ਦੇ ਸਪੀਕਰ ਸ਼੍ਰੀ ਓਮ ਬਿਰਲਾ ਜੀ ਵਲੋਂ ਅਵਲੀਨ ਕੌਰ ਕੌਰ ਨੂੰ ਪਾਰਲੀਮੈਂਟ ਵਿਖੇ ਸਨਮਾਨਿਤ ਕੀਤਾ। 2023 ਵਿੱਚ ਅਵਲੀਨ ਦਾ ਨਾਮ ਅੰਤਰਰਾਸ਼ਟਰੀ ਲਿਮਕਾ ਬੁੱਕ ਵਿੱਚ ਵੀ ਦਰਜ਼ ਹੋਇਆ ਹੈ। ਅਵਲੀਨ ਦੀ ਮਾਂ ਅਤੇ ਪਿਤਾ, ਮਹਿਨਤ ਮਜ਼ਦੂਰੀ ਕਰਕੇ, ਆਪਣੀ ਬੇਟੀ ਨੂੰ ਪੜਾਉਣ ਅਤੇ ਖੇਡਾਂ ਵਿੱਚ ਸਰਵੋਤਮ ਖਿਡਾਰੀ ਬਣਾਉਂਣ ਲਈ ਯਤਨਸ਼ੀਲ ਰਹਿੰਦੇ ਹਨ। ਜੇਕਰ ਪੰਜਾਬ ਸਰਕਾਰ ਅਜਿਹੇ ਬੱਚਿਆਂ ਨੂੰ ਖੇਡਾਂ ਖੇਡਣ ਲਈ ਮਾਲੀ ਸਹਾਇਤਾ ਦਿੱਤੀ ਜਾਵੇ ਤਾਂ ਹਜ਼ਾਰਾਂ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਕੇ, ਪੰਜਾਬੀ ਵਿਦਿਆਰਥੀਆਂ ਨੂੰ ਨਸ਼ਿਆਂ ਅਪਰਾਧਾਂ ਤੋਂ ਬਚਾਕੇ, ਪੰਜਾਬ ਨੂੰ ਸਿਹਤਮੰਦ ਤਦੰਰੁਸਤ ਸੁਰੱਖਿਅਤ ਖੁਸ਼ਹਾਲ ਰੰਗਲਾ ਅਤੇ ਖਿਡਾਰੀਆਂ ਦਾ ਪੰਜਾਬ ਬਣਾਇਆ ਜਾ ਸਕਦਾ ਹੈ।

# ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੀ ਮੀਟਿੰਗ ਮਿਨੀ ਸਕੱਤਰੇਤ ਵਿਖੇ ਆਯੋਜਿਤ




ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ ਬਿਜਲੀ ਵਿੰਗ ਦੇ ਆਉਟਸੋਰਸ ਅਤੇ ਸਿਵਲ ਵਿੰਗ ਦੇ ਆਉਟਸੋਰਸ ਕਰਮੀਆਂ ਦੀ ਮੀਟਿੰਗ ਨਿਰਮਾਣ ਭਵਨ ਮਿੰਨੀ ਸਕੱਤਰੇਤ ਪਟਿਆਲਾ ਵਿੱਖੇ ਸੂਬਾ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਲੂਬਾਣਾ ਜੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਬਿਜਲੀ ਵਿੰਗ ਦੇ ਪ੍ਰਧਾਨ ਮੋਦ ਨਾਥ ਸ਼ਰਮਾ, ਸਿਵਲ ਵਿੰਗ ਦੇ ਪ੍ਰਧਾਨ ਨਿਸ਼ਾ ਰਾਣੀ ਤੇ ਸੁਭਾਸ਼ ਕੁਮਾਰ, ਸੁਰਜੀਤ ਕੁਮਾਰ, ਗਗਨਦੀਪ ਸਿੱਧੂ, ਰਮਨਦੀਪ ਸ਼ਰਮਾ, ਸਰਬੱਤ ਸਿੰਘ, ਕੁਲਵਿੰਦਰ ਸਿੰਘ, ਗੁਰਮੀਤ ਸਿੰਘ ਅਤੇ ਓਂਕਾਰ ਸਿੰਘ ਆਦਿ ਆਗੂ ਤੇ ਮੈਬਰ ਸਾਥੀ ਸ਼ਾਮਲ ਹੋਏ। ਮੀਟਿੰਗ ਵਿੱਚ 8 ਦਸੰਬਰ 2025 ਨੂੰ ਵਿਸ਼ੇਸ਼ ਸਕੱਤਰ ਪੰਜਾਬ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਚੰਡੀਗੜ੍ਹ ਜੀ ਨਾਲ ਹੋਈ ਮੀਟਿੰਗ ਦੇ ਵੇਰਵੇ ਵਿਸਥਾਰ ਨਾਲ ਸ਼ਾਂਝੇ ਕੀਤੇ ਗਏ ਅਤੇ ਅਪੀਲ ਕੀਤੀ ਗਈ ਕੇ ਜੋ-ਜੋ ਸਾਥੀ ਕੰਟਰੈਕਟ/ਆਉਟਸੋਰਸ ਨੇ ਸਾਰੇ ਇੱਕਠੇ ਰਹਿਣ ਤਾਂ ਜੋ ਉਨ੍ਹਾਂ ਨੂੰ ਵਿਭਾਗ ਵਿੱਚ ਖਪਾਉਣ ਅਤੇ ਪੱਕੇ ਕਰਵਾਉਣ ਲਈ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿੱਚ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਵਾਉਣ ਦੇ ਭਰਪੂਰ ਯਤਨ ਕੀਤੇ ਜਾਣ। ਮੀਟਿੰਗ ਵਿੱਚ ਸਾਥੀਆਂ ਵੱਲੋਂ ਸਰਕਾਰ ਨਾਲ ਹੋਈ ਗਲਬਾਤ ਦੀ ਤਸੱਲੀ ਪ੍ਰਗਟ ਕੀਤੀ।

# ਪਟਿਆਲਾ ਰੇਂਜ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ: ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ

ਪਟਿਆਲਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਜਨ ਹਿੱਤ ਸੰਮਤੀ ਪਟਿਆਲਾ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ , ਸਾਂਝ ਸੰਪਰਕ ਪ੍ਰੋਜੈਕਟ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਸ਼ਿਰਕਤ ਕੀਤੀ।ਪ੍ਰਧਾਨਗੀ ਐਸ ਕੇ ਗੋਤਮ ਪ੍ਰਧਾਨ ਜਨ ਹਿੱਤ ਸੰਮਤੀ ਪਟਿਆਲਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਅਤੇ ਸਟੇਟ ਐਵਾਰਡੀ ਵਿਨੋਦ ਸ਼ਰਮਾ ਜਰਨਲ ਸਕੱਤਰ ਜਨ ਹਿੱਤ ਸੰਮਤੀ ਪਟਿਆਲਾ ਨੇ ਕੀਤਾ ।ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਸਿੱਖਿਆ ਸ਼ਾਸਤਰੀ ਅਨਿਲ ਭਾਰਤੀ,ਪ੍ਰੀਤਮੋਹਨ ਸਿੰਘ ਯੂ ਐਸ ਏ , ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਦੀਨਾ ਨਾਥ ਰਾਜੋਲੀਆ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ,ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ,ਪਾਵਰ ਹਾਊਸ ਯੂਥ ਕਲੱਬ ਅਤੇ ਜਨ ਹਿੱਤ ਸੰਮਤੀ ਵੱਲੋਂ ਨਸ਼ਿਆਂ ਵਿਰੁੱਧ ਨੋਜਵਾਨਾ ਨੂੰ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਨੋਜਵਾਨਾ ਅਤੇ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣ ਤਾ ਜੌ ਉਹਨਾਂ ਤੇ ਸਮਾ ਰਹਿਦਿਆਂ ਕਾਰਵਾਈ ਕੀਤੀ ਜਾ ਸਕੇ। ਉਹਨਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਜੀ ਵਲੋਂ ਸਖਤ ਹਿਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਨਾਲ ਨਿੱਜਠੀਆ ਜਾਵੇ ਅਤੇ ਇਸ ਤਹਿਤ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ । ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਤੋਂ ਬਚਾਉਣਾ ਸਿਰਫ਼ ਪੁਲਿਸ ਦੀ ਜ਼ਿੰਮੇਵਾਰੀ ਨਹੀਂ ਹੈ ਸਗੋਂ ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਬੱਚਿਆਂ ਦੀਆਂ ਗਤੀਵਿਧੀ ਤੇ ਨਜ਼ਰ ਰੱਖ ਕੇ ਅਤੇ ਉਹਨਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਕੇ ਹੀ ਇਸ ਸਮੱਸਿਆਂ ਦਾ ਹੱਲ ਕੀਤਾ ਜਾ ਸਕਦਾ ਹੈ। ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਅਤੇ ਉਹਨਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਪੰਜਾਬ ਪੁਲਿਸ ਨੂੰ ਸਹਿਯੋਗ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ ਹੈ ਅਤੇ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੌ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਉਹਨਾਂ ਨੂੰ ਨਸ਼ਿਆਂ ਤੋਂ ਬਚਾਉਣ ਵਿੱਚ ਅਹਿਮ ਯੋਗਦਾਨ ਪਾਇਆ ਜਾ ਸਕੇ।ਉਹਨਾਂ ਕਿਹਾ ਕਿ ਉਹੋ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਹਰ ਸਮੇਂ ਤਿਆਰ ਹਨ। ਫੋਟੋ ਕੈਪਸਨ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦੌਰਾਨ ਪਹੁੰਚੇ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਕੇ ਗੋਤਮ, ਬਲਜਿੰਦਰ ਸ਼ਰਮਾ ਪੰਜੋਲਾ,ਪਰਮਿੰਦਰ ਭਲਵਾਨ।

# ਸਰਦੀ ਦੀਆਂ ਛੁੱਟੀਆਂ ਵਿੱਚ ਵਿਦਿਆਰਥੀਆਂ ਨੂੰ ਪ੍ਰੇਰਿਤ ਕਿਵੇਂ ਕੀਤਾ ਜਾਵੇ ?

ਨਾਭਾ, 23 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਰਦੀ ਦੀਆਂ ਛੁੱਟੀਆਂ ਵਿਦਿਆਰਥੀਆਂ ਲਈ ਆਰਾਮ ਅਤੇ ਮਨੋਰੰਜਨ ਦਾ ਸਮਾਂ ਹੁੰਦੀਆਂ ਹਨ, ਪਰ ਅਕਸਰ ਇਸ ਦੌਰਾਨ ਪੜ੍ਹਾਈ ਤੋਂ ਦੂਰੀ ਬਣ ਜਾਂਦੀ ਹੈ। ਠੰਢਾ ਮੌਸਮ, ਦੇਰ ਨਾਲ ਉੱਠਣਾ ਅਤੇ ਮੋਬਾਈਲ ਜਾਂ ਟੀਵੀ ਵੱਲ ਵਧਦਾ ਰੁਝਾਨ ਵਿਦਿਆਰਥੀਆਂ ਦੀ ਉਤਸ਼ਾਹਨਾ ਨੂੰ ਘਟਾ ਦਿੰਦਾ ਹੈ। ਐਸੇ ਵਿੱਚ ਮਾਪਿਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਰਦੀ ਦੀਆਂ ਛੁੱਟੀਆਂ ਨੂੰ ਸਿਰਫ਼ ਵਿਹਾਰ ਨਹੀਂ, ਸਗੋਂ ਸਿੱਖਣ ਅਤੇ ਸਵੈ-ਵਿਕਾਸ ਦਾ ਮੌਕਾ ਬਣਾਉਣ।

ਸਭ ਤੋਂ ਪਹਿਲਾਂ, ਵਿਦਿਆਰਥੀਆਂ ਲਈ ਲਚਕੀਲਾ ਅਤੇ ਰੁਚਿਕਰ ਅਧਿਐਨ-ਤਹਿਰੀਕ ਬਣਾਈ ਜਾਵੇ। ਲੰਬੇ-ਲੰਬੇ ਪਾਠਾਂ ਦੀ ਥਾਂ ਛੋਟੇ ਲਕਸ਼ ਤੈਅ ਕੀਤੇ ਜਾਣ—ਜਿਵੇਂ ਦਿਨ ਵਿੱਚ ਇੱਕ ਘੰਟਾ ਪੜ੍ਹਾਈ, ਇੱਕ ਅਧਿਆਇ ਦੀ ਦੁਹਰਾਈ ਜਾਂ ਰਚਨਾਤਮਕ ਲਿਖਤ। ਇਸ ਨਾਲ ਵਿਦਿਆਰਥੀ ਬੋਝ ਮਹਿਸੂਸ ਨਹੀਂ ਕਰਦੇ ਅਤੇ ਨਿਯਮਿਤ ਰਹਿੰਦੇ ਹਨ।



ਰੇਖਾ ਰਾਣੀ ਈ.ਟੀ.ਟੀ. ਅਧਿਆਪਕ
ਸ.ਪ. ਸ ਆਨੰਦ ਨਗਰ ਬੀ
(ਪਟਿਆਲਾ)

ਦੂਜਾ, ਸਿਰਜਣਾਤਮਕ ਗਤਿਵਿਧੀਆਂ ਨੂੰ ਉਤਸ਼ਾਹ ਦਿੱਤਾ ਜਾਵੇ। ਪੜ੍ਹਾਈ ਸਿਰਫ਼ ਕਿਤਾਬਾਂ ਤੱਕ ਸੀਮਤ ਨਾ ਰਹੇ; ਪੋਸਟਰ ਬਣਾਉਣਾ, ਪ੍ਰੋਜੈਕਟ ਤਿਆਰ ਕਰਨਾ, ਕਹਾਣੀ ਲਿਖਣਾ, ਜਾਂ ਸਿੱਖਿਆਤਮਕ ਵੀਡੀਓ ਦੇਖ ਕੇ ਨੋਟਸ ਬਣਾਉਣਾ—ਇਹ ਸਭ ਵਿਦਿਆਰਥੀਆਂ ਦੀ ਦਿਲਚਸਪੀ ਵਧਾਉਂਦੇ ਹਨ। ਤੀਜਾ, ਖੇਡ ਅਤੇ ਸਿਹਤਮੰਦ ਆਦਤਾਂ 'ਤੇ ਧਿਆਨ ਦਿੱਤਾ ਜਾਵੇ। ਹਲਕੀ ਕਸਰਤ, ਯੋਗਾ ਜਾਂ ਖੁੱਲ੍ਹੇ ਮੈਦਾਨ ਵਿੱਚ ਖੇਡਣਾ ਮਨ ਨੂੰ ਤਾਜ਼ਗੀ ਦਿੰਦਾ ਹੈ। ਸਿਹਤਮੰਦ ਸਰੀਰ ਹੀ ਸਿਹਤਮੰਦ ਮਨ ਦਾ ਆਧਾਰ ਹੈ। ਚੌਥਾ, ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਮਾਪੇ ਬੱਚਿਆਂ ਨਾਲ ਸਮਾਂ ਬਿਤਾਉਣ, ਉਨ੍ਹਾਂ ਦੇ ਲਕਸ਼ ਸੁਣਨ ਅਤੇ ਛੋਟੀਆਂ ਉਪਲਬਧੀਆਂ ਦੀ ਸਰਾਹਨਾ ਕਰਨ। ਡਾਂਟ ਦੀ ਥਾਂ ਹੌਸਲਾ ਅਫ਼ਜ਼ਾਈ ਵਿਦਿਆਰਥੀ ਨੂੰ ਅੱਗੇ ਵਧਾਉਂਦੀ ਹੈ।

ਅੰਤ ਵਿੱਚ, ਸਰਦੀ ਦੀਆਂ ਛੁੱਟੀਆਂ ਨੂੰ ਰੁਕਾਵਟ ਨਹੀਂ, ਸਗੋਂ ਸੁਨਹਿਰਾ ਮੌਕਾ ਸਮਝਿਆ ਜਾਣਾ ਚਾਹੀਦਾ ਹੈ। ਠੀਕ ਦਿਸ਼ਾ-ਨਿਰਦੇਸ਼, ਪ੍ਰੇਰਣਾ ਅਤੇ ਸਹਿਯੋਗ ਨਾਲ ਵਿਦਿਆਰਥੀ ਨਾ ਸਿਰਫ਼ ਪੜ੍ਹਾਈ ਨਾਲ ਜੁੜੇ ਰਹਿੰਦੇ ਹਨ, ਸਗੋਂ ਆਪਣੇ ਅੰਦਰ ਛੁਪੀ ਕਾਬਲੀਅਤ ਨੂੰ ਵੀ ਨਿਖਾਰ ਸਕਦੇ ਹਨ।

ਕੌਮੀ ਪੱਤ੍ਰਿਕਾ

## ਸੰਪਾਦਕੀ

### ਫਾਰਮਾਸਿਊਟੀਕਲ ਸਮੱਗਰੀਆਂ 'ਤੇ ਘੱਟੋ-ਘੱਟ ਆਯਾਤ ਕਰ

ਲਾਜ਼ਮੀ ਫਾਰਮਾਸਿਊਟੀਕਲ ਸਮੱਗਰੀਆਂ 'ਤੇ ਘੱਟੋ-ਘੱਟ ਆਯਾਤ ਕਰ ਲਗਾਉਣ ਦਾ ਕੇਂਦਰ ਸਰਕਾਰ ਦਾ ਕਦਮ ਚੀਨ ਵੱਲੋਂ ਭੇਜੀਆਂ ਜਾਂਦੀਆਂ ਦਵਾਈਆਂ ਦੀਆਂ ਵੱਡੀਆਂ ਖੇਪਾਂ ਨੂੰ ਥੋੜ੍ਹਾ ਘਟਾ ਕੇ ਚੀਨ ਦਾ ਮੁਕਾਬਲਾ ਕਰਨ ਅਤੇ ਭਾਰਤ ਵਿੱਚ ਨਿਰਮਾਣ ਨੂੰ ਹੁਲਾਰਾ ਦੇਣ ਦੀ ਇੱਕ ਨਵੀਂ ਰਣਨੀਤੀ ਹੈ। ਅਜਿਹੀ ਘੱਟੋ-ਘੱਟ ਕੀਮਤ ਨਿਰਧਾਰਿਤ ਕਰਨ, ਜਿਸ ਤੋਂ ਹੇਠਾਂ ਦਵਾਈਆਂ ਬਣਾਉਣ ਲਈ ਵਰਤੀ ਜਾਂਦੀ ਸਮੱਗਰੀ ਨੂੰ ਆਯਾਤ ਕੀਤਾ ਹੀ ਨਾ ਜਾ ਸਕੇ, ਨਾਲ ਲਾਗਤਾਂ ਵਧ ਸਕਦੀਆਂ ਹਨ। ਇਹ ਕਦਮ ਵਾਜਬ ਮੁੱਲ 'ਤੇ ਮਿਲਣ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਸਬੰਧੀ ਮੁਹਿੰਮ ਨੂੰ ਮੱਠਾ ਕਰ ਸਕਦਾ ਹੈ, ਪਰ ਇਸ ਸਦਕਾ ਹਾਸਲ ਹੋ ਸਕਣ ਵਾਲਾ ਵੱਡਾ ਟੀਚਾ ਅਹਿਮ ਹੈ। ਸਥਾਨਕ ਉਤਪਾਦਕਾਂ ਨੂੰ ਬਰਾਬਰ ਮੌਕੇ ਦੇਣ ਨਾਲ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਸ ਨਾਲ ਚੀਨੀ ਆਯਾਤ 'ਤੇ ਨਿਰਭਰਤਾ ਘਟਾਈ ਜਾ ਸਕਦਾ ਹੈ ਅਤੇ ਐਂਟੀਬਾਇਓਟਿਕਸ ਅਤੇ ਕੋਲੈਸਟਰੋਲ ਘਟਾਉਣ ਵਾਲੀਆਂ ਦਵਾਈਆਂ ਲਈ ਸਪਲਾਈ ਲੜੀ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ। ਜੇਕਰ ਘਰੇਲੂ ਉਦਯੋਗ ਉੱਦਮ ਕਰੇ ਤਾਂ ਇਸ ਸਦਕਾ ਲੰਮੇ ਸਮੇਂ ਵਿੱਚ ਸਪਲਾਇਰਾਂ ਦੁਆਰਾ ਜਾਣਬੁੱਝ ਕੇ ਵੱਧ ਮਿਥੀਆਂ ਗਈਆਂ ਕੀਮਤਾਂ ਵਿੱਚ ਕਟੌਤੀ ਕੀਤੀ ਜਾ ਸਕਣ ਦੀ ਸੰਭਾਵਨਾ ਹੈ ਅਤੇ ਸਪਲਾਈ 'ਚ ਸੰਭਾਵੀ ਵਿਘਨ ਪੈਣ ਤੋਂ ਰੋਕੇ ਜਾ ਸਕਣਗੇ। ਦਰਅਸਲ, ਨਿਰਧਾਰਤ ਗੁਣਵੱਤਾ ਮਿਆਰਾਂ ਨੂੰ ਕਾਇਮ ਰੱਖਣ ਦੇ ਮਾਮਲੇ ਵਿੱਚ ਇਸ ਦੇ ਪੁਰਾਣੇ ਰਿਕਾਰਡ ਕਾਰਨ ਭਰੋਸਾ ਨਹੀਂ ਬੱਝਦਾ।ਨਵੀਂ ਆਯਾਤ ਪ੍ਰਣਾਲੀ ਵਿੱਚ ਜਿਸ ਕੱਚੇ ਮਾਲ ਦਾ ਜ਼ਿਕਰ ਕੀਤਾ ਗਿਆ ਹੈ, ਉਹ ਕੇਂਦਰ ਸਰਕਾਰ ਦੀ ਉਤਪਾਦ ਨਾਲ ਜੁੜੀ ਪ੍ਰੋਤਸਾਹਨ ਯੋਜਨਾ ਦਾ ਹਿੱਸਾ ਹੈ। ਹੁਣ ਇਹ ਜ਼ਿੰਮੇਵਾਰੀ ਫਾਰਮਾਸਿਊਟੀਕਲ ਖੇਤਰ ਦੀ ਹੈ ਕਿ ਇਸ ਨੀਤੀ ਦੀ ਵੱਧ ਤੋਂ ਵੱਧ ਚੰਗੇ ਢੰਗ ਨਾਲ ਵਰਤੋਂ ਕਿਵੇਂ ਕਰਨੀ ਹੈ। ਉਦਯੋਗਿਕ ਸੰਗਠਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਛੋਟੇ ਅਤੇ ਦਰਮਿਆਨੇ ਆਕਾਰ ਦੀਆਂ ਕੰਪਨੀਆਂ ਨੂੰ ਨੁਕਸਾਨ ਨਾ ਪਹੁੰਚੇ ਅਤੇ ਇਸ ਪ੍ਰਕਿਰਿਆ ਵਿੱਚ ਸ਼ਾਰਟਕੱਟਾਂ ਦਾ ਸਹਾਰਾ ਨਾ ਲਿਆ ਜਾਵੇ, ਜਿਸ ਨੇ ਪਹਿਲਾਂ ਹੀ ਬੇਪਰਵਾਹੀ ਅਤੇ ਉਦਾਸੀਨਤਾ ਦਾ ਮਾਹੌਲ ਬਣਾਇਆ ਹੋਇਆ ਹੈ। ਦਰਅਸਲ, ਬਹੁਤ ਸਾਰੇ ਮਾਮਲਿਆਂ ਵਿੱਚ ਅਜਿਹੇ ਰੁਖ਼ ਦੇ ਘਾਤਕ ਨਤੀਜੇ ਨਿਕਲੇ ਹਨ। ਫਾਰਮਾ ਖੇਤਰ ਅਜਿਹਾ ਉਦਯੋਗ ਹੈ, ਜੋ ਉਤਪਾਦਨ ਦੇ ਹਰ ਪੜਾਅ 'ਤੇ ਸਭ ਤੋਂ ਵੱਧ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ, ਪਰ ਬਹੁਤ ਸਾਰੀਆਂ ਸਨਅਤੀ ਇਕਾਈਆਂ ਦੀ ਕਾਰਗੁਜ਼ਾਰੀ ਸਾਡੇ ਦੇਸ਼ ਦੇ ਰੈਗੂਲੇਟਰੀ ਢਾਂਚੇ ਦੀ ਪ੍ਰਭਾਵਸ਼ੀਲਤਾ ਦੀ ਪਰਖ ਲੈਂਦੀ ਰਹਿੰਦੀ ਹੈ। ਸਿਸਟਮ 'ਚ ਪਹਿਲਾਂ ਹੀ ਬਹੁਤੀ ਲਚਕ ਨਹੀਂ ਰਹੀ ਕਿਉਂਕਿ ਬਹੁਤ ਸਾਰੀਆਂ ਰਜਿਸਟਰਡ ਛੋਟੀਆਂ ਅਤੇ ਦਰਮਿਆਨੇ ਆਕਾਰ ਦੀਆਂ ਇਕਾਈਆਂ 31 ਦਸੰਬਰ ਤੱਕ ਬਿਹਤਰ ਨਿਰਮਾਣ ਅਭਿਆਸਾਂ ਦੇ ਸੋਧੇ ਹੋਏ ਸ਼ਡਿਊਲ ਐਮ ਤਹਿਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਕਰਕੇ ਬੰਦ ਹੋਣ ਕੰਢੇ ਪੁੱਜ ਚੁੱਕੀਆਂ ਹਨ। ਸਮਾਂ-ਸੀਮਾ ਵਧਾਉਣ ਦੀ ਮੰਗ ਭਾਰਤ ਦੇ ਫਾਰਮਾਸਿਊਟੀਕਲ ਖੇਤਰ ਨੂੰ ਦਰਪੇਸ਼ ਸੰਕਟ ਨੂੰ ਉਜਾਗਰ ਕਰਦੀ ਹੈ ਕਿ ਇੰਨੀਆਂ ਮੁਸ਼ਕਿਲਾਂ ਦੇ ਬਾਵਜੂਦ ਗੁਣਵੱਤਾ ਦਾ ਮਿਆਰ ਕਿਵੇਂ ਯਕੀਨੀ ਬਣਾਇਆ ਜਾਵੇ। ਇਹੀ ਉਹ ਪੱਖ ਹੈ ਜਿਸ ਤਹਿਤ ਸਰਕਾਰੀ ਸਖ਼ਤੀ ਦੇ ਨਾਲ ਨਾਲ ਸਰਕਾਰੀ ਹਮਾਇਤ ਸਭ ਤੋਂ ਵੱਧ ਲੋੜੀਂਦੀ ਹੈ।

### ਹਰਿਆਣਾ 'ਚ 25.7 ਲੱਖ ਤੋਂ ਵੱਧ ਕਿਸਾਨ 60,000 ਕਰੋੜ ਰੁਪਏ ਤੋਂ ਵੱਧ ਕਰਜ਼ੇ ਦੇ ਬੋਝ ਹੇਠ ਦੱਬੇ

ਹਰਿਆਣਾ ਵਿਧਾਨ ਸਭਾ 'ਚ ਇਸ ਵਾਰ ਦੇ ਸਰਦ ਰੁੱਤ ਇਜਲਾਸ 'ਚ ਖੁਲਾਸਾ ਕੀਤਾ ਗਿਆ ਹੈ ਕਿ ਸੂਬੇ ਦੇ 25.7 ਲੱਖ ਤੋਂ ਵੱਧ ਕਿਸਾਨ 60,000 ਕਰੋੜ ਰੁਪਏ ਤੋਂ ਵੱਧ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਪੰਜਾਬ ਵਿੱਚ ਵੀ ਹਾਲਾਤ ਬਹੁਤੇ ਵੱਖਰੇ ਨਹੀਂ। ਇਹ ਇੱਕ ਗੰਭੀਰ ਚਿਤਾਵਨੀ ਹੈ ਕਿ ਪੰਜਾਬ ਹੋਵੇ, ਹਰਿਆਣਾ ਹੋਵੇ ਜਾਂ ਦੇਸ਼ ਦਾ ਕੋਈ ਹੋਰ ਸੂਬਾ, ਖੇਤੀਬਾੜੀ ਨੂੰ ਦਰਪੇਸ਼ ਸਮੱਸਿਆਵਾਂ ਹਾਲੇ ਵੀ ਸੁਲਝਾਈਆਂ ਨਹੀਂ ਜਾ ਸਕੀਆਂ। ਰਾਹਤ ਉਪਾਵਾਂ, ਵਿਆਜ ਸਬਸਿਡੀਆਂ ਅਤੇ ਫ਼ਸਲ ਬੀਮਾ ਯੋਜਨਾਵਾਂ ਦੇ ਵਾਰ-ਵਾਰ ਐਲਾਨਾਂ ਦੇ ਬਾਵਜੂਦ ਖੇਤੀਬਾੜੀ ਕਰਜ਼ਾ ਵਧਦਾ ਜਾ ਰਿਹਾ ਹੈ। ਇਹ ਨੀਤੀ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਢਾਂਚਾਗਤ ਅਸੰਤੁਲਨ ਇਸ ਸਮੱਸਿਆ ਦੀ ਜੜ੍ਹ ਹੈ। ਹਰਿਆਣਾ ਸੂਬੇ 'ਚ ਖੇਤੀਬਾੜੀ ਕਣਕ-ਝੋਨੇ ਦੇ ਫ਼ਸਲੀ ਚੱਕਰ 'ਤੇ ਬਹੁਤ ਜ਼ਿਆਦਾ ਨਿਰਭਰ ਹੈ, ਜੋ ਕਿ ਵਧਦੀਆਂ ਲਾਗਤਾਂ, ਧਰਤੀ ਹੇਠਲੇ ਪਾਣੀ ਦੇ ਘਟਣ ਅਤੇ ਅਸਥਿਰ ਬਾਜ਼ਾਰੀ ਕੀਮਤਾਂ ਕਾਰਨ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ। ਕੁਝ ਫ਼ਸਲਾਂ ਖ਼ਾਸਕਰ ਕਣਕ ਤੇ ਝੋਨੇ ਦੀ ਘੱਟੋ-ਘੱਟ ਕੀਮਤ 'ਤੇ ਖਰੀਦ ਕਿਸਾਨਾਂ ਨੂੰ ਸੁਰੱਖਿਆ ਤਾਂ ਪ੍ਰਦਾਨ ਕਰਦੀ ਹੈ, ਪਰ ਇਹ ਖੇਤੀ ਵਿਭਿੰਨਤਾ ਨੂੰ ਨਿਰਉਤਸ਼ਾਹਿਤ ਕਰਦੀ ਹੈ। ਲਾਗਤਾਂ ਆਮਦਨ ਤੋਂ ਵਧਣ ਕਾਰਨ ਉਧਾਰ ਲੈਣਾ ਜ਼ਰੂਰੀ ਹੋ ਜਾਂਦਾ ਹੈ।ਕਰਜ਼ਾ ਮੁਆਫ਼ੀ ਅਤੇ ਵਿਆਜ ਸਬਸਿਡੀਆਂ ਵਰਗੀਆਂ ਸਰਕਾਰੀ ਯੋਜਨਾਵਾਂ ਅਕਸਰ ਲੰਮੇ ਸਮੇਂ ਦੀ ਸਥਿਰਤਾ ਦੀ ਬਜਾਏ ਥੋੜ੍ਹੇ ਸਮੇਂ ਦੀ ਰਾਹਤ 'ਤੇ ਕੇਂਦਰਿਤ ਹੁੰਦੀਆਂ ਹਨ। ਇਹ ਉਤਪਾਦਕਤਾ ਤੇ ਮਾਰਕੀਟ ਪਹੁੰਚ ਵਧਾਉਣ ਆਦਿ ਸਬੰਧੀ ਮਸਲੇ ਹੱਲ ਕਰਨ ਵਿੱਚ ਬਹੁਤੀਆਂ ਮਦਦਗਾਰ ਨਹੀਂ ਹੁੰਦੀਆਂ। ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਅਕਸਰ ਸੰਸਥਾਗਤ ਕਰਜ਼ੇ ਤੱਕ ਪਹੁੰਚ ਨਾ ਹੋਣ ਕਾਰਨ ਉਹ ਗ਼ੈਰ-ਰਸਮੀ ਕਰਜ਼ਦਾਤਿਆਂ ਭਾਵ ਸ਼ਾਹੂਕਾਰਾਂ ਵੱਲ ਧੱਕੇ ਜਾਂਦੇ ਹਨ, ਜੋ ਉੱਚੀਆਂ ਵਿਆਜ ਦਰਾਂ 'ਤੇ ਕਰਜ਼ਾ ਦਿੰਦੇ ਹਨ, ਜਿਸ ਨਾਲ ਸੰਕਟ ਹੋਰ ਵੀ ਵਧ ਜਾਂਦਾ ਹੈ। ਕਿਸਾਨਾਂ ਨੂੰ ਆਮਦਨ ਸੁਰੱਖਿਆ ਦੀ ਲੋੜ ਹੈ। ਇਸ ਦਾ ਅਰਥ ਹੈ ਕਿ ਫ਼ਸਲੀ ਵਿਭਿੰਨਤਾ ਵਿੱਚ ਨਿਵੇਸ਼, ਕਿਸਾਨ ਉਤਪਾਦਕ ਸੰਗਠਨਾਂ ਨੂੰ ਮਜ਼ਬੂਤ ਅਤੇ ਖੇਤੀਬਾੜੀ-ਪ੍ਰੋਸੈਸਿੰਗ ਦਾ ਵਿਸਤਾਰ ਕੀਤਾ ਜਾਵੇ। ਇਸ ਦੇ ਨਾਲ ਹੀ ਨਿਰਪੱਖ ਅਤੇ ਸਮੇਂ ਸਿਰ ਭੁਗਤਾਨ ਯਕੀਨੀ ਬਣਾਇਆ ਜਾਵੇ। ਭਰੋਸੇਯੋਗ ਫ਼ਸਲ ਬੀਮੇ ਲਈ ਪ੍ਰਕਿਰਿਆ ਸੁਖਾਲੀ ਬਣਾਉਣਾ ਅਤੇ ਵਾਤਾਵਰਨ-ਪੱਖੀ ਖੇਤੀ ਅਭਿਆਸਾਂ ਰਾਹੀਂ ਜੋਖ਼ਮ ਘਟਾਉਣਾ ਵੀ ਓਨਾ ਹੀ ਅਹਿਮ ਹੈ। ਮਾਰਚ 2025 ਦੇ ਵਿਧਾਨ ਸਭਾ ਸੈਸ਼ਨ ਵਿੱਚ ਵੀ ਕਰਜ਼ੇ ਦੇ ਅਜਿਹੇ ਅੰਕੜੇ ਹੀ ਸਾਹਮਣੇ ਰੱਖੇ ਗਏ ਸਨ। ਜ਼ਿਕਰਯੋਗ ਹੈ ਕਿ ਉਦੋਂ ਹਰਿਆਣਾ ਦੇ ਮੁੱਖ ਮੰਤਰੀ ਨੇ ਸੰਕਟ 'ਚ ਘਿਰੇ ਕਿਸਾਨਾਂ ਦੀ ਮਦਦ ਲਈ ਬੀਤੇ ਸਮੇਂ 'ਚ ਚੁੱਕੇ ਗਏ ਕਦਮਾਂ ਬਾਰੇ ਵਿਧਾਨ ਸਭਾ ਨੂੰ ਦੱਸਿਆ ਸੀ।

ਨੀਤੀਆਂ ਨੂੰ ਮਹਿਜ਼ ਸੁਰਖ਼ੀਆਂ ਵਿੱਚ ਦਰਸਾਈ ਜਾ ਸਕਣ ਵਾਲੀ ਰਾਹਤ ਦੀ ਥਾਂ ਅਮਲੀ ਰੂਪ ਵਿੱਚ ਕਾਰਗਰ ਬਣਾਉਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਬੁਨਿਆਦੀ ਆਰਥਿਕ ਸੰਕਟਾਂ ਨਾਲ ਸਿੱਝਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਕਿਸਾਨ ਕਰਜ਼ੇ ਦੇ ਜਾਲ ਵਿੱਚ ਫਸੇ ਰਹਿਣਗੇ। ਖੇਤੀਬਾੜੀ ਨੂੰ ਸਿਰਫ਼ ਕਰਜ਼ੇ ਦੁਆਰਾ ਹੀ ਖੁਸ਼ਹਾਲ ਨਹੀਂ ਰੱਖਿਆ ਜਾ ਸਕਦਾ ਸਗੋਂ ਇਸ ਨੂੰ ਸਥਿਰ ਆਮਦਨ, ਟਿਕਾਊ ਅਭਿਆਸਾਂ ਅਤੇ ਸੰਸਥਾਗਤ ਵਿਸ਼ਵਾਸ ਰਾਹੀਂ ਹੀ ਖੁਸ਼ਹਾਲ ਬਣਾਇਆ ਜਾਣਾ ਚਾਹੀਦਾ ਹੈ।

## ਵਿਦਿਆ ਵੈਲੀ ਸਕੂਲ ਖਰੜ ਦਾ ਨਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਬੈਕਸ ਮੁਕਾਬਲੇ ਵਿਚ ਚਮਕਿਆ



**ਖਰੜ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆ ਵੈਲੀ ਸਕੂਲ ਦਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਬੈਕਸ ਮੁਕਾਬਲੇ ਵਿਚ ਆਪਣੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਮਾਣ ਨਾਲ ਜਸ਼ਨ ਮਨਾਉਦਾ ਹੈ। ਚੰਡੀਗੜ੍ਹ ਦੇ ਰਾਣੀ ਲਕਸ਼ਮੀ ਬਾਈ ਆਡੀਟੋਰੀਅਮ ਸੈਕਟਰ-38 ਡੀ ਵਿਖੇ ਹੋਏ ਸਮਾਗਮ ਵਿਚ ਇਸ ਸਕੂਲ ਦੇ ਵਿਦਿਆਰਥੀਆ ਵਿਚ ਮਜਬੂਤ ਬੋਧਾਤਮਕ ਅਤੇ ਗਣਿਤਿਕ ਹੁਨਰਾਂ ਨੂੰ ਪਾਲਣ ਲਈ ਸਕੂਲ ਦੀ ਵਚਨਬੱਧਤਾ ਦੇ ਸਬੂਤ ਵਜੋ ਖੜ੍ਹਾ ਹੋਇਆ।

ਇਸ ਸਮਾਗਮ ਸ੍ਰੀ ਊਮਾ ਸ਼ੰਕਰ ਗੁਪਤਾ ਆਈ.ਏ.ਐਸ. ਅਤੇ ਜਸਵੀਰ ਸਿੰਘ ਸੇਖੋਂ ਤੇ ਸ੍ਰੀ ਮੋਹਿੰਤ ਅਗਰਵਾਲ ਪੀ.ਪੀ.ਐਸ. ਸ਼ਾਮਲ ਹੋਏ ਜਿਨ੍ਹਾਂ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ ਅਤੇ ਨੌਜਵਾਨ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਆਪਣੇ ਪ੍ਰਰਣਾਦਾਇਕ ਸ਼ਬਦਾਂ ਨਾਲ ਉਤਸ਼ਾਹਿਤ ਕੀਤਾ। ਵਿਦਿਆ ਵੈਲੀ ਸਕੂਲ ਦੇ ਵਿਦਿਆਰਥੀਆਂ ਨੇ ਮੁਕਾਬਲੇ ਦੇ ਦੋਵਾਂ ਪੱਧਰ ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਰਾਸ਼ਟਰੀ ਪੱਧਰ ਤੇ ਗ੍ਰੇਡ-4 ਬੀਟਾ ਦੀ ਜੀਵਾ ਬੱਤਰਾ ਨੇ ਪਹਿਲਾ ਸਥਾਨਾ, ਜਦੋ ਕਿ ਗ੍ਰੇਡ-3 ਡੈਲਟਾ ਦੇ ਅਹਾਨ ਦਿਗਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਿਵਾਂਸ ਜਾਮਵਾਲ ਨੇ ਸੰਪੂਰਨ 100 ਪ੍ਰੀਤਸ਼ਤ ਅੰਕ ਪ੍ਰਮਾਪਤ ਕਰਨ ਲਈ ਵਿਸੇਸ ਪ੍ਰਸੰਸਾ ਪ੍ਰਾਪਤ ਕੀਤੀ।

ਅੰਤਰ ਰਾਸ਼ਟਰੀ ਪੱਧਰ ਤੇ ਸਕੂਲ ਨੇ ਆਪਣੀ ਉਤਮਤਾ ਜਾਰੀ ਰੱਖੀ ਇਸਕੂਲ ਪ੍ਰਿੰਸੀਪਲ ਡਾ .ਸੁਮਨ ਲਤਾ, ਚੇਅਰਪਰਸਨ ਸੁਰਿੰਦਰ ਕੌਰ, ਡਾਇਰੈਕਟਰ ਸਿਮਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਦੀ ਉਨ੍ਹਾਂ ਦੇ ਸਮਰਪਣ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਨੂੰ ਉਤਮੱਤਾ ਲਈ ਯਤਨਸੀਲ ਰਹਿਣ ਲਈ ਉਤਸ਼ਾਹਿਤ ਕੀਤਾ।

## ਏ.ਪੀ.ਜੇ.ਸਕੂਲ ਵਲੋਂ ਸਲਾਨਾ ਐਥਲੇਟਿਕਸ ਮੀਟ ਕਰਵਾਈ



**ਖਰੜ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਏ.ਪੀ.ਜੇ. ਪਬਲਿਕ ਸਕੂਲ ਦਾ ਸਾਲਾਨਾ ਖੇਡ ਮੇਲਾ ਬਹੁਤ ਜੋਸ਼ ਅਤੇ ਉਤਸ਼ਾਹ ਨਾਲ ਸ਼ੁਰੂ ਕੀਤਾ ਗਿਆ। ਸਕੂਲ ਦਾ ਮੈਦਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨਾਲ ਭਰਿਆ ਹੋਇਆ ਸੀ।

ਕਾਰਜਕ੍ਰਮ ਦੀ ਸ਼ੁਰੂਆਤ ਸਕੂਲ ਦਾ ਝੰਡਾ ਲਹਿਰਾਉਣ ਨਾਲ ਹੋਈ, ਜਿਸ ਤੋਂ ਬਾਅਦ ਵੱਖ-ਵੱਖ ਹਾਊਸਾਂ ਦੇ ਵਿਦਿਆਰਥੀਆਂ ਵੱਲੋਂ ਅਨੁਸ਼ਾਸਨ ਭਰੀ ਅਤੇ ਰੰਗੀਨ ਮਾਰਚ ਪਾਸਟ ਕੀਤੀ ਗਈ।ਵਿਦਿਆਰਥੀਆਂ ਨੇ ਦੌੜਾਂ, ਰੀਲੇ ਦੌੜਾਂ, ਹੋਰ ਖੇਡ ਮੁਕਾਬਲਿਆਂ ਵਿੱਚ ਸਰਗਰਮ ਭਾਗ ਲਿਆ। ਵਿਦਿਆਰਥੀਆਂ ਵੱਲੋਂ ਕੀਤੀ ਗਈ ਸੁਚੱਜੀ ਪਰੇਡ ਨੇ ਉਦਘਾਟਨ ਸਮਾਰੋਹ ਦੀ ਸ਼ਾਨ ਵਧਾਈ ਅਤੇ ਅਨੁਸ਼ਾਸਨ ਤੇ ਏਕਤਾ ਦਾ ਪ੍ਰਦਰਸ਼ਨ ਕੀਤਾ। ਦਰਸ਼ਕਾਂ ਨੇ ਜੋਸ਼ ਨਾਲ ਤਾਲੀਆਂ ਵਜਾ ਕੇ ਖਿਡਾਰੀਆਂ ਦਾ ਹੌਂਸਲਾ ਵਧਾਇਆ। ਸਕੂਲ ਦੇ ਪ੍ਰਿੰਸੀਪਲ ਜਸਵੀਰ ਚੰਦਰ ਨੇ ਖੇਡ ਮੇਲੇ ਦਾ ਉਦਘਾਟਨ ਕੀਤਾ ਅਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਖੇਡਾਂ ਸਰੀਰਕ ਤੰਦਰੁਸਤੀ, ਆਤਮ-ਵਿਸ਼ਵਾਸ, ਟੀਮ ਵਰਕ ਅਤੇ ਨੇਤ੍ਰਿਤਵ ਗੁਣ ਵਿਕਸਤ ਕਰਦੀਆਂ ਹਨ। ਅਧਿਆਪਕਾਂ ਅਤੇ ਖੇਡ ਅਧਿਆਪਕਾਂ ਨੇ ਮੁਕਾਬਲਿਆਂ ਦੀ ਦੇਖਭਾਲ ਕੀਤੀ ਅਤੇ ਨਿਰਪੱਖ ਖੇਡ ਯਕੀਨੀ ਬਣਾਈ। ਇਸ ਖੇਡ ਮੇਲੇ ਨੇ ਵਿਦਿਆਰਥੀਆਂ ਵਿੱਚ ਖੁਸ਼ੀ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਪੈਦਾ ਕੀਤੀ ਅਤੇ ਸਭ ਨੇ ਇਸ ਦਾ ਪੂਰਾ ਆਨੰਦ ਲਿਆ।

## ਨੌਜਵਾਨਾਂ ਨੂੰ ਨਸ਼ਾ, ਬਾਲ ਵਿਆਹ ਤੇ ਐਚ.ਆਈ.ਵੀ ਮੁਕਤ ਭਾਰਤ ਸਿਰਜਣ ਦਾ ਸੱਦਾ



**ਹੁਸ਼ਿਆਰਪੁਰ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ- ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਇਸੇ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਖ-ਵੱਖ ਪਿੰਡਾਂ, ਸਕੂਲਾਂ, ਸਿਵਲ ਹਸਪਤਾਲ, ਨਸ਼ਾ ਛੁਡਾਊ ਕੇਂਦਰ, ਮੁੜ ਵਸੇਬਾ ਕੇਂਦਰ, ਕੇਂਦਰੀ ਜੇਲ੍ਹ, ਹੁਸ਼ਿਆਰਪੁਰ, ਆਬਜ਼ਰਵੇਸ਼ਨ ਹੋਮ, ਹੁਸ਼ਿਆਰਪੁਰ ਅਤੇ ਸਾਂਝ ਕੇਂਦਰ ਵਿੱਚ ਖੋਲ੍ਹੇ ਗਏ ਲੀਗਲ ਏਡ ਕਲੀਨਿਕਾਂ ਵਿੱਚ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ, ਤਾ ਜ਼ੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਤੋ ਇਲਾਵਾ ਇਕ ਹੋਰ ਮੁਹਿੰਮ ਬਾਲ ਵਿਵਾਹ ਮੁਕਤ ਭਾਰਤ ਅਤੇ 'ਮਨੁੱਖੀ ਰੋਗ-ਪ੍ਰਤੀਰੋਧੀ ਪ੍ਰਣਾਲੀ ਦਾ ਰੋਗ' (ਐਚ. ਆਈ. ਵੀ ਏਡਜ਼ ਕੰਪੇਨ) ਸਬੰਧੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਦੱਸਿਆ ਗਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਇਸ ਦੌਰਾਨ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

## ਪੰਜਾਬ ਸਰਕਾਰ ਜਨਤਾ ਨੂੰ ਸਾਫ-ਸੁਥਰਾ ਪ੍ਰਸ਼ਾਸਨ ਤੇ ਸ਼ਾਂਤਮਈ ਮਾਹੌਲ ਦੇਣ ਲਈ ਵਚਨਬੱਧ : ਮੋਹਿੰਦਰ ਭਗਤ



**ਜਲੰਧਰ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਜਨਤਾ ਨੂੰ ਸਾਫ-ਸੁਥਰਾ ਪ੍ਰਸ਼ਾਸਨ ਤੇ ਸ਼ਾਂਤਮਈ ਮਾਹੌਲ ਦੇਣ ਲਈ ਵਚਨਬੱਧ ਹੈ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਡੀਆ ਦੇ ਰੂ-ਬਰੂ ਹੁੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਨਤਾ ਦੀ ਸਹੂਲਤ ਅਤੇ ਉਨ੍ਹਾਂ ਨੂੰ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਨਾ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਆਮ ਜਨਤਾ ਨੂੰ ਭੈਅ ਮੁਕਤ ਮਾਹੌਲ ਦਿੱਤਾ ਜਾ ਸਕੇ, ਇਸ ਦੇ ਲਈ ਰਾਜ ਸਰਕਾਰ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ, ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਰਮਨੀਕ ਸਿੰਘ ਰੰਧਾਵਾ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ, ਜਿਸਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਸ੍ਰੀ ਭਗਤ ਨੇ ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਨਿਰਪੱਖ ਅਤੇ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਵਿੱਚ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਿਸ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਵੀ ਕੀਤੀ ਅਤੇ ਆ ਰਹੇ ਕ੍ਰਿਸਮਿਸ ਦੇ ਤਿਉਹਾਰ ਦੀਆਂ ਪੰਜਾਬ ਵਾਸੀਆਂ ਨੂੰ ਸ਼ੁਭ ਕਾਮਨਾਵਾਂ ਵੀ ਦਿੱਤੀਆਂ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੇ ਮੇਅਰ ਵਿਨੀਤ ਧੀਰ ਸਮੇਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਐਸ.ਐਸ.ਪੀ. ਜਲੰਧਰ (ਦਿਹਾਤੀ) ਨਾਲ ਮੀਟਿੰਗ ਦੌਰਾਨ ਸ਼ਹਿਰ ਵਿੱਚ ਕਾਨੂੰਨ ਤੇ ਵਿਵਸਥਾ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਉਪਰਾਲਿਆਂ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਕੈਬਨਿਟ ਮੰਤਰੀ ਨੇ ਇਸ ਮੌਕੇ ਸ਼ਹਿਰ ਵਿੱਚ ਸੜਕਾਂ, ਸੀਵਰੇਜ ਸਮੇਤ ਚੱਲ ਰਹੇ ਹੋਰ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਵੀ ਲਿਆ।

ਮੀਟਿੰਗ ਵਿੱਚ ਸੀਨੀਅਰ ਆਪ ਆਗੂ ਰਾਜਵਿੰਦਰ ਕੌਰ ਥਿਆੜਾ, ਨਿਤਿਨ ਕੋਹਲੀ ਅਤੇ ਦਿਨੇਸ਼ ਢੱਲ ਆਦਿ ਵੀ ਮੌਜੂਦ ਸਨ।

## ਪਟਿਆਲਾ ਵਿੱਚ ਤਾਰਾਂ ਦਾ ਜੰਜਾਲ ਜਾਨਲੇਵਾ, ਵੱਧ ਰਹੇ ਹਾਦਸੇ: ਮੇਅਰ

### ਪ੍ਰਾਈਵੇਟ ਕੰਪਨੀਆਂ ਨੂੰ ਇਕ ਹ.ਫਤੇ ਦਾ ਅਲਟੀਮੇਟਮ : ਮੇਅਰ



**ਪਟਿਆਲਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਬੇਤੁਕੀਆਂ ਤਾਰਾਂ ਕਾਰਨ ਵੱਧ ਰਹੀਆਂ ਦੁਰਘਟਨਾਵਾਂ ਨੂੰ ਸਖਤੀ ਨਾਲ ਲੈਂਦਿਆਂ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵਲੋਂ ਪ੍ਰਾਈਵੇਟ ਕੇਬਲ ਅਤੇ ਟੈਲੀਕਾਮ ਕੰਪਨੀਆਂ ਨੂੰ ਇੱਕ ਹਫ਼ਤੇ ਦਾ ਸਖ਼ਤ ਅਲਟੀਮੇਟਮ ਜਾਰੀ ਕਰਦਿਆਂ ਹੋਇਆਂ ਅੱਜ ਨਗਰ ਨਿਗਮ ਪਟਿਆਲਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੇਅਰ ਨੇ ਕਿਹਾ ਕਿ ਸੜਕਾਂ, ਬਿਜਲੀ ਦੇ ਖੰਭਿਆਂ ਅਤੇ ਗਲੀਆਂ ਵਿੱਚ ਬਿਨਾਂ ਯੋਜਨਾ ਲਟਕ ਰਹੀਆਂ ਤਾਰਾਂ ਆਮ ਲੋਕਾਂ ਦੀ ਜਾਨ ਲਈ ਖ਼ਤਰਾ ਬਣੀਆਂ ਹੋਈਆਂ ਹਨ ਅਤੇ ਇਹ ਹਾਲਤ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਬੇਤੁਕੀਆਂ ਤਾਰਾਂ ਕਾਰਨ ਪਹਿਲਾਂ ਹੀ ਕਈ ਹਾਦਸੇ ਵਾਪਰ ਚੁੱਕੇ ਹਨ, ਜਿਨ੍ਹਾਂ ਵਿੱਚ ਲੋਕ ਜ਼ਖ਼ਮੀ ਵੀ ਹੋਏ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਜ਼ਿੰਮੇਵਾਰੀ ਹੈ ਕਿ ਸ਼ਹਿਰ ਨੂੰ ਸੁਰੱਖਿਅਤ ਅਤੇ ਵਧੀਆ ਬਣਾਇਆ ਜਾਵੇ ਅਤੇ ਇਸ ਵਿੱਚ ਕੋਈ ਵੀ ਲਾਪਰਵਾਹੀ ਮਾਫ਼ ਨਹੀਂ ਕੀਤੀ ਜਾਵੇਗੀ।

ਮੇਅਰ ਨੇ ਇਹ ਵੀ ਦੱਸਿਆ ਕਿ ਬੇਤੁਕੀਆਂ ਤਾਰਾਂ ਸਿਰਫ਼ ਸੁਰੱਖਿਆ ਲਈ ਹੀ ਨਹੀਂ, ਸਗੋਂ ਸ਼ਹਿਰ ਦੀ ਖੂਬਸੂਰਤੀ ਲਈ ਵੀ ਵੱਡੀ ਸਮੱਸਿਆ ਬਣ ਚੁੱਕੀਆਂ ਹਨ। ਇਤਿਹਾਸਕ, ਰਿਹਾਇਸ਼ੀ ਅਤੇ ਵਪਾਰਕ ਇਲਾਕਿਆਂ ਵਿੱਚ ਤਾਰਾਂ ਦਾ ਜਾਲ ਪਟਿਆਲਾ ਦੀ ਸੋਭਾ 'ਤੇ ਬਦਨੁਮਾ ਦਾਗ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦਾ ਮਕਸਦ ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਵਿਵਸਥਿਤ ਬਣਾਉਣਾ ਹੈ।

ਮੇਅਰ ਨੇ ਸਪਸ਼ਟ ਕੀਤਾ ਕਿ ਸਾਰੇ ਸੰਬੰਧਤ ਪ੍ਰਾਈਵੇਟ ਆਪਰੇਟਰਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਬਿਨਾਂ ਵਰਤੋਂ ਵਾਲੀਆਂ ਅਤੇ ਖ਼ਤਰਨਾਕ ਤਾਰਾਂ ਨੂੰ ਹਟਾਉਣ। ਜੇਕਰ ਨਿਰਧਾਰਿਤ ਸਮੇਂ ਵਿੱਚ ਕਾਰਵਾਈ ਨਹੀਂ ਕੀਤੀ ਗਈ ਤਾਂ ਨਗਰ ਨਿਗਮ ਵੱਲੋਂ ਸਖ਼ਤ ਕਾਨੂੰਨੀ ਕਾਰਵਾਈ ਕਰਦਿਆਂ ਜੁਰਮਾਨੇ ਵੀ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਇਸ ਮੁਹਿੰਮ ਦੀ ਨਿਗਰਾਨੀ ਲਈ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ ਜੋ ਵੱਖ-ਵੱਖ ਇਲਾਕਿਆਂ ਵਿੱਚ ਜਾਂਚ ਕਰਨਗੀਆਂ। ਮੇਅਰ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਤੇ ਬੇਤੁਕੀਆਂ ਤਾਰਾਂ ਕਾਰਨ ਖ਼ਤਰਾ ਨਜ਼ਰ ਆਵੇ ਤਾਂ ਉਹ ਨਗਰ ਨਿਗਮ ਨੂੰ ਤੁਰੰਤ ਸੂਚਿਤ ਕਰਨ।

ਅੰਤ ਵਿੱਚ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਜਨਤਾ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ ਅਤੇ ਇਸ ਲਈ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

## ਮੁੱਖ ਮੰਤਰੀ ਵੱਲੋਂ ਪਿੰਡਾਂ ਨੂੰ ਧੜੇਬੰਦੀ ਤੋਂ ਉਪਰ ਕੇ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਅਪੀਲ



**ਸੰਗਰੂਰ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੇ ਜੱਦੀ ਪਿੰਡ ਸਤੌਜ ਪਹੁੰਚ ਕੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਪਿੰਡ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ।

ਪਿੰਡ ਦੇ ਦੌਰੇ ਮੌਕੇ ਪੰਚਾਇਤ ਦੇ ਨੁਮਾਇੰਦਿਆਂ ਅਤੇ ਹੋਰ ਪਿੰਡ ਵਾਸੀਆਂ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਹਮੇਸ਼ਾ ਹੀ ਆਪਣੇ ਪਿੰਡ 'ਤੇ ਮਾਣ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਕੋਈ ਭਾਸ਼ਣ ਦੇਣ ਨਹੀਂ ਆਏ ਸਗੋਂ ਲੋਕਾਂ ਦੇ ਦੁੱਖ-ਸੁਖ ਵਿੱਚ ਸ਼ਰੀਕ ਹੋਣ ਲਈ ਪਹੁੰਚੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੇ ਜੱਦੀ ਪਿੰਡ ਵਿੱਚ ਬਿਤਾਏ ਪਲ ਉਨ੍ਹਾਂ ਨੂੰ ਬਹੁਤ ਖੁਸ਼ੀ ਦਿੰਦੇ ਹਨ ਅਤੇ ਉਹ ਹਮੇਸ਼ਾ ਇਸ ਗੱਲ ਦੇ ਰਿਣੀ ਰਹਿਣਗੇ ਕਿ ਪਿੰਡ ਨੇ ਉਨ੍ਹਾਂ ਨੂੰ ਬਹੁਤ ਪਿਆਰ ਦਿੱਤਾ ਹੈ।

ਸਾਰੇ ਪਿੰਡਾਂ ਨੂੰ ਧੜੇਬੰਦੀ ਤੋਂ ਉਪਰ ਉਠ ਕੇ ਵਿਕਾਸ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਏਕੇ ਵਿੱਚ ਬਰਕਤ ਹੁੰਦੀ ਹੈ ਅਤੇ ਪਿੰਡਾਂ ਨੂੰ ਤਰੱਕੀ ਤੇ ਵਿਕਾਸ ਲਈ ਹਮੇਸ਼ਾ ਭਾਈਚਾਰਕ ਸਾਂਝ ਕਾਇਮ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੁਝ ਲੀਡਰ ਆਪਣੇ ਨਿੱਜੀ ਮੁਫਾਦ ਲਈ ਪਿੰਡਾਂ ਵਿੱਚ ਫੁੱਟ ਪਾ ਜਾਂਦੇ ਹਨ ਅਤੇ ਧੜੇਬੰਦੀ ਪੈਦਾ ਹੋਣ ਨਾਲ ਪਿੰਡਾਂ ਦਾ ਵਿਕਾਸ ਰੁਕ ਜਾਂਦਾ ਹੈ।

ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ 20 ਦਸੰਬਰ ਨੂੰ ਸੂਬੇ ਦੇ ਸਾਰੇ 19000 ਸਕੂਲਾਂ ਵਿੱਚ ਹੋ ਰਹੀ ਅਧਿਆਪਕ-ਮਾਪੇ ਮਿਲਣੀ (ਪੀ.ਟੀ.ਐਮ.) ਵਿੱਚ ਮਾਪਿਆਂ ਨੂੰ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਪਹਿਲੀ ਵਾਰ ਸਰਕਾਰੀ ਸਕੂਲਾਂ ਵਿੱਚ ਪੀ.ਟੀ.ਐਮ. ਨੂੰ ਸ਼ੁਰੂ ਕੀਤਾ ਸੀ ਅਤੇ ਮਾਪਿਆਂ ਨੇ ਇਸ ਨੂੰ ਵੱਡਾ ਹੁੰਗਾਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਮੁਕਾਬਲੇ ਦੇ ਹਾਣ ਦਾ ਬਣਾਉਣ ਵਿੱਚ ਸਹਾਈ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਅਧਿਆਪਕਾਂ ਪਾਸੋਂ ਆਪਣੇ ਬੱਚੇ ਦੀ ਰੁਚੀ ਬਾਰੇ ਵੀ ਕਾਫੀ ਕੁਝ ਪਤਾ ਲਗਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਿੰਗਾਪੁਰ, ਫਿਨਲੈਂਡ ਤੋਂ ਵਿਸ਼ਵ ਪੱਧਰ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਈ.ਆਈ.ਐਮ. ਅਹਿਮਦਾਬਾਦ ਵਿਖੇ ਅਧਿਆਪਕਾਂ ਨੂੰ ਐਡਵਾਂਸਡ ਕੋਚਿੰਗ ਦਿੱਤੀ ਜਾ ਰਹੀ ਹੈ।

ਨੌਜਵਾਨਾਂ ਨੂੰ ਰੋਜ਼ਗਾਰ ਦੇਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੁਣ ਹਰੇਕ ਕਾਬਲ ਤੇ ਯੋਗ ਨੌਜਵਾਨ ਨੂੰ ਬਿਨਾਂ ਕਿਸੇ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਦੇ ਸਰਕਾਰੀ ਨੌਕਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਰਚ, 2022 ਤੋਂ ਹੁਣ ਤੱਕ 58000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਕਈ ਇਹੋ ਜਿਹੇ ਵੀ ਪਰਿਵਾਰ ਹਨ, ਜਿੱਥੇ ਦੋ ਜਾਂ ਤਿੰਨ ਨੌਕਰੀਆਂ ਮਿਲੀਆਂ ਹਨ।ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਨਰੇਗਾ ਸਕੀਮ ਵਿੱਚ ਕੀਤੇ ਨਵੇਂ ਬਦਲਾਅ ਨੂੰ ਗਰੀਬਾਂ ਅਤੇ ਸੂਬਿਆਂ ਨੂੰ ਬਰਬਾਦ ਕਰਨ ਵਾਲਾ ਕਦਮ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਸਕੀਮ ਤਹਿਤ ਫੰਡ ਦੇਣ ਦਾ ਅਨੁਪਾਤ ਦਾ 40 ਫੀਸਦੀ ਸੂਬਿਆਂ ਦੇ ਸਿਰ ਪਾ ਦਿੱਤਾ ਜਦਕਿ ਕੇਂਦਰ ਸੂਬਿਆਂ ਨੂੰ ਪਹਿਲਾਂ ਹੀ ਫੰਡ ਨਹੀਂ ਦੇ ਰਿਹਾ।

ਉਨ੍ਹਾਂ ਕਿਹਾ ਕਿ ਨਵੇਂ ਬਦਲਾਅ ਨਾਲ ਨਰੇਗਾ ਕਾਮੇ ਸਕੂਲ, ਮੰਡੀ, ਖਾਲੇ ਨਹੀਂ ਬਣਾ ਸਕਦੇ ਜੋ ਪਿੰਡਾਂ ਨਾਲ ਸਰਾਸਰ ਮਜ਼ਾਕ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਜਿਹੇ ਹੱਥਕੰਡੇ ਅਪਣਾ ਕੇ ਅਸਲ ਵਿੱਚ ਇਸ ਸਕੀਮ ਨੂੰ ਬੰਦ ਕਰਨਾ ਚਾਹੁੰਦੀ ਹੈ।

## ਹਡਾਣਾ ਨੇ 33 ਉਮੀਦਵਾਰਾਂ ਨੂੰ ਵੰਡੇ ਜਿੱਤ ਦੇ ਪ੍ਰਮਾਣ ਪੱਤਰ; ਆਪ ਉਮੀਦਵਾਰਾਂ ਦੀ ਮਿਹਨਤ ਨੇ ਚੋਣਾਂ ਵਿੱਚ ਗੱਡੇ ਝੰਡੇ



**ਪਟਿਆਲਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਵਿੱਚ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਚੋਣਾਂ ਦੌਰਾਨ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰੀਸ਼ਦ ਦੇ 4 ਅਤੇ ਬਲਾਕ ਸੰਮਤੀ ਦੇ 29 ਉਮੀਦਵਾਰਾਂ ਨੂੰ ਅੱਜ ਚੇਅਰਮੈਨ ਪੀ ਆਰ ਟੀ ਸੀ ਅਤੇ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਨੇ ਮਹਿਕਮੇ ਦੇ ਮੁੱਖ ਦਫਤਰ ਵਿਖੇ ਜਿੱਤ ਦੇ ਪ੍ਰਮਾਣ ਪੱਤਰ ਸੌਂਪੇ।

ਇਸ ਮੌਕੇ ਜੇਤੂ ਉਮੀਦਵਾਰਾਂ, ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦਿਖਾਈ ਦਿੱਤੀ। ਇਸ ਮੌਕੇ 29 ਬਲਾਕ ਸੰਮਤੀ ਅਤੇ 4 ਜਿਲ੍ਹਾ ਪ੍ਰੀਸ਼ਦ ਮੈਂਬਰਾਂ ਤੋਂ ਇਲਾਵਾ ਕਈ ਪਾਰਟੀ ਅਹੁਦੇਦਾਰ ਅਤੇ ਵਰਕਰ ਵੀ ਮੌਜੂਦ ਸਨ।

ਚੇਅਰਮੈਨ ਹਡਾਣਾ ਨੇ ਉਮੀਦਵਾਰਾਂ ਨੂੰ ਮੁਬਾਰਕਬਾਦ ਦੇਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਜਿੱਤ ਸਿਰਫ਼ ਵਿਅਕਤਿਗਤ ਨਹੀਂ, ਸਗੋਂ ਟੀਮ ਵਰਕ, ਜਨਤਾ ਦੇ ਭਰੋਸੇ ਅਤੇ ਇਮਾਨਦਾਰਰੀ ਨਾਲ ਪਾਰਟੀ ਪ੍ਰਤੀ ਪ੍ਰਚਾਰ ਦੀ ਕਾਮਯਾਬੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਮਿਹਨਤ, ਨਿਮਰਤਾ ਅਤੇ ਲੋਕਾਂ ਨਾਲ ਸਿੱਧੀ ਸੰਵਾਦ ਰਾਹੀਂ ਚੋਣਾਂ ਵਿੱਚ ਝੰਡੇ ਗੱਡੇ ਹਨ। ਲੋਕਾਂ ਨੇ ਵਿਕਾਸ, ਪਾਰਦਰਸ਼ਤਾ ਅਤੇ ਸਾਫ਼-ਸੁਥਰੀ ਰਾਜਨੀਤੀ ਦੇ ਏਜੰਡੇ ਨੂੰ ਸਮਰਥਨ ਦਿੱਤਾ ਹੈ।

ਹਡਾਣਾ ਨੇ ਹੋਰ ਕਿਹਾ ਕਿ ਹਲਕੇ ਦੇ ਪਿੰਡਾਂ ਵਿੱਚ ਸੜਕਾਂ, ਗਲੀਆਂ, ਡਰੇਨਜ, ਪੀਣ ਵਾਲੇ ਪਾਣੀ, ਕਮਿਊਨਟੀ ਸੈਂਟਰਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਲਈ ਕੀਤੇ ਕੰਮਾਂ ਦਾ ਹੀ ਇਹ ਨਤੀਜਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਜੇਤੂ ਨੁਮਾਇੰਦੇ ਹੁਣ ਹੋਰ ਵੀ ਜ਼ਿੰਮੇਵਾਰੀ ਨਾਲ ਕੰਮ ਕਰਨਗੇ ਅਤੇ ਹਰ ਪਿੰਡ, ਹਰ ਵਰਗ ਦੀ ਆਵਾਜ਼ ਬਣਨਗੇ।

ਸਮਾਰੋਹ ਦੌਰਾਨ ਜੇਤੂ ਉਮੀਦਵਾਰਾਂ ਨੇ ਕਿਹਾ ਕਿ ਉਹ ਆਪਣੇ ਖੇਤਰਾਂ ਵਿੱਚ ਵਿਕਾਸੀ ਕੰਮਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਗੇ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।

ਉਨ੍ਹਾਂ ਨੇ ਚੇਅਰਮੈਨ ਹਡਾਣਾ ਦੀ ਅਗਵਾਈ ਦੀ ਸਲਾਹਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਰਾਹਨੁਮਾਈ ਹੇਠ ਚੋਣ ਪ੍ਰਚਾਰ ਸੁਚੱਜਾ ਅਤੇ ਲੋਕ-ਕੇਂਦਰਿਤ ਰਿਹਾ।

ਅੰਤ ਵਿੱਚ ਹਡਾਣਾ ਨੇ ਸਾਰੇ ਪਾਰਟੀ ਵਰਕਰਾਂ ਅਤੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਨਵੀਂ ਸ਼ੁਰੂਆਤ ਹੈ। ਆਉਣ ਵਾਲੇ ਸਮੇਂ ਵਿੱਚ ਹਲਕਾ ਸਨੌਰ ਨੂੰ ਵਿਕਾਸ ਦੇ ਨਵੇਂ ਮਾਪਦੰਡਾਂ 'ਤੇ ਲੈ ਜਾਣਾ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।

# ਮੋਦੀ ਤੇ ਲਕਸਨ ਦਾ ਵੱਡਾ ਐਲਾਨ: ਦੋਵਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਨਵਾਂ ਮੋੜ



**ਨਵੀਂ ਦਿੱਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਤੇ ਨਿਊਜ਼ੀਲੈਂਡ ਨੇ ਇੱਕ 'ਇਤਿਹਾਸਕ' ਮੁਕਤ ਵਪਾਰ ਸਮਝੌਤੇ (6"1) ਦੀ ਗੱਲਬਾਤ ਮੁਕੰਮਲ ਹੋਣ ਦਾ ਐਲਾਨ ਕੀਤਾ ਹੈ, ਜੋ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਨੂੰ ਨਵੀਂ ਮਜ਼ਬੂਤੀ ਪ੍ਰਦਾਨ ਕਰੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਹਮਰੁਤਬਾ ਕ੍ਰਿਸਟੋਫਰ ਲਕਸਨ ਵਿਚਾਲੇ ਫੋਨ 'ਤੇ ਹੋਈ ਗੱਲਬਾਤ ਤੋਂ ਬਾਅਦ ਇਸ ਸਮਝੌਤੇ ਦੀ ਪੁਸ਼ਟੀ ਕੀਤੀ ਗਈ। ਵਿਦੇਸ਼ ਮੰਤਰਾਲੇ ਅਨੁਸਾਰ, ਇਹ ਸਮਝੌਤਾ ਸਿਰਫ਼ ਨੌਂ ਮਹੀਨਿਆਂ ਦੇ ਰਿਕਾਰਡ ਸਮੇਂ ਵਿੱਚ ਪੂਰਾ ਹੋਇਆ ਹੈ, ਜੋ ਦੋਵਾਂ ਦੇਸ਼ਾਂ ਦੀ ਆਪਸੀ ਸਿਆਸੀ ਇੱਛਾ ਸ਼ਕਤੀ ਅਤੇ ਸਾਂਝੀਆਂ ਇੱਛਾਵਾਂ ਨੂੰ ਦਰਸਾਉਂਦਾ ਹੈ। ਇਸ ਨਾਲ ਬਾਜ਼ਾਰ ਤੱਕ ਪਹੁੰਚ ਆਸਾਨ ਹੋਵੇਗੀ, ਨਿਵੇਸ਼ ਵਧੇਗਾ ਅਤੇ ਦੋਵਾਂ ਮੁਲਕਾਂ ਦੇ ਰਣਨੀਤਕ ਸਬੰਧ ਪਹਿਲਾਂ ਨਾਲੋਂ ਜ਼ਿਆਦਾ ਗੂੜ੍ਹੇ ਹੋਣਗੇ।

ਇਸ ਸਮਝੌਤੇ ਰਾਹੀਂ ਅਗਲੇ ਪੰਜ ਸਾਲਾਂ ਵਿੱਚ ਦੁਵੱਲੇ ਵਪਾਰ ਨੂੰ ਦੁੱਗਣਾ ਕਰਨ ਅਤੇ ਅਗਲੇ 15 ਸਾਲਾਂ ਵਿੱਚ ਨਿਊਜ਼ੀਲੈਂਡ ਵੱਲੋਂ ਭਾਰਤ ਵਿੱਚ 20 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਇਹ ਐਫਟੀਏ (FTA) ਨਵੀਨਤਾਕਾਰਾਂ, ਉੱਦਮੀਆਂ, ਕਿਸਾਨਾਂ, ਲਘੂ ਉਦਯੋਗਾਂ ਅਤੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰੇਗਾ।

ਆਰਥਿਕ ਮੁੱਦਿਆਂ ਤੋਂ ਇਲਾਵਾ, ਦੋਵਾਂ ਨੇਤਾਵਾਂ ਨੇ ਖੇਡਾਂ, ਸਿੱਖਿਆ ਅਤੇ ਲੋਕਾਂ ਦੇ ਆਪਸੀ ਸਬੰਧਾਂ ਵਰਗੇ ਖੇਤਰਾਂ ਵਿੱਚ ਹੋਈ ਪ੍ਰਗਤੀ ਦਾ ਵੀ ਸਵਾਗਤ ਕੀਤਾ ਅਤੇ ਭਾਰਤ-ਨਿਊਜ਼ੀਲੈਂਡ ਭਾਈਵਾਲੀ ਨੂੰ ਹੋਰ ਮਜ਼ਬੂਤ ??ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

# ਬੰਗਲਾਦੇਸ਼ ਵਿੱਚ ਹਾਦੀ ਤੋਂ ਬਾਅਦ ਹੁਣ ਇੱਕ ਹੋਰ ਵਿਦਿਆਰਥੀ ਆਗੂ ਦੇ ਸਿਰ ਵਿੱਚ ਮਾਰੀ ਗੋਲੀ



**ਢਾਕਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਗਲਾਦੇਸ਼ ਵਿੱਚ 2024 ਦੇ ਵਿਦਿਆਰਥੀ ਅੰਦੋਲਨ ਨਾਲ ਜੁੜੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਸੋਮਵਾਰ ਨੂੰ ਅਣਪਛਾਤੇ ਹਮਲਾਵਰਾਂ ਨੇ ਇੱਕ ਹੋਰ ਪ੍ਰਮੁੱਖ ਵਿਦਿਆਰਥੀ ਆਗੂ ਮੋਤਾਲੇਬ ਸ਼ਿਕਦਾਰ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਇਹ ਹਮਲਾ ਦੱਖਣ-ਪੱਛਮੀ ਸ਼ਹਿਰ ਖੁਲਨਾ ਵਿੱਚ ਹੋਇਆ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਇੱਕ ਹੋਰ ਨੌਜਵਾਨ ਆਗੂ ਸ਼ਰੀਫ਼ ਉਸਮਾਨ ਹਾਦੀ ਦਾ ਵੀ ਇਸੇ ਤਰ੍ਹਾਂ ਕਤਲ ਕਰ ਦਿੱਤਾ ਗਿਆ ਸੀ। ਨੈਸ਼ਨਲ ਸਿਟੀਜ਼ਨ ਪਾਰਟੀ (NCP) ਦੀ ਕੇਂਦਰੀ ਤਾਲਮੇਲਕਾਰ ਮਹਿਮੂਦਾ ਮਿਤੂ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਸ਼ਿਕਦਾਰ ਨੂੰ ਗੰਭੀਰ ਹਾਲਤ ਵਿੱਚ ਖੁਲਨਾ ਮੈਡੀਕਲ ਕਾਲਜ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਡਾਕਟਰਾਂ ਅਨੁਸਾਰ ਗੋਲੀ ਸ਼ਿਕਦਾਰ ਦੇ ਸਿਰ ਦੇ ਖੱਬੇ ਪਾਸੇ ਲੱਗੀ ਹੈ ਅਤੇ ਹਸਪਤਾਲ ਲਿਆਉਣ ਸਮੇਂ ਉਨ੍ਹਾਂ ਦਾ ਕਾਫੀ ਖ਼ੂਨ ਵਹਿ ਚੁੱਕਾ ਸੀ। ਫਿਲਹਾਲ ਉਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ।

ਇਹ ਹਮਲਾ ਉਸ ਸਮੇਂ ਹੋਇਆ ਹੈ ਜਦੋਂ ਪੂਰਾ ਦੇਸ਼ ਪਿਛਲੇ ਸਾਲ ਸ਼ੇਖ ਹਸੀਨਾ ਸਰਕਾਰ ਵਿਰੁੱਧ ਹੋਏ ਪ੍ਰਦਰਸ਼ਨਾਂ ਦੇ ਮੁੱਖ ਚਿਹਰੇ ਸ਼ਰੀਫ਼ ਉਸਮਾਨ ਹਾਦੀ ਦੀ ਮੌਤ ਦਾ ਸੋਗ ਮਨਾ ਰਿਹਾ ਹੈ। ਹਾਦੀ ਨੂੰ 12 ਦਸੰਬਰ ਨੂੰ ਢਾਕਾ ਵਿੱਚ ਇੱਕ ਚੋਣ ਪ੍ਰਚਾਰ ਦੌਰਾਨ ਸਿਰ ਵਿੱਚ ਗੋਲੀ ਮਾਰੀ ਗਈ ਸੀ ਅਤੇ ਬੀਤੇ ਵੀਰਵਾਰ ਸਿੰਗਾਪੁਰ ਵਿੱਚ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ। ਹਾਦੀ ਦੀ ਮੌਤ ਤੋਂ ਬਾਅਦ ਬੰਗਲਾਦੇਸ਼ ਦੇ ਕਈ ਸ਼ਹਿਰਾਂ ਵਿੱਚ ਹਿੰਸਾ ਭੜਕ ਗਈ ਸੀ। ਮੁਹੰਮਦ ਯੂਨਸ ਦੀ ਅੰਤਰਿਮ ਸਰਕਾਰ ਨੇ ਹਾਦੀ ਦੇ ਕਾਤਲਾਂ ਨੂੰ ਫੜਨ ਦਾ ਭਰੋਸਾ ਦਿੱਤਾ ਹੈ, ਪਰ ਸ਼ਿਕਦਾਰ 'ਤੇ ਹੋਏ ਇਸ ਤਾਜ਼ਾ ਹਮਲੇ ਨੇ ਸੁਰੱਖਿਆ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪੁਲੀਸ ਨੇ ਹਮਲਾਵਰਾਂ ਦੀ ਭਾਲ ਲਈ ਵੱਡੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

# ਮਨਰੇਗਾ ਨੂੰ ਖ਼ਤਮ ਕਰਨ ਦੇ ਸਿੱਟੇ ਘਾਤਕ ਹੋਣਗੇ: ਸੋਨੀਆ ਗਾਂਧੀ



**ਨਵੀਂ ਦਿੱਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਇਤਿਹਾਸਕ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਨੂੰ ਖ਼ਤਮ ਕਰਨ ਦੇ ਫੈਸਲੇ ਦੀ ਸਖ਼ਤ ਨਿਖੇਧੀ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਇਸ ਦੇ ਪੇਂਡੂ ਭਾਰਤ ਦੇ ਕਰੋੜਾਂ ਲੋਕਾਂ ਲਈ ਘਾਤਕ ਸਿੱਟੇ ਨਿਕਲਣਗੇ। 'ਦਿ ਹਿੰਦੂ' ਵਿੱਚ ਪ੍ਰਕਾਸ਼ਿਤ ਆਪਣੇ ਲੇਖ "The bulldozed demolition of MGNREGA" ਵਿੱਚ ਉਨ੍ਹਾਂ ਨੇ ਮਨਰੇਗਾ ਦੀ ਸਮਾਪਤੀ ਨੂੰ ਇੱਕ ਸਮੂਹਿਕ ਅਸਫਲਤਾ ਕਰਾਰ ਦਿੱਤਾ।

ਇਹ ਟਿੱਪਣੀ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ 'ਵਿਕਸਿਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ' (VB-G RAM G) ਬਿੱਲ ਨੂੰ ਮਨਜ਼ੂਰੀ ਦੇਣ ਤੋਂ ਇੱਕ ਦਿਨ ਬਾਅਦ ਆਈ ਹੈ, ਜੋ ਕਿ ਮਨਰੇਗਾ ਦੀ ਥਾਂ ਲਵੇਗਾ। ਸੋਨੀਆ ਗਾਂਧੀ ਨੇ ਕਿਹਾ ਕਿ ਮਨਰੇਗਾ ਨੇ ਮਹਾਤਮਾ ਗਾਂਧੀ ਦੇ 'ਸਰਵੋਦਿਆ' ਦੇ ਵਿਜ਼ਨ ਨੂੰ ਸਾਕਾਰ ਕੀਤਾ ਸੀ ਅਤੇ ਸੰਵਿਧਾਨਕ ਤੌਰ 'ਤੇ ਕੰਮ ਦੇ ਅਧਿਕਾਰ ਨੂੰ ਲਾਗੂ ਕੀਤਾ ਸੀ, ਪਰ ਹੁਣ ਮੋਦੀ ਸਰਕਾਰ ਨੇ ਬਿਨਾਂ ਕਿਸੇ ਚਰਚਾ, ਸਲਾਹ-ਮਸ਼ਵਰੇ ਜਾਂ ਸੰਸਦੀ ਪ੍ਰਕਿਰਿਆਵਾਂ ਦਾ ਸਤਿਕਾਰ ਕੀਤੇ ਇਸ ਨੂੰ 'ਬੁਲਡੋਜ਼' ਕਰ ਦਿੱਤਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਮਹਾਤਮਾ ਦਾ ਨਾਂ ਹਟਾਉਣਾ ਤਾਂ ਸਿਰਫ਼ ਸ਼ੁਰੂਆਤ ਸੀ, ਅਸਲ ਵਿੱਚ ਇਸ ਦੀ ਪੂਰੀ ਸੰਰਚਨਾ ਨੂੰ ਹੀ ਤਬਾਹ ਕਰ ਦਿੱਤਾ ਗਿਆ ਹੈ। ਨਵੇਂ ਬਿੱਲ (VB-G RAM G) ਨੂੰ ਨੌਕਰਸ਼ਾਹੀ ਦੇ ਨਿਯਮਾਂ ਦਾ ਇੱਕ ਸਮੂਹ ਦੱਸਦਿਆਂ ਉਨ੍ਹਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਆਪਣੀ ਮਰਜ਼ੀ ਅਨੁਸਾਰ ਪੇਂਡੂ ਖੇਤਰਾਂ ਨੂੰ ਨੋਟੀਫਾਈ ਕਰੇਗੀ ਅਤੇ ਬਜਟ 'ਤੇ ਸੀਮਾ (cap) ਲਗਾਉਣ ਨਾਲ ਰੁਜ਼ਗਾਰ ਦੇ ਦਿਨ ਵੀ ਕੇਂਦਰ ਦੀਆਂ ਤਰਜੀਹਾਂ 'ਤੇ ਨਿਰਭਰ ਹੋਣਗੇ ਨਾ ਕਿ ਲੋਕਾਂ ਦੀਆਂ ਲੋੜਾਂ 'ਤੇ।

ਉਨ੍ਹਾਂ ਨੇ ਚਿੰਤਾ ਜਤਾਈ ਕਿ ਰਾਜਾਂ ਸਿਰ 60:40 ਦੇ ਅਨੁਪਾਤ ਵਿੱਚ ਖਰਚੇ ਦਾ ਬੋਝ ਪਾਉਣ ਨਾਲ ਉਹ ਰੁਜ਼ਗਾਰ ਦੇਣ ਤੋਂ ਪਿੱਛੇ ਹਟਣਗੇ, ਜਿਸ ਨਾਲ ਪੇਂਡੂ ਗਰੀਬਾਂ ਦੀ ਮਜ਼ਦੂਰੀ ਵਧਾਉਣ ਲਈ ਮੁੱਲ-ਤੋਲ ਕਰਨ ਦੀ ਸ਼ਕਤੀ ਖ਼ਤਮ ਹੋ ਜਾਵੇਗੀ।

ਉਨ੍ਹਾਂ ਅਨੁਸਾਰ ਸਰਕਾਰ ਨੇ ਪਹਿਲਾਂ ਤਿੰਨ ਕਾਲੇ ਖੇਤੀ ਕਾਨੂੰਨਾਂ ਰਾਹੀਂ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਹੁਣ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਵੀ ਖ਼ਤਰੇ ਵਿੱਚ ਹੋ ਸਕਦਾ ਹੈ। ਉਨ੍ਹਾਂ ਨੇ ਸਾਰਿਆਂ ਨੂੰ ਇਕਜੁੱਟ ਹੋ ਕੇ ਇਨ੍ਹਾਂ ਅਧਿਕਾਰਾਂ ਦੀ ਰਾਖੀ ਕਰਨ ਦੀ ਅਪੀਲ ਕੀਤੀ ਹੈ।

# ਸਿਹਤ ਬੀਮਾ ਯੋਜਨਾ ਜਨਵਰੀ 'ਚ ਲਾਗੂ ਹੋਵੇਗੀ; ਸੂਬੇ ਦੇ ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ

**ਚੰਡੀਗੜ੍ਹ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਲਾਗੂ ਕਰਨ ਦੀ ਤਿਆਰੀ ਕਰ ਲਈ ਹੈ। ਇਹ ਯੋਜਨਾ ਮਾਘੀ ਨੇੜੇ 15 ਜਨਵਰੀ ਨੂੰ ਸ਼ੁਰੂ ਹੋਣ ਦੀ ਸੰਭਾਵਨਾ ਹੈ। ਯੋਜਨਾ ਲਾਗੂ ਹੋਣ ਨਾਲ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਮਿਲੇਗਾ। ਪੰਜਾਬ ਸਰਕਾਰ ਨੇ ਇਸ ਸਕੀਮ ਤਹਿਤ ਸਮੁੱਚਾ ਪੰਜਾਬ ਕਵਰ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਜੁਲਾਈ ਮਹੀਨੇ 'ਚ ਇਸ ਯੋਜਨਾ ਦਾ ਐਲਾਨ ਕੀਤਾ ਸੀ, ਜਿਸ ਨੂੰ ਹੁਣ ਕਰੀਬ ਸਾਢੇ ਛੇ ਮਹੀਨਿਆਂ ਬਾਅਦ ਬੂਰ ਪੈ ਰਿਹਾ ਹੈ।

ਸਰਕਾਰੀ ਸੂਤਰਾਂ ਮੁਤਾਬਕ ਯੋਜਨਾ ਲਾਗੂ ਕਰਨ ਵਿੱਚ ਹੋਈ ਦੇਰੀ ਦਾ ਮੁੱਖ ਕਾਰਨ ਬੀਮਾ ਕੰਪਨੀ ਦੀ ਚੋਣ ਪ੍ਰਕਿਰਿਆ ਸੀ। ਪਤਾ ਲੱਗਿਆ ਹੈ ਕਿ ਆਖ਼ਰ ਸਰਕਾਰ ਨੇ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਨੂੰ ਬੀਮਾ ਦੇਣ ਦੀ ਜ਼ਿੰਮੇਵਾਰੀ ਦਿੱਤੀ ਹੈ। ਇਸ ਯੋਜਨਾ ਤਹਿਤ ਪੰਜਾਬ ਭਰ 'ਚ ਹਸਪਤਾਲ ਸੂਚੀਬੱਧ ਕੀਤੇ ਜਾ ਰਹੇ ਹਨ, ਜਿਨ੍ਹਾਂ 'ਚ ਦੋ ਹਜ਼ਾਰ ਤਰ੍ਹਾਂ ਦਾ ਇਲਾਜ ਮਿਲੇਗਾ।

ਪੰਜਾਬ ਸਰਕਾਰ ਪਹਿਲੀ ਜਨਵਰੀ ਤੋਂ ਸਮੁੱਚੇ ਪੰਜਾਬ ਵਿੱਚ ਮੁੱਖ ਮੰਤਰੀ ਸਿਹਤ ਕਾਰਡ ਵੰਡਣ ਦੀ ਮੁਹਿੰਮ ਵਿੱਢੇਗੀ। ਸਰਕਾਰ ਮੁੱਢਲੇ ਤੌਰ 'ਤੇ ਪਾਇਲਟ ਪ੍ਰਾਜੈਕਟ ਵਜੋਂ ਬਰਨਾਲਾ




ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਪਰਿਵਾਰਾਂ ਦੀ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕਰ ਚੁੱਕੀ ਹੈ। ਇਸ ਸਕੀਮ ਦਾ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਲਾਭ ਮਿਲੇਗਾ। ਸਕੀਮ ਤਹਿਤ ਸੂਬੇ ਦੇ ਕਰੀਬ ਹਜ਼ਾਰ ਹਸਪਤਾਲਾਂ ਨੂੰ ਸੂਚੀਬੱਧ ਕਰਨ ਦੀ ਯੋਜਨਾ ਹੈ ਅਤੇ ਇਸ ਪ੍ਰਕਿਰਿਆ ਨੂੰ ਵੀ ਹੁਣ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

**ਬੀਮਾ ਕੰਪਨੀ 1 ਲੱਖ ਰੁਪਏ ਤੱਕ ਦੇ ਇਲਾਜ ਦਾ ਖਰਚਾ ਚੁੱਕੇਗੀ; ਬਾਕੀ ਖਰਚਾ ਸੂਬਾ**

ਸਰਕਾਰ ਚੁੱਕੇਗੀ। ਸਰਕਾਰ ਬੀਮਾ ਕੰਪਨੀ ਨਾਲ ਮੁੱਢਲੇ ਪੜਾਅ 'ਤੇ ਦੋ ਸਾਲ ਲਈ ਇਕਰਾਰਨਾਮਾ ਕਰੇਗੀ। ਇਸ ਯੋਜਨਾ ਤੋਂ ਪਹਿਲਾਂ ਪਰਿਵਾਰਾਂ ਨੂੰ ਪੰਜ ਲੱਖ ਰੁਪਏ ਤੱਕ ਦਾ ਬੀਮਾ ਕਵਰ ਮਿਲ ਰਿਹਾ ਸੀ। 'ਆਪ' ਸਰਕਾਰ ਨੇ ਸਿਹਤ ਬੀਮਾ ਸਕੀਮ ਦੀ ਬੀਮਾ ਕਵਰ ਦੀ ਰਾਸ਼ੀ ਦੁੱਗਣੀ ਕਰ ਦਿੱਤੀ ਹੈ ਅਤੇ ਲਾਭਪਾਤਰੀਆਂ ਦਾ ਦਾਇਰਾ ਵਧਾ ਦਿੱਤਾ ਹੈ। ਮੁੱਖ ਮੰਤਰੀ ਸਿਹਤ ਬੀਮਾ ਸਕੀਮ ਲਾਗੂ ਕਰਨ ਵਾਸਤੇ ਵਿੱਤੀ ਸਾਲ 2025-26 ਦੇ ਬਜਟ ਵਿੱਚ 778 ਕਰੋੜ ਰੁਪਏ ਦੀ ਰਕਮ ਰੱਖੀ ਗਈ ਸੀ।

# ਮਾਂ-ਬੋਲੀ ਦੀ ਤੌਹੀਨ: ਪੰਜਾਬ ਸਰਕਾਰ ਦੀ ਆਪਣੀ 'ਦਿਵਿਆਂਗ ਯੋਜਨਾ' ਦਾ ਪੰਜਾਬੀ ਅਨੁਵਾਦ ਹੀ ਗਾਇਬ !




**ਚੰਡੀਗੜ੍ਹ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਰਕਾਰੀ ਮਹਿਕਮਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਅਣਗੌਲਿਆ ਕਰਨ ਦਾ ਇੱਕ ਹੋਰ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। 'ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ' ਨੇ ਇੱਕ ਮਹਿਲਾ ਪ੍ਰਾਰਥੀ ਨੂੰ ਪੰਜਾਬ ਦਿਵਿਆਂਗਜਨ ਸ਼ਕਤੀਕਰਨ ਯੋਜਨਾ 2021 ਦਾ ਨੋਟੀਫਿਕੇਸ਼ਨ ਪੰਜਾਬੀ ਵਿੱਚ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਕੋਲ ਇਸ ਦੀ ਪੰਜਾਬੀ ਕਾਪੀ ਉਪਲਬਧ ਨਹੀਂ ਹੈ।

ਹੱਦ ਤਾਂ ਇਹ ਹੈ ਕਿ ਜੋ ਯੋਜਨਾ ਪੰਜਾਬ ਦੇ ਸਾਢੇ ਛੇ ਲੱਖ ਦਿਵਿਆਂਗਾਂ ਦੇ ਹੱਕਾਂ ਲਈ ਬਣੀ ਹੈ, ਉਹ ਉਨ੍ਹਾਂ ਦੀ ਆਪਣੀ ਖੇਤਰੀ ਭਾਸ਼ਾ ਵਿੱਚ ਹੀ ਮੌਜੂਦ ਨਹੀਂ।

ਕਿਰਨ ਕੁਮਾਰੀ ਨਾਮਕ ਮਹਿਲਾ ਨੇ ਜਦੋਂ ਇਸ ਯੋਜਨਾ ਬਾਰੇ ਜਾਣਕਾਰੀ ਮੰਗੀ, ਤਾਂ ਵਿਭਾਗ ਦੇ ਜਵਾਬ ਨੇ ਸਭ ਨੂੰ ਹੈਰਾਨ ਕਰ ਦਿੱਤਾ। ਨਾ ਤਾਂ ਵਿਭਾਗ ਦੀ ਵੈੱਬਸਾਈਟ 'ਤੇ ਪੰਜਾਬੀ ਵਿੱਚ ਜਾਣਕਾਰੀ ਹੈ ਅਤੇ ਨਾ ਹੀ ਦਫ਼ਤਰ ਵਿੱਚ।

ਇਸ ਦਾ ਸਖ਼ਤ ਨੋਟਿਸ ਲੈਂਦਿਆਂ ਭਾਸ਼ਾ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਹਰਭਜਨ ਕੌਰ ਨੇ ਸੰਬੰਧਿਤ ਮਹਿਕਮੇ ਨੂੰ 'ਪੰਜਾਬ ਰਾਜ ਭਾਸ਼ਾ ਐਕਟ' ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਦੂਜੀ ਵਾਰ ਵੀ ਉਲੰਘਣਾ ਹੋਈ, ਤਾਂ ਵਿਭਾਗ ਨੂੰ ਭਾਰੀ ਜੁਰਮਾਨਾ ਭਰਨਾ ਪੈ ਸਕਦਾ ਹੈ।

ਇਸ ਮਾਮਲੇ ਨੇ ਪੁਰਾਣੇ ਜ਼ਖ਼ਮ ਫਿਰ ਹਰੇ ਕਰ ਦਿੱਤੇ ਹਨ। ਕੇਂਦਰੀ ਕਾਨੂੰਨਾਂ ਦੇ ਪੰਜਾਬੀ ਅਨੁਵਾਦ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਵਿਜੇ ਵਾਲੀਆ ਅਤੇ ਗੁਰਮੀਤ ਸਿੰਘ ਨੇ ਰੋਸ ਜਤਾਇਆ ਕਿ ਪਹਿਲਾਂ ਵੀ ਮਨਰੇਗਾ ਅਤੇ ਉਸਾਰੀ ਕਿਰਤੀ ਬੋਰਡ ਵਰਗੇ ਕਾਨੂੰਨਾਂ ਦਾ ਅਨੁਵਾਦ ਮੰਗਦੇ-ਮੰਗਦੇ ਦਹਾਕੇ ਬੀਤ ਗਏ।

# ਸਵਰਗੀ ਸ. ਦਲਜੀਤ ਸਿੰਘ ਕਾਲੜਾ ਦੀ ਪਿਆਰੀ ਯਾਦ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ

**ਨਵੀਂ ਦਿੱਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਦੇ ਸਵਰਗੀ ਸਤਿਕਾਰਯੋਗ ਪਿਤਾ ਸ. ਦਲਜੀਤ ਸਿੰਘ ਕਾਲੜਾ ਦੀ ਪਿਆਰੀ ਤੇ ਮਿੱਠੀ ਯਾਦ ਨੂੰ ਤਾਜ਼ਾ ਕਰਦਿਆਂ, ਸਮੂਹ ਕਾਲੜਾ ਪਰਿਵਾਰ ਵੱਲੋਂ ਕੱਲ੍ਹ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਜੀ ਵਿਖੇ ਇਕ ਵਿਸ਼ੇਸ਼ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਪਾਵਨ ਸਮਾਗਮ ਦੌਰਾਨ ਗੁਰਬਾਣੀ ਕੀਰਤਨ ਦੀ ਅੰਮ੍ਰਿਤਮਈ ਧੁਨ ਨਾਲ ਸਾਰਾ ਮਾਹੌਲ ਆਤਮਕਤਾ ਅਤੇ ਸ਼ਰਧਾ ਨਾਲ ਪੂਰਨ ਹੋ ਗਿਆ। ਸਵਰਗੀ ਸ. ਦਲਜੀਤ ਸਿੰਘ ਕਾਲੜਾ ਜੀ ਦੀ ਯਾਦ ਵਿੱਚ ਸੰਗਤਾਂ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਗੁਰਸਿੱਖ ਸੰਗਤਾਂ, ਮਹਾਂਪੁਰਖ, ਧਾਰਮਿਕ ਅਗੂ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਦੀ ਹਾਜ਼ਰੀ ਰਹੀ, ਜਿਸ ਨਾਲ ਸਮਾਗਮ ਦੀ ਗੰਭੀਰਤਾ ਅਤੇ ਮਹੱਤਤਾ ਹੋਰ ਵੀ ਉਜਾਗਰ ਹੋਈ।

ਇਸ ਮੌਕੇ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਹਾਜ਼ਰ ਸਮੂਹ ਸੰਗਤਾਂ, ਮਹਾਂਪੁਰਖਾਂ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਵਰਗੀ ਪਿਤਾ ਜੀ ਦੀਆਂ ਨੇਕ ਯਾਦਾਂ, ਉੱਚੇ ਮੂਲ ਅਤੇ ਸੇਵਾ-ਭਾਵਨਾ ਹਮੇਸ਼ਾ ਉਨ੍ਹਾਂ ਲਈ ਪ੍ਰੇਰਣਾ ਦਾ ਸਰੋਤ ਰਹਿਣਗੀਆਂ। ਉਨ੍ਹਾਂ ਨੇ ਸੰਗਤਾਂ ਦੀ ਹਾਜ਼ਰੀ ਅਤੇ ਅਸੀਸਾਂ ਨੂੰ ਪਰਿਵਾਰ ਲਈ ਅਮੋਲਕ ਦੱਸਿਆ। ਸਮਾਗਮ ਦਾ ਸਮਾਪਨ ਅਰਦਾਸ ਅਤੇ ਗੁਰਬਾਣੀ ਦੇ ਸ਼ਾਂਤਮਈ ਸੁਰਾਂ ਨਾਲ ਹੋਇਆ, ਜਿੱਥੇ ਸਮੂਹ ਸੰਗਤ ਨੇ ਸਵਰਗੀ ਆਤਮਾ ਲਈ ਅਰਦਾਸ ਕੀਤੀ।

# ਏਅਰ ਇੰਡੀਆ ਦੇ ਜਹਾਜ਼ ਦਾ ਉਡਾਣ ਭਰਦੇ ਹੀ ਇੰਜਣ ਫੇਲ੍ਹ; ਦਿੱਲੀ ਹਵਾਈ ਅੱਡੇ 'ਤੇ ਹੋਈ ਐਮਰਜੈਂਸੀ ਲੈਂਡਿੰਗ

**ਨਵੀਂ ਦਿੱਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਤੋਂ ਮੁੰਬਈ ਜਾ ਰਹੇ ਏਅਰ ਇੰਡੀਆ ਦੇ ਬੋਇੰਗ 777 (Boeing GGG) ਜਹਾਜ਼ ਦਾ ਅੱਜ ਸਵੇਰੇ ਉਡਾਣ ਭਰਨ ਦੇ ਕੁਝ ਹੀ ਸਮੇਂ ਬਾਅਦ ਸੱਜਾ ਇੰਜਣ ਬੰਦ ਹੋ ਗਿਆ, ਜਿਸ ਕਾਰਨ ਜਹਾਜ਼ ਨੂੰ ਤੁਰੰਤ ਵਾਪਸ ਦਿੱਲੀ ਮੋੜਨਾ ਪਿਆ। ਜਹਾਜ਼ ਵਿੱਚ ਕਰੀਬ 335 ਯਾਤਰੀ ਸਵਾਰ ਸਨ। ਖੁਸ਼ਕਿਸਮਤੀ ਰਹੀ ਕਿ ਜਹਾਜ਼ ਸੁਰੱਖਿਅਤ ਲੈਂਡ ਕਰ ਗਿਆ ਅਤੇ ਸਾਰੇ ਯਾਤਰੀ ਤੇ ਅਮਲਾ ਮੈਂਬਰ ਬਿਲਕੁਲ ਠੀਕ ਹਨ।

ਜਾਣਕਾਰੀ ਅਨੁਸਾਰ, ਫਲਾਈਟ ਨੰਬਰ 19887 ਨੇ ਸਵੇਰੇ ਕਰੀਬ 6:30 ਵਜੇ ਦਿੱਲੀ ਤੋਂ ਉਡਾਣ ਭਰੀ ਸੀ। ਉਡਾਣ ਭਰਨ ਦੇ ਕੁਝ ਮਿੰਟਾਂ ਬਾਅਦ ਜਦੋਂ ਪਾਇਲਟ ਨੇ ਜਹਾਜ਼ ਦੇ 'ਫਲੈਪਸ' ਨੂੰ ਉੱਪਰ ਖਿੱਚਿਆ, ਤਾਂ ਸੱਜੇ ਇੰਜਣ (ਇੰਜਣ ਨੰਬਰ 2) ਵਿੱਚ ਤੇਲ ਦਾ ਦਬਾਅ (Oil Pressure) ਘੱਟ ਹੋਣ ਦਾ ਸੰਕੇਤ ਮਿਲਿਆ।

# ਲੰਮੀ ਉਡੀਕ ਮਗਰੋਂ ਆਵਾਜਾਈ ਲਈ ਖੋਲਿਆ ਦੈੜੀ-ਕੁਰਾਲੀ ਰਿੰਗ ਰੋਡ

**ਮੁਹਾਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਮਾਲਾ ਪ੍ਰੋਜੈਕਟ ਤਹਿਤ ਕੌਮੀ ਸ਼ਾਹਰਾਹ ਅਥਾਰਟੀ ਵੱਲੋਂ ਮੋਹਾਲੀ ਦੇ ਏਅਰਪੋਰਟ ਰੋਡ ਤੋਂ ਆਈ.ਟੀ ਚੌਂਕ ਦੈੜੀ ਤੋਂ ਕੁਰਾਲੀ ਤੱਕ ਦਾ ਰਿੰਗ ਰਿੰਗ ਰੋਡ ਅੱਜ ਲੰਮੀ ਉਡੀਕ ਮਗਰੋਂ ਆਵਾਜਾਈ ਲਈ ਖੁਲ ਗਿਆ ਹੈ। ਇਹ ਪ੍ਰੋਜੈਕਟ ਕੁਝ ਸਮੇਂ ਤੋਂ ਤਿਆਰ ਸੀ ਪਰ ਇਸ ਸੜਕ ਉੱਤੇ ਕਈ ਥਾਵਾਂ ਤੇ ਵੱਡੇ-ਵੱਡੇ ਪੱਥਰ ਰੱਖ ਕੇ ਆਵਾਜਾਈ ਨੂੰ ਲੰਘਣ ਤੋਂ ਰੋਕਿਆ ਗਿਆ ਸੀ।




ਅੱਜ ਜਿਉਂ ਹੀ ਨੈਸ਼ਨਲ ਹਾਈਵੇਅ ਅਥਾਰਟੀ ਦੀ ਨਿਗਰਾਨੀ ਹੇਠ ਸੜਕ ਦਾ ਨਿਰਮਾਣ ਕਰਨ ਵਾਲੀ ਅਸ਼ੋਕਾ ਬਿਲਡ ਕੋਨ ਨਾਮੀਂ ਕੰਪਨੀ ਦੇ ਕਰਮਚਾਰੀਆਂ ਵੱਲੋਂ ਇਸ ਉੱਤੇ ਆਵਾਜਾਈ ਰੋਕਣ ਲਈ ਰੱਖੇ ਗਏ ਵੱਡੇ-ਵੱਡੇ ਪੱਥਰ ਹਟਾਏ ਗਏ ਤਾਂ ਤੁਰੰਤ ਵੱਡੀ ਗਿਣਤੀ ਵਿੱਚ ਆਵਾਜਾਈ ਲੰਘਣੀ ਸ਼ੁਰੂ ਹੋ ਗਈ।

ਆਈ.ਟੀ ਚੌਂਕ ਦੈੜੀ ਤੋਂ ਲੈ ਕੇ ਕਰਾਲੀ ਤੱਕ 31 ਮੀਟਰ ਲੰਮੇ ਇਸ ਐਕਸਪ੍ਰੈਸ ਵੇਅ ਉੱਤੇ 1400 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਆਈ ਹੈ ਅਤੇ ਇਸ ਲਈ 28 ਪਿੰਡਾਂ ਦੀ 400 ਏਕੜ ਦੇ ਕਰੀਬ ਜ਼ਮੀਨ ਐਕੁਆਇਰ ਕੀਤੀ ਗਈ ਸੀ। ਇਸਦਾ ਨਿਰਮਾਣ 2022 ਵਿੱਚ ਸ਼ੁਰੂ ਹੋਇਆ ਸੀ।ਇਹ ਸੜਕ ਦੇ ਚਾਲੂ ਹੋਣ ਨਾਲ ਜੰਮੂ ਕਸ਼ਮੀਰ, ਪੰਜਾਬ, ਹਿਮਾਚਲ ਦੇ ਵਸਨੀਕਾਂ ਨੂੰ ਦਿੱਲੀ ਅਤੇ ਮੁਹਾਲੀ ਏਅਰਪੋਰਟ ਜਾਣ ਲਈ ਖਰੜ ਅਤੇ ਮੁਹਾਲੀ ਵਿੱਚ ਨਹੀਂ ਵੜਨਾ ਪਵੇਗਾ ਅਤੇ ਉਹ ਬਾਹਰੋਂ ਬਾਹਰ ਸਿੱਧੇ ਹੀ ਇਸ 200 ਫੁੱਟ ਚੌੜੀ ਛੇ ਮਾਰਗੀ ਐਕਸਪ੍ਰੈਸ ਵੇਅ ਰਾਹੀਂ ਦਿੱਲੀ ਤੇ ਮੋਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਉੱਤੇ ਜਾ ਸਕਣਗੇ।

ਇਸ ਕੌਮੀ ਮਾਰਗ ਉੱਤੇ ਇੱਕ ਟੌਲ ਪਲਾਜ਼ਾ ਬਣਾਇਆ ਗਿਆ ਹੈ ਜਿਹੜਾ ਕਿ ਹਾਲੇ ਚਾਲੂ ਨਹੀਂ ਹੋਇਆ ਹੈ। ਇਹ ਕੌਮੀ ਮਾਰਗ ਸਰਹੰਦ, ਲੁਧਿਆਣਾ ਅਤੇ ਰੋਪੜ ਵਾਲੀਆਂ ਸੜਕਾਂ ਨਾਲ ਵੀ ਜੁੜਿਆ ਹੋਇਆ ਹੈ। ਸ਼ਹੀਦੀ ਜੋੜ ਮੇਲੇ ਮੇਲਿਆਂ ਦੇ ਦਰਮਿਆਨ ਆਵਾਜਾਈ ਲਈ ਖੋਲੀ ਗਈ ਇਹ ਸੜਕ ਵੱਡੇ ਗਿਣਤੀ ਵਿੱਚ ਸ਼ਰਧਾਲੂਆਂ ਲਈ ਲਾਹੇਵੰਦ ਸਾਬਤ ਹੋਵੇਗੀ ਅਤੇ ਇਸ ਨਾਲ ਲਾਂਡਰਾਂ-ਖਰੜ ਸੜਕ ਉੱਤੇ ਵੱਡੀ ਮਾਤਰਾ ਵਿੱਚ ਜਾਂਦੀ ਆਵਾਜਾਈ ਘੱਟ ਹੋਵੇਗੀ।

# ਸ਼ਿਮਲਾ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰ ਵੱਲੋਂ ਮਰੀਜ਼ ਦੀ ਕੁੱਟਮਾਰ



**ਸ਼ਿਮਲਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਅੱਜ ਇਕ ਡਾਕਟਰ ਨੇ ਮਰੀਜ਼ ਦੀ ਕੁੱਟਮਾਰ ਕਰ ਦਿੱਤੀ। ਇਹ ਮਰੀਜ਼ ਐਂਡੋਸਕੋਪੀ ਕਰਵਾਉਣ ਆਇਆ ਸੀ ਤੇ ਐਂਡੋਸਕੋਪੀ ਕਰਵਾਉਣ ਤੋਂ ਬਾਅਦ ਖਾਲੀ ਬੈੱਡ ਦੇਖ ਕੇ ਸੌਂ ਗਿਆ। ਇਸ ਦੌਰਾਨ ਜਦੋਂ ਡਾਕਟਰ ਨੇ ਵਾਰਡ ਵਿਚ ਬਾਹਰਲੇ ਬੰਦੇ ਨੂੰ ਦੇਖਿਆਂ ਤਾਂ ਦੋਵਾਂ ਵਿਚ ਬੋਲ ਬੁਲਾਰਾ ਹੋ ਗਿਆ ਤੇ ਦੋਵਾਂ ਨੇ ਇਕ ਦੂਜੇ 'ਤੇ ਖ਼ੂਬ ਲੱਤਾਂ ਚਲਾਈਆਂ ਤੇ ਮੁੱਕੇ ਮਾਰੇ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਹਸਪਤਾਲ ਪ੍ਰਸ਼ਾਸਨ ਨੇ ਡਾਕਟਰ ਨੂੰ ਮੁਅੱਤਲ ਕਰ ਦਿੱਤਾ ਹੈ ਤੇ ਜਾਂਚ ਲਈ ਕਮੇਟੀ ਬਣਾ ਦਿੱਤੀ ਹੈ। ਸੂਬੇ ਦੇ ਸਿਹਤ ਮੰਤਰੀ ਨੇ ਕਿਹਾ ਹੈ ਕਿ ਜੇ ਡਾਕਟਰ ਦੀ ਗਲਤੀ ਸਿੱਧ ਹੁੰਦੀ ਹੈ ਤਾਂ ਉਸ ਨੂੰ ਬਰਖਾਸਤ ਕੀਤਾ ਜਾਵੇਗਾ।

ਇਸ ਕੁੱਟਮਾਰ ਤੋਂ ਬਾਅਦ ਮਰੀਜ਼ ਦੇ ਰਿਸ਼ਤੇਦਾਰਾਂ ਨੇ ਹਸਪਤਾਲ ਦੇ ਬਾਹਰ ਪ੍ਰਦਰਸ਼ਨ ਕੀਤਾ ਤੇ ਡਾਕਟਰ ਖ਼ਿਲਾਫ਼ ਸਖਤ ਕਾਰਵਾਈ ਕੀਤੀ।

# ਭਾਰਤ ਨਾਲ ਵਿਗੜੇ ਸਬੰਧਾਂ ਲਈ ਅੰਤਰਿਮ ਸਰਕਾਰ ਜ਼ਿੰਮੇਵਾਰ: ਸ਼ੇਖ ਹਸੀਨਾ

**ਨਵੀਂ ਦਿੱਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਭਾਰਤ ਅਤੇ ਬੰਗਲਾਦੇਸ਼ ਦੇ ਵਿਚਕਾਰ ਵਧ ਰਹੇ ਤਣਾਅ ਲਈ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਹੈ। ਹਸੀਨਾ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਭਾਰਤ ਵਿਰੁੱਧ ਦੁਸ਼ਮਣੀ ਭਰੇ ਬਿਆਨ ਜਾਰੀ ਕਰ ਰਹੀ ਹੈ, ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ ਅਤੇ ਕੱਟੜਪੰਥੀਆਂ ਨੂੰ ਵਿਦੇਸ਼ ਨੀਤੀ 'ਤੇ ਹਾਵੀ ਹੋਣ ਦੀ ਇਜਾਜ਼ਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦਹਾਕਿਆਂ ਤੋਂ ਬੰਗਲਾਦੇਸ਼ ਦਾ ਸਭ ਤੋਂ ਪੱਕਾ ਦੋਸਤ ਰਿਹਾ ਹੈ ਅਤੇ ਦੋਵਾਂ ਦੇਸ਼ਾਂ ਦੇ ਸਬੰਧ ਕਿਸੇ ਵੀ ਅਸਥਾਈ ਸਰਕਾਰ ਨਾਲੋਂ ਕਿਤੇ ਜ਼ਿਆਦਾ ਡੂੰਘੇ ਹਨ। ਹਸੀਨਾ ਨੇ ਅੱਗੇ ਕਿਹਾ ਕਿ ਯੂਨਸ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਸੁਰੱਖਿਆ ਦਿੱਤੀ ਹੈ ਜਿਨ੍ਹਾਂ ਨੇ ਭਾਰਤੀ ਦੂਤਾਵਾਸਾਂ ਨੂੰ ਨਿਸ਼ਾਨਾ ਬਣਾਇਆ ਅਤੇ ਘੱਟ ਗਿਣਤੀਆਂ 'ਤੇ ਹਮਲੇ ਕੀਤੇ।

ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਹਾਲ ਹੀ ਵਿੱਚ ਢਾਕਾ ਵਿੱਚ ਹੋਈ ਹਿੰਸਾ ਅਤੇ ਭਾਰਤੀ ਮਿਸ਼ਨਾਂ ਨੂੰ ਮਿਲੀਆਂ ਧਮਕੀਆਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਡਿਪਲੋਮੈਟਿਕ ਸਬੰਧਾਂ ਵਿੱਚ ਕੁੜੱਤਣ ਵਧੀ ਹੈ ਅਤੇ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਰਾਜਦੂਤਾਂ ਨੂੰ ਤਲਬ ਕੀਤਾ ਸੀ। ਸ਼ੇਖ ਹਸੀਨਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਜਦੋਂ ਬੰਗਲਾਦੇਸ਼ ਵਿੱਚ ਮੁੜ ਜਾਇਜ਼ ਸ਼ਾਸਨ ਸਥਾਪਤ ਹੋਵੇਗਾ, ਤਾਂ ਦੇਸ਼ ਉਸੇ ਸਮਝਦਾਰਾਨਾ ਭਾਈਵਾਲੀ ਵੱਲ ਵਾਪਸ ਪਰਤੇਗਾ ਜੋ ਉਨ੍ਹਾਂ ਦੇ 15 ਸਾਲਾਂ ਦੇ ਸ਼ਾਸਨ ਦੌਰਾਨ ਵਿਕਸਿਤ ਕੀਤੀ ਗਈ ਸੀ।

ਹਸੀਨਾ ਨੇ ਹਾਦੀ ਦੀ ਮੌਤ ਨੂੰ ਯੂਨਸ ਦੇ ਰਾਜ ਵਿੱਚ ਵਧ ਰਹੀ ਅਰਾਜਕਤਾ ਦਾ ਨਤੀਜਾ ਦੱਸਦਿਆਂ ਕਿਹਾ ਕਿ ਜਦੋਂ ਤੁਸੀਂ ਆਪਣੇ ਸਰਹੱਦਾਂ ਅੰਦਰ ਬੁਨਿਆਦੀ ਕਾਨੂੰਨ ਵਿਵਸਥਾ ਕਾਇਮ ਨਹੀਂ ਰੱਖ ਸਕਦੇ, ਤਾਂ ਅੰਤਰਰਾਸ਼ਟਰੀ ਪੱਧਰ 'ਤੇ ਤੁਹਾਡੀ ਭਰੋਸੇਯੋਗਤਾ ਖਤਮ ਹੋ ਜਾਂਦੀ ਹੈ ਅਤੇ ਇਹੀ ਅੱਜ ਦੇ ਯੂਨਸ ਵਾਲੇ ਬੰਗਲਾਦੇਸ਼ ਦੀ ਅਸਲੀਅਤ ਹੈ।

# ਮਾਸਟਰ ਸਲੀਮ ਨੂੰ ਵੱਡਾ ਸਦਮਾ: ਨਹੀਂ ਰਹੇ ਗਾਇਕ ਉਸਤਾਦ ਪੂਰਨ ਸ਼ਾਹ ਕੋਟੀ



**ਜਲੰਧਰ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਾਇਕ ਮਾਸਟਰ ਸਲੀਮ ਦੇ ਪਿਤਾ ਉਸਤਾਦ ਪੂਰਨ ਸ਼ਾਹ ਕੋਟੀ ਦਾ ਸੰਖੇਪ ਬਿਮਾਰੀ ਉਪਰੰਤ ਅੱਜ ਦੇਹਾਂਤ ਹੋ ਗਿਆ ਹੈ। ਉਹ 72 ਸਾਲਾਂ ਦੇ ਸਨ। ਮਰਹੂਮ ਉਸਤਾਦ ਪੂਰਨ ਸ਼ਾਹ ਕੋਟੀ ਸੂਬੇ ਦੇ ਸਾਬਕਾ ਰਾਜ ਗਾਇਕ ਹੰਸ ਰਾਜ ਹੰਸ ਦੇ ਸੰਗੀਤ ਗੁਰੂ ਸਨ। ਉਸਤਾਦ ਪੂਰਨ ਸ਼ਾਹ ਕੋਟੀ ਦੀ ਮੌਤ ਤੇ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਕਈ ਗਾਇਕ ਅਤੇ ਕਲਾਕਾਰਾਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਉਸਤਾਦ ਪੂਰਨ ਸ਼ਾਹ ਕੋਟੀ ਨੂੰ ਪੰਜਾਬੀ ਸੰਗੀਤ ਜਗਤ ਵਿੱਚ ਬਹੁਤ ਵੱਡਾ ਆਦਰ ਅਤੇ ਮਾਣ ਹਾਸਲ ਸੀ। ਉਨ੍ਹਾਂ ਨੇ ਆਪਣੇ ਸੰਗੀਤਕ ਸਫ਼ਰ ਦੌਰਾਨ ਮਾਸਟਰ ਸਲੀਮ, ਹੰਸ ਰਾਜ ਹੰਸ ਅਤੇ ਸਾਬਰ ਕੋਟੀ ਵਰਗੇ ਕਈ ਮਸ਼ਹੂਰ ਗਾਇਕਾਂ ਨੂੰ ਤਰਾਸ਼ ਕੇ ਪੰਜਾਬੀ ਸੰਗੀਤ ਨੂੰ ਨਵੀਂ ਪਹਿਚਾਣ ਦਿੱਤੀ। ਉਨ੍ਹਾਂ ਦੀ ਸਾਦਗੀ, ਰਿਆਜ਼ ਅਤੇ ਸੰਗੀਤ ਪ੍ਰਤੀ ਸਮਰਪਣ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ।

# 2015 ਫਰੀਦਕੋਟ ਗੋਲੀਕਾਂਡ ਦੇ ਮੁਲਜ਼ਮ ਸਾਬਕਾ IPS ਅਮਰ ਸਿੰਘ ਚਾਹਲ ਵੱਲੋਂ 'ਖੁਦਕੁਸ਼ੀ' ਦੀ ਕੋਸ਼ਿਸ਼, ਹਾਲਤ ਨਾਜ਼ੁਕ

**ਪਟਿਆਲਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਪੁਲੀਸ ਦੇ ਸਾਬਕਾ ਆਈ.ਪੀ.ਐਸ. ਅਧਿਕਾਰੀ ਅਮਰ ਸਿੰਘ ਚਾਹਲ ਵੱਲੋਂ ਸੋਮਵਾਰ ਨੂੰ ਕਥਿਤ ਤੌਰ 'ਤੇ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲੀਸ ਅਨੁਸਾਰ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ।

ਛਾਤੀ 'ਤੇ ਗੰਭੀਰ ਸੱਟ ਲੱਗਣ ਕਾਰਨ ਉਨ੍ਹਾਂ ਨੂੰ ਤੁਰੰਤ ਪਾਰਕ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਡਾਕਟਰਾਂ ਨੇ ਫਿਲਹਾਲ ਉਨ੍ਹਾਂ ਦੀ ਸਥਿਤੀ ਬਾਰੇ ਕੋਈ ਅੰਤਿਮ ਪੁਸ਼ਟੀ ਨਹੀਂ ਕੀਤੀ ਹੈ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਸਥਾਨ ਤੋਂ ਇਕ ਨੋਟ ਬਰਾਮਦ ਹੋਇਆ ਹੈ, ਜਿਸ ਵਿੱਚ ਕਥਿਤ ਤੌਰ 'ਤੇ ਇੱਕ ਆਨਲਾਈਨ ਫਰਾਡ (ਧੋਖਾਧੜੀ) ਕਾਰਨ ਹੋਏ ਆਰਥਿਕ ਨੁਕਸਾਨ ਅਤੇ ਮਾਨਸਿਕ ਪਰੇਸ਼ਾਨੀ ਦਾ ਜ਼ਿਕਰ ਕੀਤਾ ਗਿਆ ਹੈ।

ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਗੋਲੀ ਚੱਲਣ ਦੀ ਸੂਚਨਾ ਮਿਲਦੇ ਹੀ ਪੁਲੀਸ ਟੀਮਾਂ ਤੁਰੰਤ ਅਮਰ ਸਿੰਘ ਚਾਹਲ ਦੇ ਘਰ ਪਹੁੰਚੀਆਂ ਅਤੇ ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ। ਪੁਲੀਸ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਅਮਰ ਸਿੰਘ ਚਾਹਲ 2015 ਦੇ ਬਹੁ-ਚਰਚਿਤ ਫਰੀਦਕੋਟ ਗੋਲੀਕਾਂਡ ਦੇ ਮੁਲਜ਼ਮਾਂ ਵਿੱਚੋਂ ਇੱਕ ਹਨ। ਫਰਵਰੀ 2023 ਵਿੱਚ ਏ.ਡੀ.ਜੀ.ਪੀ. ਐਲ.ਕੇ. ਯਾਦਵ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕੀਤੀ ਸੀ, ਜਿਸ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਮੇਤ ਕਈ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਨਾਮ ਸ਼ਾਮਲ ਸਨ। ਅਮਰ ਸਿੰਘ ਚਾਹਲ ਉਸ ਸਮੇਂ ਡੀ.ਆਈ.ਜੀ. ਵਜੋਂ ਤਾਇਨਾਤ ਸਨ।

# H-1B ਵੀਜ਼ਾ: ਵਰਕ ਪਰਮਿਟ ਨਵਿਆਉਣ ਭਾਰਤ ਆਏ 8-12 ਵੀਜ਼ਾ ਧਾਰਕ ਫਸੇ

**ਨਵੀਂ ਦਿੱਲੀ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਅਮਰੀਕਾ ਦੇ 8-12 ਵੀਜ਼ਾ ਧਾਰਕ ਭਾਰਤੀ, ਜੋ ਇਸ ਮਹੀਨੇ ਆਪਣੇ ਵਰਕ ਪਰਮਿਟ ਰੀਨਿਊ ਕਰਵਾਉਣ ਲਈ ਭਾਰਤ ਆਏ ਸਨ, ਅਮਰੀਕੀ ਕੌਂਸਲਰ ਦਫਤਰਾਂ ਵੱਲੋਂ ਅਚਾਨਕ ਅਪੌਇੰਟਮੈਂਟਾਂ (ਮੀਟਿੰਗ ਦਾ ਸਮਾਂ) ਰੱਦ ਕੀਤੇ ਜਾਣ ਕਾਰਨ ਉੱਥੇ ਹੀ ਫਸ ਗਏ ਹਨ। ਵਾਸ਼ਿੰਗਟਨ ਪੋਸਟ ਨੇ ਤਿੰਨ ਇਮੀਗ੍ਰੇਸ਼ਨ ਵਕੀਲਾਂ ਦੇ ਹਵਾਲੇ ਨਾਲ ਦੱਸਿਆ ਕਿ 15 ਤੋਂ 26 ਦਸੰਬਰ ਦਰਮਿਆਨ ਤੈਅ ਕੀਤੀਆਂ ਗਈਆਂ ਅਪੌਇੰਟਮੈਂਟਾਂ ਰੱਦ ਕਰ ਦਿੱਤੀਆਂ ਗਈਆਂ ਹਨ। ਸਟੇਟ ਡਿਪਾਰਟਮੈਂਟ ਵੱਲੋਂ ਵੀਜ਼ਾ ਧਾਰਕਾਂ ਨੂੰ ਭੇਜੀਆਂ ਗਈਆਂ ਈਮੇਲਾਂ ਵਿੱਚ ਦੱਸਿਆ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਦੀ ਨਵੀਂ ਸੋਸ਼ਲ ਮੀਡੀਆ ਜਾਂਚ ਨੀਤੀ (Social Media Vetting Policy) ਨੂੰ ਲਾਗੂ ਕਰਨ ਕਾਰਨ ਇੰਟਰਵਿਊਆਂ ਵਿੱਚ ਦੇਰੀ ਕੀਤੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਬਿਨੈਕਾਰ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਜਾਂ ਜਨਤਕ ਸੁਰੱਖਿਆ ਲਈ ਖਤਰਾ ਨਾ ਹੋਵੇ।

ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ 10 ਦਸੰਬਰ ਨੂੰ ਸਪੱਸ਼ਟ ਕੀਤਾ ਸੀ ਕਿ ਸੋਸ਼ਲ ਮੀਡੀਆ ਅਤੇ ਆਨਲਾਈਨ ਮੌਜੂਦਗੀ ਦੀ ਜਾਂਚ ਦਾ ਘੇਰਾ ਹੁਣ ਸਾਰੇ 8-12 ਕਰਮਚਾਰੀਆਂ ਅਤੇ ਉਨ੍ਹਾਂ ਦੇ 8-4 ਨਿਰਭਰ (dependents) ਪਰਿਵਾਰਕ ਮੈਂਬਰਾਂ ਤੱਕ ਵਧਾ ਦਿੱਤਾ ਗਿਆ ਹੈ। ਦੂਤਾਵਾਸ ਦੇ ਬੁਲਾਰੇ ਨੇ ਦੱਸਿਆ ਕਿ ਪਹਿਲਾਂ ਇਹ ਜਾਂਚ ਸਿਰਫ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਵੀਜ਼ਾ (F, M, J) ਸ਼੍ਰੇਣੀਆਂ ਲਈ ਹੁੰਦੀ ਸੀ, ਪਰ 15 ਦਸੰਬਰ ਤੋਂ ਇਸ ਵਿੱਚ 8-12 ਅਤੇ 8-4 ਬਿਨੈਕਾਰਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਇਸ ਫੈਸਲੇ ਨਾਲ ਸੈਂਕੜੇ ਭਾਰਤੀ ਪੇਸ਼ੇਵਰ ਪ੍ਰਭਾਵਿਤ ਹੋਏ ਹਨ, ਇਕੱਲੀ ਹਿਊਸਟਨ ਦੀ ਫਰਮ 'ਰੈੱਡੀ ਨਿਊਮੈਨ ਬ੍ਰਾਊਨ ਪੀ.ਸੀ.' ਦੇ ਹੀ 100 ਤੋਂ ਵੱਧ ਗਾਹਕ ਭਾਰਤ ਵਿੱਚ ਫਸੇ ਹੋਏ ਹਨ। ਸਟੇਟ ਡਿਪਾਰਟਮੈਂਟ ਨੇ ਕਿਹਾ ਹੈ ਕਿ ਹੁਣ ਵੀਜ਼ਾ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਬਜਾਏ ਹਰੇਕ ਕੇਸ ਦੀ ਬਾਰੀਕੀ ਨਾਲ ਜਾਂਚ ਨੂੰ ਪਹਿਲ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ 8-12 ਵੀਜ਼ਾ ਧਾਰਕਾਂ ਵਿੱਚੋਂ 71 ਫੀਸਦੀ ਭਾਰਤੀ ਹਨ।

ਇਸ ਤੋਂ ਇਲਾਵਾ ਜੁਲਾਈ ਵਿੱਚ ਕੀਤੇ ਐਲਾਨ ਅਨੁਸਾਰ 8-12 ਧਾਰਕ ਹੁਣ ਕਿਸੇ ਤੀਜੇ ਦੇਸ਼ ਵਿੱਚ ਵੀਜ਼ਾ ਰੀਨਿਊ ਨਹੀਂ ਕਰਵਾ ਸਕਦੇ ਅਤੇ 19 ਸਤੰਬਰ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਸਤਖ਼ਤ ਕੀਤੇ ਗਏ ਐਲਾਨਨਾਮੇ ਤਹਿਤ ਨਵੀਆਂ 8-12 ਅਰਜ਼ੀਆਂ 'ਤੇ 1,00,000 ਡਾਲਰ ਦੀ ਭਾਰੀ ਫੀਸ ਵੀ ਲਾਗੂ ਕਰ ਦਿੱਤੀ ਗਈ ਹੈ, ਜੋ ਕਿ 21 ਸਤੰਬਰ ਤੋਂ ਬਾਅਦ ਜਮ੍ਹਾਂ ਹੋਣ ਵਾਲੀਆਂ ਨਵੀਆਂ ਪਟੀਸ਼ਨਾਂ ਅਤੇ 2026 ਦੀ ਲਾਟਰੀ ਲਈ ਲਾਗੂ ਹੋਵੇਗੀ। ਹਾਲਾਂਕਿ,ਮੌਜੂਦਾ ਵੀਜ਼ਾ ਧਾਰਕ ਅਤੇ ਪਹਿਲਾਂ ਜਮ੍ਹਾਂ ਕੀਤੀਆਂ ਪਟੀਸ਼ਨਾਂ ਇਸ ਫੀਸ ਤੋਂ ਮੁਕਤ ਹਨ। ਇਸ ਪੂਰੀ ਸਥਿਤੀ ਨੇ ਭਾਰਤੀ ਕਰਮਚਾਰੀਆਂ ਅਤੇ ਉਨ੍ਹਾਂ ਦੀਆਂ ਅਮਰੀਕੀ ਕੰਪਨੀਆਂ ਵਿੱਚ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ।

# ਜਨਤਾ ਦੇ ਫ਼ਤਵੇ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਤੇ ਮੋਹਰ ਲਗਾਈ : ਡਾ. ਜਮੀਲ ਉਲ ਰਹਿਮਾਨ

**ਮਾਲੇਰਕੋਟਲਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਲੇਰਕੋਟਲਾ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਜੇਤੂ ਰਹੇ ਉਮੀਦਵਾਰਾਂ ਦੇ ਸਨਮਾਨ ਲਈ ਅੱਜ ਸਥਾਨਕ ਐਮ.ਐਲ.ਏ ਦਫ਼ਤਰ ਵਿਖੇ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੀ ਅਗਵਾਈ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਲ ਰਹਿਮਾਨ ਨੇ ਕੀਤੀ। ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਲ ਰਹਿਮਾਨ ਨੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਸਿਰਫ਼ ਵਿਅਕਤੀਆਂ ਦੀ ਨਹੀਂ, ਸਗੋਂ ਆਮ ਆਦਮੀ ਪਾਰਟੀ ਦੀ ਸੋਚ, ਨੀਤੀਆਂ ਅਤੇ ਲੋਕ-ਹਿਤੈਸ਼ੀ ਕਾਰਜਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਜਨਤਾ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਰਾਹੀਂ ਸਪੱਸ਼ਟ ਫ਼ਤਵਾ ਦੇ ਕੇ ਪੰਜਾਬ ਵਿੱਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਆਪਣੇ ਭਰੋਸੇ ਦੀ ਮੋਹਰ ਲਗਾਈ ਹੈ। ਵਿਧਾਇਕ ਨੇ ਕਿਹਾ ਕਿ ਇਹ ਭਰੋਸਾ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਇਮਾਨਦਾਰ, ਲੋਕ-ਪੱਖੀ ਅਤੇ ਪਾਰਦਰਸ਼ੀ ਸਰਕਾਰ ਦੀ ਕਾਰਗੁਜ਼ਾਰੀ ਦਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ, ਸਿਹਤ, ਮੁਫ਼ਤ ਬਿਜਲੀ, ਪਿੰਡਾਂ ਦੇ ਵਿਕਾਸ, ਸਾਫ਼ ਪਾਣੀ ਅਤੇ ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਇਤਿਹਾਸਕ ਕੰਮਾਂ ਨੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਇਆ ਹੈ, ਜਿਸਦਾ ਪ੍ਰਤੀਬਿੰਬ ਇਹ ਚੋਣ ਨਤੀਜੇ ਹਨ। ਡਾ. ਜਮੀਲ ਉਲ ਰਹਿਮਾਨ ਨੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ, ਇਮਾਨਦਾਰ ਰਾਜਨੀਤੀ ਦੀ ਸੋਚ ਅਤੇ ਆਮ ਆਦਮੀ ਨੂੰ ਕੇਂਦਰ ਵਿੱਚ ਰੱਖ ਕੇ ਕੀਤੀ ਜਾ ਰਹੀ ਰਾਜਨੀਤੀ ਨੇ ਅੱਜ ਦੇਸ਼ ਭਰ ਵਿੱਚ ਆਮ ਆਦਮੀ ਪਾਰਟੀ ਨੂੰ ਇੱਕ ਮਜ਼ਬੂਤ ਵਿਕਲਪ ਵਜੋਂ ਸਥਾਪਿਤ ਕੀਤਾ ਹੈ। ਸਨਮਾਨ ਸਮਾਰੋਹ ਦੌਰਾਨ ਵਿਧਾਇਕ ਨੇ ਜੇਤੂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਜਨਤਾ ਵੱਲੋਂ ਦਿੱਤੇ ਭਰੋਸੇ 'ਤੇ ਖਰੇ ਉਤਰਦੇ ਹੋਏ ਪਿੰਡਾਂ ਅਤੇ ਬਲਾਕ ਦੇ ਸਰਵਾਂਗੀਣ ਵਿਕਾਸ, ਲੋਕਾਂ ਦੀਆਂ ਮੁਸ਼ਕਲਾਂ ਦੇ ਤੁਰੰਤ ਹੱਲ ਅਤੇ ਸਰਕਾਰ ਦੀਆਂ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਇਮਾਨਦਾਰੀ ਨਾਲ ਲਾਗੂ ਕਰਨ।

ਉਨ੍ਹਾਂ ਅੰਤ ਵਿੱਚ ਪਾਰਟੀ ਦੇ ਸਾਰੇ ਆਗੂਆਂ, ਵਰਕਰਾਂ ਅਤੇ ਸਮਰਥਕਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਸਾਂਝੀ ਮਿਹਨਤ, ਇਕਜੁਟਤਾ ਅਤੇ ਲੋਕਾਂ ਨਾਲ ਮਜ਼ਬੂਤ ਸੰਪਰਕ ਦਾ ਨਤੀਜਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਮਾਲੇਰਕੋਟਲਾ ਅਤੇ ਪੰਜਾਬ ਦੇ ਵਿਕਾਸ ਲਈ ਹੋਰ ਵੀ ਜੋਸ਼ ਨਾਲ ਕੰਮ ਕਰਦੀ ਰਹੇਗੀ। ਇਸ ਮੌਕੇ ਡਾ.ਜਮੀਲ ਉਰ ਰਹਿਮਾਨ ਦੀ ਧਰਮਪਤਨੀ ਫਰਿਆਲ ਰਹਿਮਾਨ , ਕੋਆਰਡੀਨੇਟਰ ਯੂਥ ਵਿੰਗ ਹਲਕਾ ਮਾਲੇਰਕੋਟਲਾ ਏ.ਕੇ.ਵਾਈ. ਮੂਨਿਸ ਰਹਿਮਾਨ, ਬਲਾਕ ਪ੍ਰਧਾਨ ਅਸਲਮ ਭੱਟੀ,ਸਾਬਰ ਰਤਨ, ਚਰਨਜੀਤ ਸਿੰਘ ਚੀਮਾ, ਗੁਰਮੀਤ ਸਿੰਘ, ਜੁਗਿੰਦਰ ਸਿੰਘ ਜੌਗਾ, ਜ਼ਿਲਾ ਪ੍ਰੀਸ਼ਦ ਹਰੀਪਾਲ ਸਿੰਘ, ਕੁਲਦੀਪ ਕੌਰ, ਜਗਮੋਹਣ ਸਿੰਘ ਫੌਜੇਵਾਲ, ਬਲਾਕ ਸੰਮਤੀ ਤੋਂ ਜੇਤੂ ਸੰਤੋਖ ਸਿੰਘ, ਸਾਈਦਾ ਪਰਵੀਨ ਤੱਖੜ ਆਦਿ।

# ਭਾਰਤੀ ਰਿਜ਼ਰਵ ਬੈਂਕ ਵੱਲੋਂ ਲੁਧਿਆਣਾ ਵਿੱਚ ਐੱਮਐੱਸਐੱਮਈ ਟਾਊਨ ਹਾਲ ਮੀਟਿੰਗ ਦਾ ਆਯੋਜਨ

## ਐੱਮਐੱਸਐੱਮਈ ਟਾਊਨ ਹਾਲ ਮੀਟਿੰਗ ਵਿੱਚ ਲਗਭਗ 120 ਐੱਮਐੱਸਐੱਮਈ ਉਦਮੀਆਂ ਨੇ ਹਿੱਸਾ ਲਿਆ

**ਲੁਧਿਆਣਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਰਿਜ਼ਰਵ ਬੈਂਕ ਨੇ ਲੁਧਿਆਣਾ ਵਿੱਚ ਸੂਖਮ, ਲਘੂ ਅਤੇ ਮੱਧਮ (ਐੱਮਐੱਸਐੱਮਈ) ਉਦਮੀਆਂ ਨਾਲ ਸੰਵਾਦ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਐੱਮਐੱਸਐੱਮਈ ਟਾਊਨ ਹਾਲ ਬੈਠਕ ਦਾ ਆਯੋਜਨ ਕੀਤਾ। ਇਸ ਮੌਕੇ ’ਤੇ ਸ਼੍ਰੀ ਵਿਵੇਕ ਸ਼੍ਰੀਵਾਸਤਵ, ਖੇਤਰੀ ਨਿਦੇਸ਼ਕ, ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਪ੍ਰੋਗਰਾਮ ਵਿੱਚ ਸ਼੍ਰੀ ਪੰਕਜ ਸੇਤੀਆ, ਮਹਾਪ੍ਰਬੰਧਕ, ਭਾਰਤੀ ਰਿਜ਼ਰਵ ਬੈਂਕ, ਸਟੇਟ ਬੈਂਕ ਆਫ਼ ਇੰਡੀਆ, ਪੰਜਾਬ ਨੈਸ਼ਨਲ ਬੈਂਕ, ਪੰਜਾਬ ਐਂਡ ਸਿੰਧ ਬੈਂਕ, ਕੈਨਰਾ ਬੈਂਕ, ਐੱਚਡੀਐੱਫਸੀ ਬੈਂਕ, ਪੰਜਾਬ ਗ੍ਰਾਮੀਨ ਬੈਂਕ ਸਮੇਤ ਹੋਰ ਬੈਂਕਾਂ ਦੇ ਉੱਚ ਅਧਿਕਾਰੀ, ਸਿਡਬੀ, ਐੱਮਐੱਸਐੱਮਈ-ਡੀਐੱਫਓ, ਜ਼ਿਲ੍ਹਾ ਉਦਯੋਗ ਕੇਂਦਰ (ਡੀਆਈਸੀ), ਐੱਨਐੱਸਆਈਸੀ, ਉਦਯੋਗ ਸੰਘਾਂ ਦੇ ਪ੍ਰਤੀਨਿਧੀ ਸਮੇਤ ਲਗਭਗ 120 ਐੱਮਐੱਸਐੱਮਈ ਉਦਮੀਆਂ ਨੇ ਹਿੱਸਾ ਲਿਆ। ਸ਼੍ਰੀ ਪੰਕਜ ਸੇਤੀਆ ਨੇ ਪ੍ਰੋਗਰਾਮ ਵਿੱਚ ਹਾਜ਼ਰ ਮਹਿਮਾਨਾਂ ਅਤੇ ਪ੍ਰਤੀਭਾਗੀਆਂ ਦਾ ਸਵਾਗਤ ਕਰਦੇ ਹੋਏ ਐੱਮਐੱਸਐੱਮਈ ਉਦਮੀਆਂ ਨਾਲ ਸਿੱਧੇ ਅਤੇ ਸਾਰਥਕ ਸੰਵਾਦ ਦੇ ਮਹੱਤਵ ’ਤੇ ਰੌਸ਼ਨੀ ਪਾਈ। ਸ਼੍ਰੀ ਵਿਵੇਕ ਸ਼੍ਰੀਵਾਸਤਵ ਨੇ ਆਪਣੇ ਉਦਘਾਟਨ ਸੰਬੋਧਨ ਵਿੱਚ ਐੱਮਐੱਸਐੱਮਈ ਪਾਰਿਤੰਤਰ ਨੂੰ ਮਜ਼ਬੂਤ ਕਰਨ ਲਈ ਰਿਜ਼ਰਵ ਬੈਂਕ ਵੱਲੋਂ ਕੀਤੇ ਜਾ ਰਹੇ ਨਿਰੰਤਰ ਯਤਨਾਂ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਪ੍ਰਾਥਮਿਕਤਾ ਖੇਤਰ ਕਰਜ਼ਾ (ਪੀਐੱਸਐੱਲ), ਬਿਨਾਂ ਜ਼ਮਾਨਤ ਕਰਜ਼ਾ, ਟ੍ਰੇਡ ਰਿਸੀਵੇਬਲਜ਼ ਡਿਸਕਾਉਂਟਿੰਗ ਸਿਸਟਮ (ਟੀਆਰਈਡੀਐੱਸ), ਵਿਸ਼ੇਸ਼ ਐੱਮਐੱਸਐੱਮਈ ਸ਼ਾਖਾਵਾਂ ਦੀ ਸਥਾਪਨਾ, ਪੁਨਰਵਾਸ ਸੰਬੰਧੀ ਦਿਸ਼ਾ-ਨਿਰਦੇਸ਼ਾਂ ਅਤੇ ਯੂਨੀਫਾਈਡ ਲੈਂਡਿੰਗ ਇੰਟਰਫੇਸ (ਯੂਐੱਲਆਈ) ਵਰਗੀਆਂ ਪਹਿਲਕਦਮੀਆਂ ਦਾ ਉੱਲੇਖ ਕੀਤਾ, ਜਿਨ੍ਹਾਂ ਨਾਲ ਲੱਖਾਂ ਉਦਮੀਆਂ ਨੂੰ ਸਮੇਂ ’ਤੇ ਅਤੇ ਕਿਫਾਇਤੀ ਕਰਜ਼ਾ ਉਪਲਬਧ ਕਰਾਉਣ ਵਿੱਚ ਮਦਦ ਮਿਲੀ ਹੈ। ਖੇਤਰੀ ਨਿਦੇਸ਼ਕ ਨੇ ਕਿਹਾ ਕਿ ਇਨ੍ਹਾਂ ਪਹਿਲਕਦਮੀਆਂ ਦਾ ਅਸਲ ਲਾਭ ਟੀਚੇ ਵਾਲੇ ਲਾਭਪ੍ਰਾਪਤੀਆਂ ਤੱਕ ਯਕੀਨੀ ਤੌਰ ’ਤੇ ਪਹੁੰਚਾਉਣ ਲਈ ਜਾਗਰੂਕਤਾ ਅਤੇ ਪ੍ਰਭਾਵੀ ਪ੍ਰਸਾਰ ਬਹੁਤ ਜ਼ਰੂਰੀ ਹੈ।

ਪ੍ਰੋਗਰਾਮ ਦੌਰਾਨ ਐੱਮਐੱਸਐੱਮਈ ਖੇਤਰ ਨਾਲ ਸੰਬੰਧਿਤ ਮੁੱਖ ਸਰਕਾਰੀ ਪਹਿਲਕਦਮੀਆਂ ’ਤੇ ਕੇਂਦ੍ਰਿਤ ਸੈਸ਼ਨ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਕਲੱਸਟਰ ਵਿਕਾਸ ਪ੍ਰੋਗਰਾਮ (ਐੱਮਐੱਸਈ -ਸੀਡੀਪੀ), ਜੀਐੱਸਟੀ-ਸਹਾਯ, ਮੁਦਰਾ, ਪੀਐੱਮਈਜੀਪੀ ਤੇ ਐੱਮਐੱਸਐੱਮਈ ਇਕਾਈਆਂ ਦੀ ਕਰਜ਼ੇ ਦੀ ਪ੍ਰੋਫਾਈਲ ਮਜ਼ਬੂਤ ਕਰਨ ਲਈ ਹੈਂਡ-ਹੋਲਡਿੰਗ ਸੈਸ਼ਨ ਸ਼ਾਮਲ ਸਨ। ਇਸ ਤੋਂ ਇਲਾਵਾ, ਉਦਮੀਆਂ ਵੱਲੋਂ ਆਪਣੇ ਅਨੁਭਵ ਸਾਂਝੇ ਕੀਤੇ ਗਏ, ਜਿਨ੍ਹਾਂ ਵਿੱਚ ਉਨ੍ਹਾਂ ਨੇ ਆਪਣੀ ਪਰਿਵਰਤਨਾਤਮਕ ਉਦਮਸ਼ੀਲ ਯਾਤਰਾ ਦਾ ਵਰਣਨ ਕੀਤਾ, ਜਿਸ ਨਾਲ ਪ੍ਰਤੀਭਾਗੀ ਬਹੁਤ ਪ੍ਰੇਰਿਤ ਹੋਏ।

ਪ੍ਰੋਗਰਾਮ ਵਿੱਚ ਉਦਮੀਆਂ ਵੱਲੋਂ ਲਗਾਏ ਗਏ ਵਿਸ਼ੇਸ਼ ਪ੍ਰਦਰਸ਼ਨੀ ਸਟਾਲਾਂ ਦੇ ਮਾਧਿਅਮ ਨਾਲ ਸਥਾਨਕ ਰੂਪ ਵਿੱਚ ਨਿਰਮਿਤ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ ਗਿਆ। ਉੱਥੇ ਹੀ, ਬੈਂਕਾਂ ਵੱਲੋਂ ਸਥਾਪਿਤ ਜਾਣਕਾਰੀ ਕਾਊਂਟਰਾਂ ’ਤੇ ਵੱਖ-ਵੱਖ ਵਿੱਤੀ ਯੋਜਨਾਵਾਂ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ। ਬੈਂਕ ਅਧਿਕਾਰੀਆਂ ਨੇ ਪ੍ਰਤੀਭਾਗੀਆਂ ਨਾਲ ਸੰਵਾਦ ਕਰ ਵਿਲੰਬਿਤ ਭੁਗਤਾਨ, ਬਿਨਾਂ ਜ਼ਮਾਨਤ ਕਰਜ਼ਾ, ਕਰਜ਼ਾ ਗਾਰੰਟੀ ਤੰਤਰ ਅਤੇ ਸਮੇਂ ਤੇ ਕਾਰਜਸ਼ੀਲ ਪੂੰਜੀ ਦੀ ਉਪਲਬਧਤਾ ਨਾਲ ਸੰਬੰਧਿਤ ਸਵਾਲਾਂ ਦਾ ਸਮਾਧਾਨ ਕੀਤਾ।

ਇਸ ਤੋਂ ਇਲਾਵਾ, ਸ਼੍ਰੀ ਵਿਵੇਕ ਸ਼੍ਰੀਵਾਸਤਵ ਨੇ ਲੁਧਿਆਣਾ ਦੇ ਗਾਰਮੈਂਟ ਅਤੇ ਨਿੱਟਵੇਅਰ ਕਲੱਸਟਰ ਦਾ ਦੌਰਾ ਕਰ ਉੱਥੇ ਦੇ ਉਦਮੀਆਂ ਨਾਲ ਸੰਵਾਦ ਕੀਤਾ ਅਤੇ ਕਲੱਸਟਰ ਪੱਧਰ ’ਤੇ ਮੌਜੂਦ ਵਿਹਾਰਕ ਚੁਣੌਤੀਆਂ ’ਤੇ ਚਰਚਾ ਕੀਤੀ।

ਉਦਯੋਗ ਤੇ ਉਦਮਤਾ ਦੀ ਸਮ੍ਰਿੱਧ ਵਿਰਾਸਤ ਵਾਲੇ ਲੁਧਿਆਣਾ ਵਿੱਚ ਆਯੋਜਿਤ ਇਹ ਪ੍ਰੋਗਰਾਮ ਆਰਬੀਆਈ ਦੇ ਜ਼ਮੀਨੀ ਪੱਧਰ ’ਤੇ ਸੰਪਰਕ ਅਤੇ ਸਹਿਭਾਗੀਤਾ ਦੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਸਿੱਧ ਹੋਇਆ। ਪ੍ਰੋਗਰਾਮ ਦਾ ਸਮਾਪਨ ਉਦਮੀਆਂ ਵਿੱਚ ਨਵੇਂ ਆਤਮਵਿਸ਼ਵਾਸ, ਸਪੱਸ਼ਟਤਾ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਨਾਲ ਹੋਇਆ।

# ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਡੀਸੀਐਮ ਪ੍ਰੈਜ਼ੀਡੈਂਸੀ ਸਕੂਲ ਦੇ ਵਿਦਿਆਰਥੀ ਦੀ ਰਾਸ਼ਟਰੀ ਪੱਧਰ ਦੀ ਨਵੀਨਤਾ ਲਈ ਪ੍ਰਸ਼ੰਸਾ

**ਲੁਧਿਆਣਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਿਮਾਂਸ਼ੂ ਜੈਨ, ਆਈਏਐਸ, ਡਿਪਟੀ ਕਮਿਸ਼ਨਰ ਲੁਧਿਆਣਾ ਨੇ ਡੀਸੀਐਮ ਪ੍ਰੈਜ਼ੀਡੈਂਸੀ ਸਕੂਲ ਦੇ ਕਲਾਸ ਸੱਤਵੀਂ ਦੇ ਵਿਦਿਆਰਥੀ ਅਨਾਹਤ ਸਿੰਘ ਨੂੰ E-Cell, ਆਈਆਈਟੀ ਬੰਬੇ ਵੱਲੋਂ ਆਯੋਜਿਤ Eureka! Junior B@BE ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਸ਼ਲਾਘਾ ਕੀਤੀ।

ਅਨਾਹਤ ਸਿੰਘ ਨੇ ਇਸ ਮੁਕਾਬਲੇ ਵਿੱਚ ਫਰਸਟ ਰਨਰ-ਅੱਪ ਦਾ ਸਥਾਨ ਹਾਸਲ ਕੀਤਾ ਅਤੇ ਆਪਣੀ ਨਵੀਨ ਸੋਚ ਲਈ 30,000 ਦੀ ਫੰਡਿੰਗ ਗ੍ਰਾਂਟ ਪ੍ਰਾਪਤ ਕੀਤੀ। ਇਸ ਮੌਕੇ ਉਨ੍ਹਾਂ ਦੇ ਮਾਰਗਦਰਸ਼ਕ ਸ੍ਰੀ ਰੋਹਿਤ ਮੌਦਗਿਲ ਅਤੇ ਸ੍ਰੀਮਤੀ ਪ੍ਰਿਯੰਕਾ ਚਿਤਕਾਰਾ ਦੇ ਨਾਲ-ਨਾਲ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰਜਨੀ ਕਲਰਾ ਦੀ ਰਹਿਨੁਮਾਈ ਅਤੇ ਨੇਤ੍ਰਿਤਵ ਦੀ ਵੀ ਪ੍ਰਸ਼ੰਸਾ ਕੀਤੀ ਗਈ।

ਅਨਾਹਤ ਸਿੰਘ ਪੰਜਾਬ ਵੱਲੋਂ ਇਕੱਲਾ ਵਿਦਿਆਰਥੀ ਰਿਹਾ, ਜਿਸ ਨੇ ਯੂਏਈ, ਸਿੰਗਾਪੁਰ ਅਤੇ ਇੰਡੋਨੇਸ਼ੀਆ ਦੇ ਭਾਗੀਦਾਰਾਂ ਦੇ ਨਾਲ ਗਲੋਬਲ ਇਨੋਵੇਸ਼ਨ ਮੰਚ ‘ਤੇ ਪੰਜਾਬ ਅਤੇ ਲੁਧਿਆਣਾ ਦੀ ਨੁਮਾਇੰਦਗੀ ਕਰਦਿਆਂ ਸਕੂਲ ਅਤੇ ਰਾਜ ਦਾ ਨਾਮ ਰੌਸ਼ਨ ਕੀਤਾ।

# ਛੋਟੀ ਉਮਰੇ ਵੱਡੀ ਜਿੰਮੇਵਾਰੀ , ਸ਼ਨੀ ਲੱਖੋਵਾਲ ਸਭ ਤੋਂ ਘੱਟ ਉਮਰ ਦੇ ਬਲਾਕ ਸੰਮਤੀ ਉਮੀਦਵਾਰ ਬਣੇ



**ਮਾਛੀਵਾੜਾ ਸਾਹਿਬ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਖੇਤਰ ਵਿੱਚ ਬਲਾਕ ਸੰਮਤੀ ਚੋਣਾਂ ਦੌਰਾਨ ਜਿੱਥੇ ਕਿਸੇ ਇੱਕ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਕੁਲਵਿੰਦਰ ਸਿੰਘ ਸ਼ਨੀ ਲੱਖੋਵਾਲ ਜੋਨ ਪੰਜਗਰਾਈਆਂ ਤੋਂ ਚੋਣ ਲੜੇ ਅਤੇ ਸ਼ਾਨਦਾਰ ਤਰੀਕੇ ਨਾਲ ਜਿੱਤ ਵੀ ਪ੍ਰਾਪਤ। ਨਿੱਕੀ ਉਮਰੇ ਰਾਜਨੀਤੀ ਵਿੱਚ ਪੈਰ ਧਰਦਿਆਂ ਹੀ ਵੱਡੀ ਸਫਲਤਾ ਪ੍ਰਾਪਤ ਕਰਨ ਵਾਲਾ ਸ਼ਨੀ ਲੱਖੋਵਾਲ ਨੇ 16 ਜੂਨ 1997 ਨੂੰ ਪਿਤਾ ਸਰਦਾਰ ਜਸਵੀਰ ਸਿੰਘ ਅਤੇ ਮਾਤਾ ਕੁਲਦੀਪ ਕੌਰ ਦੇ ਕੁੱਖੋਂ ਲੱਖੋਵਾਲ ਖੁਰਦ ਵਿਖੇ ਜਨਮ ਲਿਆ। ਬਾਰ੍ਹਵੀਂ ਜਮਾਤ ਪਾਸ ਸ਼ਨੀ ਲੱਖੋਵਾਲ ਆਪਣੇ ਦਾਦਾ ਸਰਦਾਰ ਬੁੱਧ ਸਿੰਘ ਨੰਬਰਦਾਰ ਦੀ ਉਂਗਲ ਫੜ ਵੱਡਾ ਹੋਇਆ। ਘਰ ਵਿੱਚ ਦਾਦਾ ਬੁੱਧ ਸਿੰਘ ਨੰਬਰਦਾਰ ਹੋਣ ਕਾਰਨ ਰਾਜਨੀਤਿਕ ਆਗੂਆਂ ਤੇ ਵਰਕਰਾਂ ਦਾ ਆਉਣਾ ਜਾਣਾ ਆਮ ਹੀ ਹੁੰਦਾ ਸੀ, ਜਿੱਥੋਂ ਸ਼ਨੀ ਲੱਖੋਵਾਲ ਨੂੰ ਰਾਜਨੀਤੀ ਦੀ ਚੇਟਕ ਲੱਗੀ। ਬਹੁਤ ਹੀ ਸਾਊ ਨਿਮਰ ਸ਼ਾਂਤ ਅਤੇ ਸੇਵਾ ਭਾਵਨਾ ਸੁਭਾਵ ਵਾਲਾ ਸ਼ਨੀ ਲੱਖੋਵਾਲ ਪਿੰਡ ਦੇ ਹਰ ਸਮਾਜ ਸੇਵੀ ਕੰਮ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦਾ। ਇਸ ਲਈ ਪਿੰਡ ਵਾਸੀਆਂ ਨੇ ਸਾਲ ਕੂ ਪਹਿਲਾਂ ਉਸ ਦੀ ਪਤਨੀ ਬਲਜਿੰਦਰ ਕੌਰ ਨੂੰ ਪਿੰਡ ਦੀ ਬਾਗਡੋਰ ਸੰਭਾਲਦਿਆਂ ਸਰਪੰਚ ਬਣਾ ਦਿੱਤਾ। ਸ਼ਾਇਦ ਬਲਾਕ ਸਮਤੀ ਉਮੀਦਵਾਰਾਂ ਦੀ ਸੂਚੀ ਵਿੱਚ ਸ਼ਨੀ ਲੱਖੋਵਾਲ ਸਭ ਤੋਂ ਛੋਟੀ ਉਮਰ ਦਾ ਉਮੀਦਵਾਰ ਸੀ, ਜਿਸ ਨੂੰ ਇਹ ਵੱਡੀ ਜਿੰਮੇਵਾਰੀ ਪਿੰਡ ਵਾਸੀਆਂ ਦੇ ਨਾਲ ਇਲਾਕਾ ਨਿਵਾਸੀਆਂ ਨੇ ਦਿੱਤੀ।ਸਮਾਜ ਸੇਵੀ ਅਤੇ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਰੁਚੀ ਰੱਖਣ ਵਾਲਾ ਸ਼ਨੀ ਲੱਖੋਵਾਲ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦੇ ਸੰਪਰਕ ਵਿੱਚ ਆਇਆ ਜਿਨ੍ਹਾਂ ਨੇ ਨੌਜਵਾਨਾਂ ਨੂੰ ਅੱਗੇ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਈ।

ਚੋਣ ਜਿੱਤਣ ਉਪਰੰਤ ਸ਼ਹੀਦੀ ਦਿਹਾੜੇ ਹੋਣ ਕਾਰਨ ਬਿਨ੍ਹਾਂ ਕਿਸੇ ਢੋਲ ਢਮੱਕੇ, ਸ਼ੋਰ ਸ਼ਰਾਬੇ ਤੋਂ ਗੁਰੂ ਘਰ ਜਾ ਕੇ ਨਤਮਸਤਕ ਹੋ, ਗੁਰੂ ਗ੍ਰੰਥ ਸਾਹਿਬ ਜੀ ਦਾ ਅਸ਼ੀਰਵਾਦ ਲਿਆ ਅਤੇ ਆਪਣੇ ਹਲਕੇ ਦੇ ਵੋਟਰਾਂ ਅਤੇ ਸਪੋਰਟਰਾਂ ਦਾ ਧੰਨਵਾਦ ਪ੍ਰਗਟ ਕੀਤਾ। ਸ਼ਨੀ ਲੱਖੋਵਾਲ ਨੇ ਕਿਹਾ ਕਿ ਜੋ ਮਾਣ ,ਸਤਿਕਾਰ ,ਪਿਆਰ ,ਇੱਜਤ ਪਿੰਡਾਂ ਵਿੱਚ ਮੈਨੂੰ ਛੋਟੀ ਉਮਰੇ ਹਲਕੇ ਦੇ ਵੋਟਰਾਂ ਅਤੇ ਸਪੋਰਟਰਾਂ ਨੇ ਦਿੱਤੀ ਹੈ ਉਹ ਸਦਾ ਇਸਦੇ ਰਿਣੀ ਰਹਿਣਗੇ। ਉਹਨਾਂ ਆਪਣੇ ਜੋਨ ਦੇ ਸਾਰੇ ਪਿੰਡਾਂ ਲੱਖੋਵਾਲ ਕਲਾਂ ਲੱਖੋਵਾਲ ਖੁਰਦ ,ਪੰਜਗਰਾਈਆਂ ,ਝੜੌਦੀ, ਟਾਂਡਾ ਕੁਸ਼ਲ ਸਿੰਘ ,ਰਹੀਮਾਬਾਦ ਕਲਾਂ , ਰਹੀਮਾਬਾਦ ਖੁਰਦ, ਬੁੱਲੇਵਾਲ, ਉਧੋਵਾਲ ਕਲਾਂ ਅਤੇ ਉਦੋਵਾਲ ਖੁਰਦ ਦੇ ਸਮੂਹ ਵੋਟਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਆਪਸੀ ਭਾਈਚਾਰੇ ਨੂੰ ਕਾਇਮ ਰੱਖਦਿਆਂ ਬਿਨ੍ਹਾਂ ਕਿਸੇ ਸ਼ੋਰ ਸ਼ਰਾਬੇ ਅਤੇ ਸ਼ਰਾਰਤਬਾਜ਼ੀ ਤੋਂ ਚੋਣਾਂ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਅਤੇ ਉਹਨਾਂ ਨੂੰ ਬਲਾਕ ਸੰਮਤੀ ਉਮੀਦਵਾਰ ਵਜੋਂ ਜਿਤਾਇਆ। ਸ਼ਨੀ ਲੱਖੋਵਾਲ ਦੀ ਜਿੱਤ ਤੋਂ ਖੁਸ਼ ਹੋਏ ਉਸਦੇ ਵੋਟਰਾਂ ਅਤੇ ਸਪੋਟਰਾਂ ਨੇ ਪਰਮਾਤਮਾ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਪਰਮਾਤਮਾ ਉਸਨੂੰ ਚੜ੍ਹਦੀ ਕਲਾ, ਤੰਦਰੁਸਤੀ ਅਤੇ ਹੋਰ ਤਰੱਕੀ ਬਖਸ਼ੇ ਤਾਂ ਜੋ ਉਹ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਦਾ ਰਹੇ।

## ਖੇਤੀ ਰਹਿੰਦ-ਖੂੰਹਦ ਦੇ ਨਿਪਟਾਰੇ ਅਤੇ ਸੌਰ ਊਰਜਾ ਨਾਲ ਰੁਸ਼ਨਾਏਗਾ ਪੰਜਾਬ

# ਅਮਨ ਅਰੋੜਾ ਨੇ ਸਾਲ 2025 ਦੌਰਾਨ ਨਵਿਆਉਣਯੋਗ ਊਰਜਾ ਖੇਤਰ ਵਿੱਚ ਪੰਜਾਬ ਦੀ ਬੇਮਿਸਾਲ ਪ੍ਰਗਤੀ ’ਤੇ ਚਾਨਣਾ ਪਾਇਆ

**ਚੰਡੀਗੜ੍ਹ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਸਾਲ 2025 ਦੌਰਾਨ ਨਵਿਆਉਣਯੋਗ ਖੇਤਰ ਵਿੱਚ ਹੋਈ ਬੇਮਿਸਾਲ ਪ੍ਰਗਤੀ ’ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਖੇਤੀ ਰਹਿੰਦ-ਖੂੰਹਦ ਅਤੇ ਸੌਰ ਊਰਜਾ ਦੀ ਵਰਤੋਂ ਜ਼ਰੀਏ ਪੰਜਾਬ ਨੂੰ ਸੁਹਾਵਣੇ ਤੇ ਸਿਹਤਮੰਦ ਭਵਿੱਖ ਵੱਲ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਸੂਰਜ ਤੋਂ ਘਰਾਂ ਅਤੇ ਖੇਤਾਂ ਨੂੰ ਊਰਜਾ ਮਿਲ ਰਹੀ ਹੈ; ਖੇਤੀ ਰਹਿੰਦ-ਖੂੰਹਦ ਤੋਂ ਸਾਫ਼-ਸੁਥਰੇ ਈਂਧਣ ਵਜੋਂ ਕੰਮ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੇਡਾ ਨੇ ਆਪਣੀਆਂ ਵਿਕਾਸ-ਮੁਖੀ ਨੀਤੀਆਂ ਨਾਲ ਪੰਜਾਬ ਦੇ ਟਿਕਾਊ ਭਵਿੱਖ ਦੀ ਸਿਰਜਣਾ ਵੱਲ ਇੱਕ ਵੱਡੀ ਪੁਲਾਂਘ ਪੁੱਟੀ ਹੈ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸੌਰ ਊਰਜਾ ਨਾਲ ਪੰਜਾਬ ਦਾ ਰਿਸ਼ਤਾ ਇਸ ਸਾਲ ਹੋਰ ਵੀ ਗੂੜਾ ਹੋਇਆ ਹੈ ਕਿਉਂਕਿ ਜੁਲਾਈ 2025 ਵਿੱਚ ਬਠਿੰਡਾ ਦੇ ਪਿੰਡ ਭਾਗੀ ਬਾਂਦਰ ਵਿਖੇ 4 ਮੈਗਾਵਾਟ ਸਮਰੱਥਾ ਦਾ ਇੱਕ ਗਰਾਊਂਡ -ਮਾਊਂਟਿਡ ਸੋਲਰ ਪਾਵਰ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਅਤੇ ਬਠਿੰਡਾ ਦੇ ਕੋਠੇ ਮੱਲੂਆਣਾ ਅਤੇ ਸ਼ੇਰਗੜ੍ਹ ਵਿਖੇ 4-4 ਮੈਗਾਵਾਟ ਦੇ ਸੋਲਰ ਪਾਵਰ ਪ੍ਰੋਜੈਕਟ ਲਗਾਏ ਜਾ ਰਹੇ ਹਨ। ਪੇਡਾ ਨੇ ਖੇਤੀਬਾੜੀ ਖੇਤਰ ਨੂੰ ਕਾਰਬਨ ਮੁਕਤ ਕਰਨ ਲਈ ਬਠਿੰਡਾ ਜ਼ਿਲ੍ਹੇ ਦੇ ਪੀਰਕੋਟ ਫੀਡਰ ’ਤੇ ਸੋਲਰ ਗਰਿੱਡ-ਕੁਨੈਕਟਿਡ 16 ਖੇਤੀਬਾੜੀ ਪੰਪ ਵੀ ਲਗਾਏ ਹਨ ਅਤੇ 4 ਹੋਰ ਪੰਪ ਸਥਾਪਤ ਕੀਤੇ ਜਾ ਰਹੇ ਹਨ।

ਇਸਦੇ ਨਾਲ ਹੀ ਪੇਡਾ ਨੇ ਰਾਜ ਭਰ ਵਿੱਚ ਵੱਖ-ਵੱਖ ਥਾਵਾਂ ’ਤੇ 4,850 ਆਫ-ਗਰਿੱਡ ਸਟੈਂਡਅਲੋਨ ਸੋਲਰ ਵਾਟਰ ਪੰਪ ਵੀ ਲਗਾਏ ਹਨ। ਇਸ ਤੋਂ ਇਲਾਵਾ ਮਾਡਲ ਸੋਲਰ ਵਿਲੇਜ (ਪਿੰਡ) ਯੋਜਨਾ ਤਹਿਤ ਸਵੈ-ਨਿਰਭਰ ਊਰਜਾ ਹੱਬ ਵਿੱਚ ਬਦਲਣ ਲਈ 277 ਪਿੰਡਾਂ ਦੀ ਪਛਾਣ ਕੀਤੀ ਗਈ ਹੈ। ਇਸ ਸਾਲ 148 ਸਰਕਾਰੀ ਇਮਾਰਤਾਂ ’ਤੇ 2.6 ਮੈਗਾਵਾਟ ਦੇ ਰੂਫ਼ਟਾਪ ਸੋਲਰ ਪਾਵਰ ਪਲਾਂਟ ਵੀ ਲਗਾਏ ਗਏ ਹਨ ਅਤੇ 4,169 ਤੋਂ ਵੱਧ ਸੋਲਰ ਸਟਰੀਟ ਲਾਈਟਾਂ 299 ਪਿੰਡਾਂ ਨੂੰ ਰੌਸ਼ਨ ਕਰਦਿਆਂ ਹਨੇਰਾ ਹੋਣ ‘ਤੇ ਲੋਕਾਂ ਦੇ ਸੁਖਾਲੇ ਜਨ-ਜੀਵਨ ਅਤੇ ਸੁਰੱਖਿਆ ਨੂੰ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 65 ਪਿੰਡਾਂ ਵਿੱਚ ਹੋਰ 1,221 ਸੋਲਰ ਸਟਰੀਟ ਲਾਈਟਾਂ ਲਗਾਈਆਂ ਜਾ ਰਹੀਆਂ ਹਨ।

ਖੇਤਾਂ ਵਿੱਚ ਲਿਖੀ ਜਾ ਰਹੀ ਸਫ਼ਲਤਾ ਦੀ ਇਬਾਰਤ ਨੂੰ ਸਾਂਝਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ 822 ਟਨ ਸੀਬੀਜੀ ਪ੍ਰਤੀ ਦਿਨ ਦੀ ਕੁੱਲ ਸਮਰੱਥਾ ਵਾਲੇ 57 ਕੰਪ੍ਰੈਸਡ ਬਾਇਓਗੈਸ (ਸੀਬੀਜੀ) ਪ੍ਰੋਜੈਕਟ ਅਲਾਟ ਕੀਤੇ ਗਏ ਹਨ। ਇਹ ਪ੍ਰੋਜੈਕਟ ਚਾਲੂ ਹੋਣ ਉਤੇ ਸਾਲਾਨਾ 27 ਲੱਖ ਟਨ ਤੋਂ ਵੱਧ ਪਰਾਲੀ ਦੀ ਖਪਤ ਕਰਨਗੇ। ਇਸ ਤੋਂ ਇਲਾਵਾ ਕੁੱਲ 107.48 ਟੀਪੀਡੀ ਸਮਰੱਥਾ ਵਾਲੇ ਛੇ ਸੀਬੀਜੀ ਪ੍ਰੋਜੈਕਟ ਕਾਰਜਸ਼ੀਲ ਹਨ। ਇਸਦੇ ਨਾਲ ਹੀ ਪੰਜ ਕੰਪ੍ਰੈਸਡ ਬਾਇਓ-ਗੈਸ ਪਲਾਂਟ ਅਤੇ ਬਠਿੰਡਾ ਵਿੱਚ ਇੱਕ ਪ੍ਰਮੁੱਖ ਬਾਇਓ-ਈਥੇਨੌਲ ਫੈਸਿਲਟੀ ਸਥਾਪਨਾ ਤੋਂ ਬਾਅਦ ਸਾਲਾਨਾ 3.3 ਲੱਖ ਟਨ ਤੋਂ ਵੱਧ ਪਰਾਲੀ ਦੀ ਖਪਤ ਕਰਨਗੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਰਹਿੰਦ-ਖੂੰਹਦ ਪ੍ਰਬੰਧਨ ਨਹੀਂ; ਸਗੋਂ ਇੱਕ ਸਰਕੂਲਰ ਅਰਥਵਿਵਸਥਾ ਦੀ ਸਿਰਜਣਾ ਹੈ ਜਿੱਥੇ ਖੇਤੀ ਰਹਿੰਦ-ਖੂੰਹਦ ਦਾ ਕੁਸ਼ਲ ਪ੍ਰਬੰਧਨ ਵਿਕਾਸ ਤੇ ਤਰੱਕੀ ਦੇ ਨਾਲ-ਨਾਲ ਸਾਫ਼ ਤੇ ਸਿਹਤਮੰਦ ਵਾਤਾਵਰਣ ਵਿੱਚ ਯੋਗਦਾਨ ਪਾਉਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਵਿਲੱਖਣ ਅਤੇ ਟਿਕਾਊ ਊਰਜਾ ਬੁਨਿਆਦੀ ਢਾਂਚਾ ਤਿਆਰ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸਦੇ ਨਾਲ ਹੀ 40 ਮੈਗਾਵਾਟ ਦਾ ਕੈਨਲ-ਟਾਪ ਸੋਲਰ ਪ੍ਰੋਜੈਕਟ ਬਿਜਲੀ ਪੈਦਾ ਕਰਨ ਦੇ ਨਾਲ-ਨਾਲ ਭੂਮੀ ਸੰਭਾਲ ਅਤੇ ਪਾਣੀ ਦੀ ਬਚਤ ਨੂੰ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਬਟਾਲਾ ਸ਼ੂਗਰ ਮਿੱਲ ਵਿਖੇ 14 ਮੈਗਾਵਾਟ ਦਾ ਸਹਿ-ਉਤਪਾਦਨ ਪਲਾਂਟ ਅਤੇ ਧਾਰੀਵਾਲ ਵਿੱਚ 2 ਮੈਗਾਵਾਟ ਦਾ ਮਿੰਨੀ ਹਾਈਡਲ ਪ੍ਰੋਜੈਕਟ ਪੰਜਾਬ ਸਰਕਾਰ ਵੱਲੋਂ ਹਰ ਨਵਿਆਉਣਯੋਗ ਸਰੋਤ ਦੀ ਕੁਸ਼ਲ ਵਰਤੋਂ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸ੍ਰੀ ਅਰੋੜਾ ਨੇ ਦੱਸਿਆ ਕਿ ਊਰਜਾ ਕੁਸ਼ਲਤਾ ਅਤੇ ਗਰੀਨ ਊਰਜਾ ਖੇਤਰ ਵਿੱਚ ਪੇਡਾ ਦੇ ਯਤਨਾਂ ਨੂੰ ਰਾਸ਼ਟਰੀ ਪੱਧਰ ’ਤੇ ਮਾਨਤਾ ਮਿਲੀ ਹੈ। ਉਨ੍ਹਾਂ ਕਿਹਾ ਕਿ ਐਨਈਸੀਏ 2025 ਤਹਿਤ ਸਟੇਟ ਪਰਫਾਰਮੈਂਸ ਐਵਾਰਡ (ਗਰੁੱਪ-3) ਵਿੱਚ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਹੱਥੋਂ ਪੇਡਾ ਨੂੰ ਦੂਜੇ ਐਵਾਰਡ ਨਾਲ ਸਨਮਾਨ ਹਾਸਲ ਹੋਇਆ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਅਣਥੱਕ ਯਤਨਾਂ ਨੇ ਇਕੋ ਤੀਰ ਨਾਲ ਊਰਜਾ ਸੰਭਾਲ, ਖੁਸ਼ਹਾਲ ਕਿਸਾਨੀ ਅਤੇ ਵਾਤਾਵਰਣ ਸੰਭਾਲ ਲਈ ਇੱਕ ਨਵਾਂ ਰਾਹ ਘੜਿਆ ਹੈ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਅਸਲ ਤਰੱਕੀ, ਉਸ ਕਿਸਾਨ, ਜਿਸਦੀ ਸਿੰਚਾਈ ਲਾਗਤ ਘਟੀ ਹੈ, ਪਿੰਡ ਦਾ ਚੌਰਾਹਾ, ਜੋ ਸੋਲਰ ਲਾਈਟਾਂ ਨਾਲ ਜਗਮਗਾ ਰਿਹਾ ਹੈ ਅਤੇ ਸਾਫ਼-ਸੁਥਰੀ ਹਵਾ, ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ, ਨੂੰ ਦੇਖ ਕੇ ਮਹਿਸੂਸ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਰੌਸ਼ਨ, ਹਰਿਆ-ਭਰਿਆ ਅਤੇ ਵਧੇਰੇ ਖੁਸ਼ਹਾਲ ਪੰਜਾਬ ਸਿਰਜ ਰਹੇ ਹਾਂ, ਜਿਵੇਂ ਕਿ ਅਸੀਂ ਵਾਅਦਾ ਕੀਤਾ ਸੀ।

ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਕਿਹਾ ਕਿ ਪੰਜਾਬ ਸਿਰਫ਼ ਨਵਿਆਉਣਯੋਗ ਊਰਜਾ ਨੂੰ ਅਪਣਾ ਹੀ ਨਹੀਂ ਰਿਹਾ, ਸਗੋਂ ਇਸਨੂੰ ਆਪਣੇ ਵਿਕਾਸ ਦੇ ਤਾਣੇ-ਬਾਣੇ ਦਾ ਹਿੱਸਾ ਵੀ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਹਰੇਕ ਪ੍ਰੋਜੈਕਟ ਊਰਜਾ ਖੇਤਰ ‘ਚ ਸਵੈ-ਨਿਰਭਰਤਾ, ਆਰਥਿਕ ਮਜ਼ਬੂਤੀ ਅਤੇ ਸਾਫ਼-ਸੁਥਰੇ ਵਾਤਾਵਰਣ ਵੱਲ ਇੱਕ ਸੋਚਿਆ-ਸਮਝਿਆ ਤੇ ਪ੍ਰਭਾਵਸ਼ਾਲੀ ਕਦਮ ਹੈ।

# ਵੰਦੇ ਮਾਤਰਮ ਨੂੰ ਅਸੀਂ ਸੈਲਯੂਟ ਕਰਦੇ ਹਨ, ਪ੍ਰਣਾਮ ਕਹਿੰਦੇ ਹਨ, ਪੁਸ਼ਪ ਭੇਂਟ ਕਰਦੇ ਹਨ : ਵਿਜ

**ਚੰਡੀਗੜ੍ਹ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਵੰਦੇ ਮਾਤਰਮ ਲੱਖਾਂ ਲੋਕਾਂ ਦੀ ਭਾਵਨਾਵਾਂ ਦੇ ਨਾਲ ਜੁੜਿਆ ਹੋਇਆ ਹੈ ਅਤੇ ਵੰਦੇ ਮਾਤਰਮ ਕਹਿੰਦੇ ਹੋਏ ਲੱਖਾਂ ਲੋਕਾਂ ਨੇ ਬਲਿਦਾਨ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਆਜਾਦੀ ਦੀ ਲੜਾਈ ਦੇਸ਼ ਦੀ ਜਨਤਾ ਨੇ ਲੜੀ ਹੈ ਅਤੇ ਅਸੀਂ ਵੀ ਇਸ ਦੇਸ਼ ਦੀ ਜਨਤਾ ਹਨ।

ਸ੍ਰੀ ਵਿਜ ਅੱਜ ਇੱਥੇ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨਸਭਾ ਦੇ ਸਰਦੀ ਰੁੱਤ ਸੈਸ਼ਨ ਦੌਰਾਨ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ ਸਬੰਧ ਵਿੱਚ ਚਲ ਰਹੀ ਚਰਚਾ ਦੇ ਦੌਰਾਨ ਬੋਲ ਰਹੇ ਸਨ।

ਵਿਰੋਧੀ ਧਿਰ ਨੂੰ ਘੇਰਦੇ ਹੋਏ ਸ੍ਰੀ ਵਿਜ ਨੇ ਕਿਹਾ ਕਿ ਵੰਦੇ ਮਾਤਰਮ ਨੂੰ ਜੋ ਸਕਾਨ ਦਿੱਤਾ ਜਾਣਾ ਚਾਹੀਦਾ ਸੀ, ਕਦੀ ਨਹੀਂ ਦਿੱਤੀ। ਤੁਸੀਂ (ਕਾਂਗਰਸ) ਜਿੰਨਾਂ ਦੇ ਕਹਿਣ ’ਤੇ ਵੰਦੇ ਮਾਤਰਮ ਦੇ ਦੋ ਪੈਰਿਆਂ ਨੂੰ ਕੱਟ ਦਿੱਤਾ ਗਿਆ, ਜਦੋਂ ਕਿ ਅੱਜ ਤੱਕ ਕਿਸੇ ਨੇ ਗੀਤਾ, ਰਮਾਇਣ ਅਤੇ ਕੁਰਾਨ ਨੂੰ ਨਹੀਂ ਕੱਟਿਆਂ।

ਉਨ੍ਹਾਂ ਨੇ ਕਿਹਾ ਕਿ ਵੰਦੇ ਮਾਤਰਮ ਨੂੰ ਅਸੀਂ ਸੈਲਯੂਟ ਕਰਦੇ ਹਨ, ਪ੍ਰਣਾਮ ਕਹਿੰਦੇ ਹਨ, ਪੁਸ਼ਪ ਭੇਂਟ ਕਰਦੇ ਹਨ ਪਰ ਵਿਰੋਧੀ ਧਿਰ (ਕਾਂਗਰਸ) ਨੇ ਵੰਦੇ ਮਾਤਰਮ ਨੂੰ ਤੋੜ ਕੇ ਦੇਸ਼ ਨੂੰ ਜੋੜਨ ਦੀ ਨੀਂਹ ਰੱਖ ਦਿੱਤੀ ਕਿਉਂਕਿ ਆਮ (ਉਸ ਸਮੇਂ ਦੇ ਕਾਂਗਰਸ ਨੇਤਾ/ਵਿਰੋਧੀ ਧਿਰ) ਕੁੱਝ ਲੋਕਾਂ ਦੇ ਅੱਗੇ ਝੁੱਕ ਗਏ। ਉਨ੍ਹਾਂ ਨੇ ਵਿਰੋਧੀ ਧਿਰ (ਕਾਂਗਰਸ) ਨੂੰ ਆੜੇ ਹੱਥਾ ਲੈਂਦੇ ਹੋਏ ਕਿਹਾ ਕਿ ਵੰਦੇ ਮਾਤਰਮ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ, ਅਤੇ ਇਹ ਗੱਲਾਂ ਆਪਣੇ ਸਥਾਨ ’ਤੇ ਠੀਕ ਹੋ ਸਕਦੀ ਸੀ, ਪਰ ਇੰਨ੍ਹਾਂ ਗੱਲਾਂ ਨੂੰ ਵੰਦੇ ਮਾਤਰਮ ਦੇ ਨਾਲ ਜੋੜ ਕੇ ਨਹੀਂ ਕਿਹਾ ਜਾਣਾ ਚਾਹੀਦਾ ਹੈ।

# ਐੱਨ.ਸੀ.ਸੀ. ਗਰੁੱਪ ਕਮਾਂਡਰ ਨੇ ਬਟਾਲੀਅਨ ਹੈੱਡਕੁਆਰਟਰ ਦਾ ਦੌਰਾ ਕੀਤਾ



**ਜਲੰਧਰ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਨ.ਸੀ.ਸੀ. ਗਰੁੱਪ ਹੈੱਡਕੁਆਰਟਰ ਦੇ ਗਰੁੱਪ ਕਮਾਂਡਰ, ਬ੍ਰਿਗੇਡੀਅਰ ਏ.ਕੇ. ਭਾਰਦਵਾਜ ਨੇ 2 ਪੰਜਾਬ ਐੱਨ.ਸੀ.ਸੀ. ਬਟਾਲੀਅਨ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਬਟਾਲੀਅਨ ਦੇ ਕੰਮਕਾਜ ਅਤੇ ਸਿਖਲਾਈ ਦੇ ਤਰੀਕਿਆਂ ਦਾ ਮੁਲਾਂਕਣ ਕਰਨਾ ਸੀ।

ਬਟਾਲੀਅਨ ਦੇ ਕਾਰਜਕਾਰੀ ਕਮਾਂਡਿੰਗ ਅਫ਼ਸਰ ਕਰਨਲ ਦਲਬੀਰ ਸਿੰਘ ਨੇ ਗਰੁੱਪ ਕਮਾਂਡਰ ਦਾ ਨਿੱਘਾ ਸਵਾਗਤ ਕੀਤਾ। ਦੌਰੇ ਦੌਰਾਨ, ਕਰਨਲ ਦਲਬੀਰ ਸਿੰਘ ਨੇ ਪਾਵਰਪੁਆਇੰਟ ਪੇਸ਼ਕਾਰੀ ਰਾਹੀਂ ਇੱਕ ਸੰਖੇਪ ਜਾਣਕਾਰੀ ਦਿੱਤੀ, ਜਿਸ ਵਿੱਚ ਬਟਾਲੀਅਨ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਗਿਆ। ਪੇਸ਼ਕਾਰੀ ਵਿੱਚ ਕੈਡਿਟਾਂ ਦੇ ਕੁੱਲ ਦਾਖਲੇ ਅਤੇ ਪਹਿਰਾਵੇ ਦਾ ਭੱਤਾ, ਸਾਲਾਨਾ ਸਿਖਲਾਈ ਕੈਂਪਾਂ ਦੇ ਵੇਰਵੇ, ਗਣਤੰਤਰ ਦਿਵਸ ਕੈਂਪ, ਥਲ ਸੈਨਾ ਕੈਂਪ ਅਤੇ ਹੋਰ ਰਾਸ਼ਟਰੀ ਪੱਧਰ ਦੇ ਕੈਂਪਾਂ ਵਿੱਚ ਭਾਗੀਦਾਰੀ ਵਰਗੇ ਪਹਿਲੂ ਸ਼ਾਮਲ ਸਨ। ਕੈਡਿਟਾਂ ਦੀਆਂ ਪ੍ਰਾਪਤੀਆਂ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਸੂਬੇਦਾਰ ਮੇਜਰ ਗੁਲਜ਼ਾਰ ਸਿੰਘ ਦੀ ਨਿਗਰਾਨੀ ਹੇਠ ਇੱਕ ਸ਼ਾਨਦਾਰ ਗਾਰਡ ਆਫ਼ ਆਨਰ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਨੇ ਦੌਰੇ ਦੌਰਾਨ ਸਾਰੇ ਪ੍ਰਬੰਧਾਂ ਨੂੰ ਵੀ ਯਕੀਨੀ ਬਣਾਇਆ। ਐਸੋਸੀਏਟ ਐੱਨ.ਸੀ.ਸੀ. ਅਫ਼ਸਰ ਲੈਫਟੀਨੈਂਟ ਕਰਨਬੀਰ ਸਿੰਘ, ਲੈਫਟੀਨੈਂਟ ਕੁਲਦੀਪ ਸ਼ਰਮਾ ਅਤੇ ਲੈਫਟੀਨੈਂਟ ਅਹਿਮਦ ਹੁਸੈਨ ਵੀ ਨਿਰੀਖਣ ਵਿੱਚ ਮੌਜੂਦ ਸਨ।

ਬ੍ਰਿਗੇਡੀਅਰ ਏ.ਕੇ. ਭਾਰਦਵਾਜ ਨੇ 2 ਪੰਜਾਬ ਐੱਨ.ਸੀ.ਸੀ. ਬਟਾਲੀਅਨ ਦੇ ਸਾਰੇ ਰੈਂਕਾਂ ਦੇ ਪੇਸ਼ੇਵਰਤਾ, ਅਨੁਸ਼ਾਸਨ ਅਤੇ ਸਮਰਪਿਤ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸਿਖਲਾਈ, ਕੈਂਪਾਂ ਅਤੇ ਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਵਿੱਚ ਨਿਰੰਤਰ ਪ੍ਰਦਰਸ਼ਨ ਲਈ ਬਟਾਲੀਅਨ ਦੀ ਪ੍ਰਸ਼ੰਸਾ ਕੀਤੀ। ਕੈਡਿਟਾਂ ਨਾਲ ਆਪਣੀ ਗੱਲਬਾਤ ਵਿੱਚ, ਉਨ੍ਹਾਂ ਨੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ।

# ਜਨਤਾ ਦੇ ਫ਼ਤਵੇ ਨੇ ਮਾਨ ਸਰਕਾਰ ’ਤੇ ਭਰੋਸਾ ਦੁਹਰਾਇਆ-ਵਿਧਾਇਕਾਂ ਵੱਲੋਂ ਵਰਕਰਾਂ ਦਾ ਧੰਨਵਾਦ



**ਮਲੇਰਕੋਟਲਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ’ਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਮਿਲੀ ਭਰਪੂਰ ਜਿੱਤ ’ਤੇ ਵਿਧਾਇਕ ਮਾਲੇਰਕੋਟਲਾ ਡਾਕਟਰ ਜਮੀਲ ਉਰ ਰਹਿਮਾਨ ਅਤੇ ਵਿਧਾਇਕ ਅਮਰਗੜ੍ਹ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨੇ ਜਨਤਾ ਦਾ ਧੰਨਵਾਦ ਕਰਦਿਆਂ ਇਸਨੂੰ ਪੰਜਾਬ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਇਮਾਨਦਾਰ ਪ੍ਰਸ਼ਾਸਨ ’ਤੇ ਲੋਕਾਂ ਦੇ ਅਟੱਲ ਭਰੋਸੇ ਦਾ ਪ੍ਰਤੀਕ ਕਰਾਰ ਦਿੱਤਾ।

ਵਿਧਾਇਕਾਂ ਨੇ ਕਿਹਾ ਕਿ ਇਹ ਜਿੱਤ ਆਮ ਆਦਮੀ ਪਾਰਟੀ ਲਈ ਸਿਰਫ਼ ਚੋਣੀ ਸਫਲਤਾ ਨਹੀਂ, ਸਗੋਂ ਜਨਤਾ ਵੱਲੋਂ ਮਾਨ ਸਰਕਾਰ ਦੇ ਕੰਮਾਂ ’ਤੇ ਲਾਈ ਗਈ ਮੋਹਰ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਆਮ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕੀਤਾ ਹੈ ਅਤੇ ਲੋਕਾਂ ਨੇ ਵਿਕਾਸ, ਪਾਰਦਰਸ਼ਤਾ ਅਤੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਰਵੱਈਏ ਨੂੰ ਅਪਨਾਇਆ ਗਿਆ ਹੈ। ਉਨ੍ਹਾਂ ਪਾਰਟੀ ਦੇ ਸਾਰੇ ਆਗੂਆਂ ਅਤੇ ਜ਼ਮੀਨੀ ਪੱਧਰ ’ਤੇ ਦਿਨ-ਰਾਤ ਮਿਹਨਤ ਕਰਨ ਵਾਲੇ ਵਰਕਰਾਂ ਦਾ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਘਰ-ਘਰ ਜਾ ਕੇ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਨੂੰ ਜਨਤਾ ਤੱਕ ਪਹੁੰਚਾਇਆ ਜਿਸ ਸਦਕੇ ਇਹ ਇਤਿਹਾਸਿਕ ਨਤੀਜੇ ਸਾਹਮਣੇ ਆ ਸਕੇ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ, ਮੁਫ਼ਤ ਬਿਜਲੀ, ਬੁਨਿਆਦੀ ਢਾਂਚੇ, ਸੜਕਾਂ, ਪਾਣੀ ਦੀ ਸਪਲਾਈ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਲਏ ਗਏ ਠੋਸ ਫੈਸਲਿਆਂ ਦਾ ਲਾਭ ਸਿੱਧੇ ਤੌਰ ’ਤੇ ਆਮ ਲੋਕਾਂ ਤੱਕ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਸਾਫ਼ ਨੀਤੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੇ ਲੋਕਾਂ ਦੇ ਮਨ ਵਿੱਚ ਵਿਸ਼ਵਾਸ ਮਜ਼ਬੂਤ ਕੀਤਾ ਹੈ, ਜਿਸਦਾ ਪ੍ਰਤੀਬਿੰਬ ਇਹ ਚੋਣ ਨਤੀਜੇ ਹਨ।

ਦੋਹਾਂ ਵਿਧਾਇਕਾਂ ਨੇ ਨਵੀਂ ਚੁਣੀ ਗਈ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਪਿੰਡਾਂ ਅਤੇ ਬਲਾਕਾਂ ਦੇ ਵਿਕਾਸ, ਲੋਕਾਂ ਦੀਆਂ ਮੁਸ਼ਕਲਾਂ ਦੇ ਤੁਰੰਤ ਹੱਲ ਅਤੇ ਸਰਕਾਰ ਦੀਆਂ ਯੋਜਨਾਵਾਂ ਨੂੰ ਪੂਰੀ ਇਮਾਨਦਾਰੀ ਅਤੇ ਸਮਰਪਿਤ ਭਾਵਨਾ ਨਾਲ ਲਾਗੂ ਕਰਨਗੇ। ਉਨ੍ਹਾਂ ਨੇ ਦੁਹਰਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ, ਪਾਰਦਰਸ਼ਤਾ ਅਤੇ ਲੋਕ-ਹਿੱਤ ਨੂੰ ਪਹਿਲ ਦਿੰਦਿਆਂ ਕੰਮ ਕਰਦੀ ਰਹੇਗੀ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ 1 ਜਨਵਰੀ 2026 ਤੋਂ : ਡਿਪਟੀ ਕਮਿਸ਼ਨਰ



**ਬਠਿੰਡਾ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਿਵੇਕਲੀ ਕਿਸਮ ਦੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ 1 ਜਨਵਰੀ 2026 ਤੋਂ ਕੀਤੀ ਜਾ ਰਹੀ ਹੈ। ਇਹ ਕਾਰਡ ਕਾਰਡ ਬਣਾਉਣ ਲਈ ਪੰਜਾਬ ਦਾ ਵਸਨੀਕ ਹੋਣਾ ਲਾਜ਼ਮੀ ਹੈ ਅਤੇ ਕਾਰਡ ਤੇ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ ਧੀਮਾਨ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹੇ ਅੰਦਰ ਬਣਾਏ ਜਾਣ ਵਾਲੇ ਮੁੱਖ ਮੰਤਰੀ ਸਿਹਤ ਬੀਮਾ ਕਾਰਡਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਗਾਊਂ ਤਿਆਰੀਆਂ ਨੂੰ ਲੈ ਕੇ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ ਧੀਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਸਹੂਲਤਾਂ ਦਾ ਲਾਭ ਪਹੁੰਚਾਉਣਾ ਹੈ ਤਾਂ ਜੋ ਹੇਠਲੇ ਪੱਧਰ ਤੱਕ ਆਮ ਲੋਕਾਂ ਨੂੰ ਇਨ੍ਹਾਂ ਸਹੂਲਤਾਂ ਦਾ ਲਾਹਾ ਪ੍ਰਾਪਤ ਹੋ ਸਕੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਕਾਰਡ ਬਣਾਉਣ ਲਈ ਨਾ ਤਾਂ ਕੋਈ ਉਮਰ ਦੀ ਹੱਦ ਹੈ ਅਤੇ ਨਾ ਹੀ ਕੋਈ ਆਮਦਨ ਦੀ ਹੱਦ ਹੈ। ਕਾਰਡ ਬਣਾਉਣ ਲਈ ਸਿਰਫ਼ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ। ਕਾਰਡ ਆਪਣੇ ਪਿੰਡ ਜਾਂ ਸ਼ਹਿਰ ਦੇ ਕਿਸੇ ਵੀ ਨੇੜਲੇ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.) ਵਿਖੇ ਬਣਾਏ ਜਾ ਸਕਦੇ ਹਨ। ਕਾਰਡ ਬਣਾਉਣ ਸਮੇਂ ਵਿਅਕਤੀ ਕੋਲ ਆਧਾਰ ਕਾਰਡ, ਵੋਟ ਕਾਰਡ ਅਤੇ ਮੋਬਾਇਲ ਨੰਬਰ ਹੋਣਾ ਲਾਜ਼ਮੀ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਸਬੰਧਤ ਵਿਅਕਤੀ ਦਾ ਆਧਾਰ ਕਾਰਡ ਮੋਬਾਇਲ ਨੰਬਰ ਨਾਲ ਲਿੰਕ ਹੋਵੇ।

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਲਾਹਾ ਲੈਣ ਲਈ ਹਰ ਵਿਅਕਤੀ ਲਈ ਇਹ ਕਾਰਡ ਬਨਾਉਣਾ ਜ਼ਰੂਰੀ ਹੈ। ਇਸ ਕਾਰਡ ਬਨਾਉਣ ਲਈ ਪਰਿਵਾਰ ਦੇ ਮੁਖੀ ਦੀ ਆਈ.ਡੀ ਬਣੇਗੀ ਅਤੇ ਉਸ ਆਈ.ਡੀ ਵਿੱਚ ਸਾਰੇ ਪਰਿਵਾਰਕ ਮੈਂਬਰਾਂ ਦੀ ਡਿਟੇਲ ਦਰਜ ਕੀਤੀ ਜਾਵੇਗੀ। ਉਸ ਉਪਰੰਤ ਪਰਿਵਾਰ ਦੇ ਹਰ ਮੈਂਬਰ ਨੂੰ ਸਿਹਤ ਬੀਮਾ ਕਾਰਡ ਬਣਾਉਣ ਲਈ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.) ਵਿਖੇ ਜਾ ਕੇ ਕੇ.ਵਾਈ.ਸੀ. ਕਰਵਾਉਣੀ ਲਾਜ਼ਮੀ ਹੋਵੇਗੀ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਇਸ ਯੋਜਨਾ ਦਾ ਵੱਧ ਤੋਂ ਵੱਧ ਲੋਕਾਂ ਤੱਕ ਲਾਭ ਪਹੁੰਚਾਉਣ ਲਈ ਪਿੰਡਾਂ ਦੇ ਸਰਪੰਚਾਂ, ਨੰਬਰਦਾਰਾਂ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ ਅਤੇ ਐਨ.ਜੀ.ਓਜ਼ ਆਦਿ ਦਾ ਪੂਰਾ ਸਹਿਯੋਗ ਲੈਂਦਿਆਂ ਇੱਕ ਟੀਮ ਵਾਂਗ ਰਲ ਕੇ ਕੰਮ ਕੀਤਾ ਜਾਵੇ ਤਾਂ ਜੋ ਜ਼ਿਲ੍ਹੇ ਅੰਦਰ ਕੋਈ ਵਿਅਕਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਬਨਾਉਣ ਤੋਂ ਵਾਂਝਾਂ ਨਾ ਰਹਿ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਪੂਨਮ ਸਿੰਘ, ਮੁੱਖ ਮੰਤਰੀ ਖੇਤਰੀ ਅਫ਼ਸਰ ਸ਼੍ਰੀ ਰਮਨਜੀਤ, ਜ਼ਿਲ੍ਹਾ ਮੈਡੀਕਲ ਕਮਿਸ਼ਨਰ ਡਾ. ਰਮਨ ਸਿੰਗਲਾ, ਸੀ.ਐਸ.ਸੀ. ਬਠਿੰਡਾ ਦੇ ਜ਼ਿਲ੍ਹਾ ਮੈਨੇਜਰ ਸ਼੍ਰੀ ਤਰਸੇਮ ਸਿੰਘ ਬਰਾੜ ਤੋਂ ਇਲਾਵਾ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਨਵੇਂ ਚਾਰ-ਮਾਰਗੀ ਸੜਕ ਨਿਰਮਾਣ ਤਹਿਤ 2583.55 ਲੱਖ ਰੁਪਏ ਦੀ ਪ੍ਰਸਾਸ਼ਨਿਕ ਮੰਜੂਰੀ ਪ੍ਰਦਾਨ

**ਚੰਡੀਗੜ੍ਹ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਸੁਆਲ ਸਮੇਂ ਦੌਰਾਨ ਸਦਨ ਨੂੰ ਜਾਣੂ ਕਰਾਇਆ ਕਿ ਛੁਛਕਵਾਸ ਬਾਈਪਾਸ ਦੇ ਲਈ ਹਰਿਆਣਾ ਸਰਕਾਰ ਨੇ ਝੱਜਰ ਜਿਲ੍ਹਾ ਵਿੱਚ ਛੁਛਕਵਾਸ ਬਾਈਪਾਸ ਤੇ ਛੁਛਕਵਾਸ-ਮਾਤਨਹੇਲ-ਬਹੁ-ਕਰੋਲੀ ਰੋਡ ਦੇ ਨਵੇਂ ਚਾਰ-ਮਾਰਗੀ ਸੜਕ ਨਿਰਮਾਣ ਤਹਿਤ 2583.55 ਲੱਖ ਰੁਪਏ ਦੀ ਪ੍ਰਸਾਸ਼ਨਿਕ ਮੰਜੂਰੀ ਪ੍ਰਦਾਨ ਕੀਤੀ ਹੈ। ਸ੍ਰੀ ਗੰਗਵਾ ਵਿਧਾਨਸਭਾ ਸੈਸ਼ਨ ਵਿੱਚ ਵਿਧਾਇਕ ਸ੍ਰੀਮਤੀ ਗੀਤਾ ਭੁਕੱਲ ਵੱਲੋਂ ਪੁੱਛੇ ਗਏ ਸੁਆਲ ਦੇ ਜਵਾਬ ਵਿੱਚ ਸਦਨ ਵਿੱਚ ਬੋਲ ਰਹੇ ਸਨ।

# ਪੰਜਾਬ ਪੁਲਿਸ ਨੇ 61 ਨਸ਼ਾ ਤਸਕਰਾਂ ਨੂੰ 528 ਗ੍ਰਾਮ ਹੈਰੋਇਨ, 2.4 ਕਿਲੋਗ੍ਰਾਮ ਅਫੀਮ, 3 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ

**ਚੰਡੀਗੜ੍ਹ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਨਸ਼ਿਆਂ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਲਗਾਤਾਰ 293ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 282 ਥਾਵਾਂ ’ਤੇ ਛਾਪੇਮਾਰੀ ਕੀਤੀ ਜਿਸ ਨਾਲ ਸੂਬੇ ਭਰ ਵਿੱਚ 61 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ 52 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਇਸ ਦੇ ਨਾਲ, 293 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 40,748 ਹੋ ਗਈ ਹੈ। ਛਾਪੇਮਾਰੀਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 528 ਗ੍ਰਾਮ ਹੈਰੋਇਨ, 2.4 ਕਿਲੋਗ੍ਰਾਮ ਅਫੀਮ, 214 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 3.02 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

60 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 282 ਥਾਵਾਂ ’ਤੇ ਛਾਪੇਮਾਰੀ ਕੀਤੀ । ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 282 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਹੈ।

ਰਾਜ ਸਰਕਾਰ ਨੇ ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ - ਲਾਗੂ ਕੀਤੀ ਹੈ, ਪੰਜਾਬ ਪੁਲਿਸ ਨੇ ’ਨਸ਼ਾ ਛੁਡਾਉਣ’ ਦੇ ਹਿੱਸੇ ਵਜੋਂ ਅੱਜ 23 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਏਅਰਪੋਰਟ ਟੀ ਪੁਆਇੰਟ ਤੋਂ ਸਿਸਵਾਂ ਰੋਡ ਤੱਕ ਬਣਾਏ ਹਾਈਵੇਅ ਨੂੰ ਤੁਰੰਤ ਚਾਲੂ ਕੀਤਾ ਜਾਵੇ: ਖੁਸਵੰਤ ਰਾਏ ਗੀਗਾ

**ਖਰੜ, 23 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਜਪਾ ਦੇ ਸੀਨੀਅਰ ਆਗੂ ਅਤੇ ਭਾਜਪਾ ਪੰਜਾਬ ਦੇ ਪ੍ਰੋਟੋਕਲ ਸਕੱਤਰ ਸ੍ਰੀ ਖੁਸਵੰਤ ਰਾਏ ਗੀਗਾ ਨੇ ਭਾਰਤ ਸਰਕਾਰ ਦੇ ਕੇਂਦਰੀ ਮੰਤਰੀ ਸ੍ਰੀ ਨਿਤਿਨ ਗਡਕਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਭਾਰਤ ਸਰਕਾਰ ਵਲੋਂ ਜੋ ਨੈਸ਼ਨਲ ਹਾਈਵੇਅ ਵਲੋਂ ਐਨ.ਐਚ.ਏ.205 ਏ ਏਅਰਪੋਰਟ ਚੌਂਕ ਤੋਂ ਸਿਸਵਾਂ ਤੱਕ ਬਣਾਈ ਗਈ ਹੈ,ਉਸ ਨੂੰ ਤੁਰੰਤ ਚਾਲੂ ਕੀਤਾ ਜਾਵੇ ਤਾਂ ਕਿ ਏਅਰਪੋਰਟ ਮੁਹਾਲੀ ਨਾਲ ਹਿਮਾਂਚਲ ਪ੍ਰਦੇਸ, ਜੰਮੂ ਕਸ਼ਮੀਰ, ਪੰਜਾਬ, ਹਰਿਆਣਾ ਦੇ ਵਾਹਨ ਚਾਲਕਾਂ ਨੂੰ ਆਉਣ ਜਾਣ ਵਿਚ ਰਾਹਤ ਮਿਲ ਸਕੇ। ਉਨ੍ਹਾਂ ਲਿਖਿਆ ਕਿ ਇਹ ਸੜਕ ਜਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਵੀ ਮਿਲਾਉਦੀ ਹੈ ਜੇਕਰ ਇਹ ਸੜਕ ਚਾਲੂ ਹੋ ਜਾਵੇ ਤਾਂ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਤੇ ਸ਼ਰਧਾਲੂਆਂ ਨੂੰ ਆਉਣ ਜਾਣ ਵਿਚ ਕਾਫੀ ਸੌਖ ਹੋ ਜਾਵੇਗੀ, ਕਿਉਕਿ ਇਸ ਮੌਕੇ ਦੇਸ਼ਾਂ ਵਿਦੇਸ਼ਾਂ ਤੋਂ ਵੀ ਵੱਡੀ ਗਿਣਤੀ ਵਿਚ ਸ਼ਰਧਾਲੂ ਨਤਮਸਤਕ ਹੋਣ ਲਈ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਆਉਦੇ ਹਨ। ਉਨ੍ਹਾਂ ਪੱਤਰ ਵਿਚ ਅੱਗੇ ਲਿਖਿਆ ਕਿ ਇਸ ਕਾਰਨ ਲੱਗਦੀਆਂ ਸੜਕਾਂ ਤੇ ਬਹੁਤ ਭੀੜ ਰਹਿੰਦੀ ਹੈ ਅਤੇ ਹਮੇਸ਼ਾਂ ਦੁਰਘਟਨਾਵਾਂ ਹੋਣ ਦਾ ਖੱਤਰਾ ਬਣਿਆ ਰਹਿੰਦਾ ਹੈ।

## ਕਾਵਿ ਕਿਆਰੀ

### ਕੈਸਾ ਹੈ ਧੀਆਂ ਦਾ ਸੰਸਾਰ

ਪਹਿਲਾਂ ਬਾਬਲ ਦਾ ਦਰ
ਫੇਰ ਪਤੀ ਦਾ ਦਰਬਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਧੀਆਂ ਕੋਲ ਘਰ ਨਹੀਂ ਟਿਕਾਣਾ ਹੁੰਦਾ
ਚਾਹਤ ਨਹੀਂ ਭਾਣਾ ਹੁੰਦਾ
ਘਰ ਤੋਂ ਦਫ਼ਤਰ
ਤੇ ਦਫ਼ਤਰ ਤੋਂ ਘਰ ਜਿੱਡੀ ਪਰਵਾਜ਼ ਹੁੰਦੀ
ਨਿਮਰ ਤੇ ਨੀਵੀਂ ਆਵਾਜ਼ ਹੁੰਦੀ
ਬੋਲਣ ਤਾਂ ਡੋਲਦੀ ਹੈ ਧਰਤੀ
ਤ੍ਰਭਕਦਾ ਹੈ ਆਸਮਾਨ
ਕੁਤਰ ਦਿੱਤੀ ਜਾਂਦੀ ਹੈ ਜ਼ੁਬਾਨ
ਤੋਏ ਤੋਏ ਕਰਦੇ ਨੇ ਦੁਨੀਆਦਾਰ
ਅਤੇ ਖ਼ਾਮੋਸ਼ ਵੇਖਦਾ ਰਹਿੰਦਾ ਹੈ
ਪਾਕ ਪਰਵਦਗਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਫ਼ਰਜ਼ਾਂ ਤੇ ਫ਼ਿਕਰਾਂ 'ਚ ਕੱਟ ਦਿੰਦੀਆਂ ਨੇ ਜੂਨ
ਰਹਿਣ ਸੁਕਾਉਂਦੀਆਂ ਆਪਣਾ ਹੀ ਖ਼ੂਨ
ਕਦੇ ਪਤੀ ਦੇ ਜਾਣ ਦਾ ਫ਼ਿਕਰ
ਕਦੇ ਬੱਚਿਆਂ ਦੇ ਆਉਣ ਦੀ ਉਡੀਕ
ਸੱਸ ਸਹੁਰੇ ਦੀ ਬੀਮਾਰੀ
ਆਏ ਗਏ ਦੀ ਤੀਮਾਰਦਾਰੀ
ਦਿਲ ਦੇ ਚਾਵਾਂ ਨੂੰ ਅੱਗੇ ਪਾਉਂਦੇ ਪਾਉਂਦੇ
ਮਰ ਮੁੱਕ ਜਾਂਦੇ ਨੇ ਸੁਪਨੇ
ਤੇ ਲੰਘ ਜਾਂਦੇ ਨੇ ਤਿੱਥਾਂ ਤੇ ਤਿਉਹਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਤਨਖ਼ਾਹ ਵੀ ਲਿਆਉਂਦੀਆਂ
ਜ਼ਿੰਮੇਵਾਰੀਆਂ ਵੀ ਨਿਭਾਉਂਦੀਆਂ
ਭਾਰ ਵੀ ਵੰਡਾਉਂਦੀਆਂ
ਐਪਰ ਫਿਰ ਵੀ
ਪਰਾਈਆਂ ਅਖਵਾਉਂਦੀਆਂ
ਕਦੇ ਦਾਜ ਲਈ ਮਰਦੀਆਂ
ਕਦੇ ਲਾਜ ਲਈ ਮਰਦੀਆਂ
ਅੜਨ ਤਾਂ ਟੁੱਟਦਾ ਹੈ ਘਰ
ਲੜਨ ਤਾਂ ਡਰਾਉਂਦੀਆਂ ਨੇ ਕਚਹਿਰੀਆਂ
ਬਾਬਲ ਘਬਰਾਉਂਦਾ ਹੈ
ਦਿਨ ਕਟੀ ਲਈ ਦਬਕਾਉਂਦਾ ਹੈ
ਇਕੱਲੀਆਂ ਦੇਖ ਦੇਖ
ਲਲਚਾਉਂਦਾ ਹੈ ਜ਼ਮਾਨਾ
ਤੇ ਘੂਰਦਾ ਹੈ ਬਾਜ਼ਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਸਿਰਾਂ 'ਤੇ ਚੁੱਕੀ ਫਿਰਨ
ਖ਼ੌਰੇ ਕਿੰਨੀਆਂ ਕੁ ਧਰਤੀਆਂ ਦਾ ਭਾਰ ?
ਕੈਸਾ ਹੈ ਧੀਆਂ ਦਾ ਸੰਸਾਰ ?



- ਪ੍ਰੋ. ਕੁਲਵੰਤ ਔਜਲਾ
ਸੰਪਰਕ: 01822-235343

## ਗ਼ਜ਼ਲ

ਜੰਗਲ ਬੀਆਬਾਨ ਘਣਾ ਸੀ, ਛਾਇਆ ਘੁੱਪ ਹਨੇਰਾ,
ਚਾਰੇ ਪਾਸੇ ਭਾਂਅ ਭਾਂਅ ਪਸਰੀ, ਚੁੱਪੀ ਪਾਇਆ ਘੇਰਾ।
ਘੂਕ ਨੀਂਦਰੇ ਪਸ਼ੂ ਤੇ ਪੰਛੀ, ਰਾਤ ਸੀ ਕਾਲ਼ੀ ਬੋਲੀ,
ਕਿਸੇ ਪਿੱਪਲ ਦੀ ਟਾਹਣੀ ਬੈਠੀ, ਇੱਕ ਭੂਤਾਂ ਦੀ ਟੋਲੀ।
ਡਰਦੇ-ਡਰਦੇ ਓਸੇ ਰੁੱਖ ਦੇ, ਥੱਲਿਓਂ 'ਬੰਦੇ' ਲੰਘੇ,
ਏਧਰ-ਓਧਰ ਬਿਟ-ਬਿਟ ਝਾਕਣ, ਨਾ ਕੂਏ ਨਾ ਖੰਘੇ।
ਦੇਖ ਕੇ 'ਬੰਦੇ' ਤ੍ਰਭਕ ਕੇ ਉਠਿਆ, ਇੱਕ ਭੂਤਾਂ ਦਾ ਬੱਚਾ,
ਦੇਖ ਕੇ ਟੋਲੀ ਇਨਸਾਨਾਂ ਦੀ, ਰਹਿ ਗਿਆ ਹੱਕਾ ਬੱਕਾ।
ਹੱਥਾਂ ਦੇ ਵਿੱਚ ਬਰਛੇ ਟਕੂਏ, ਤੇ ਨੰਗੀਆਂ ਤਲਵਾਰਾਂ,
ਲੱਥ ਪੱਥ ਕੱਪੜੇ ਲਹੂ 'ਚ ਰੰਗੇ, ਇਹ ਡਾਰਾਂ ਦੀਆਂ ਡਾਰਾਂ।
ਝੱਟ ਭੂਤਨੀ ਪੁੱਛਣ ਲੱਗੀ, 'ਕਿਸ ਗੱਲੋਂ ਪ੍ਰੇਸ਼ਾਨ ?
ਕਿਹੜੀ ਗੱਲੋਂ ਸਹਿਮਿਆ ਫਿਰਦੈਂ, ਸੌਂ ਜਾ ਲੰਮੀਆਂ ਤਾਣ।'
ਥੱਲੇ ਸਾਰਾ ਦੇਖ ਨਜ਼ਾਰਾ, ਰੋਂਦਿਆਂ ਨਿੱਕਲੀ ਕੂਕ,
'ਡਰ ਲੱਗਦੈ, ਇਨਸਾਨ ਨੇ ਫਿਰਦੇ,' ਬੋਲਿਆ ਨਿੱਕਾ ਭੂਤ।
ਮਾਂ ਭੂਤਨੀ ਹਿੱਕ ਨਾਲ ਲਾ ਕੇ, ਹੱਸ ਕੇ ਆਖਣ ਲੱਗੀ,
'ਚੱਲ ਉੱਠ ਮਿਰਚਾਂ ਵਾਰਾਂ ਤੈਥੋਂ, ਹਵਾ ਓਪਰੀ ਲੱਗੀ।
ਕੁਝ ਨਹੀਂ ਹੋਇਆ, ਡਰ ਨਾ ਐਵੇਂ, ਸੁਪਨੇ ਨੀਂਦ 'ਚ ਦੇਖੇ,
ਬੰਦੇ ਬੁੰਦੇ ਕੁਝ ਨਹੀਂ ਹੁੰਦੇ, ਇਹ ਸਭ ਭਰਮ ਭੁਲੇਖੇ।'

ਜਸਵਿੰਦਰ ਜਲੰਧਰੀ
ਸੰਪਰਕ: 98768-07218

## ਗ਼ਜ਼ਲ

ਮੁੜ ਕੇ ਦੁਰਕਾਰਿਆ ਜਾਂਦਾ ਨਹੀਂ,
ਇੱਕ ਵਾਰ ਜੀਹਨੂੰ ਅਪਨਾ ਲਈਏ।
ਸੋਚਣ ਦੀ ਕਾਈ ਥਾਂ ਨਾ ਰਹੇ,
ਪਿਆਰ ਜਦੋਂ ਵੀ ਪਾ ਲਈਏ।
ਸਭ ਦੁਨੀਆਂ ਮਤਲਬਖ਼ੋਰੀ ਏ,
ਖ਼ੁਦਗਰਜ਼ੀ ਹੈ ਕਿਰਦਾਰ ਇਹਦਾ,
ਚੰਗਾ ਹੈ ਆਪਣੇ ਮਨ ਤਾਈਂ,
ਇਹ ਰਮਜ਼ ਅਸੀਂ ਸਮਝਾ ਲਈਏ।
ਹੁਸਨ ਇਸ਼ਕ ਦਾ ਚੱਕਰ ਇਹ,
ਚੱਲਦਾ ਹੈ ਮੁੱਢ ਕਦੀਮਾਂ ਤੋਂ,
ਅੱਖ ਲੱਗਣੀ ਔਖੀ ਹੋ ਜਾਂਦੀ,
ਜਦ ਅੱਖੀਆਂ ਕਿਧਰੇ ਲਾ ਲਈਏ।
ਤੁਸੀਂ ਭਲਾ ਸੋਚਦੇ ਲੋਕਾਂ ਦਾ,
ਪਰ ਉਹ ਵੀ ਹਨ ਜੋ ਬੁਰਾ ਚਾਹੁਣ,
ਵੱਖੋ ਵੱਖ ਕਿਰਦਾਰ ਜੋ ਹਨ,
ਅਸੀਂ ਮਨ ਤਾਈਂ ਸਮਝਾ ਲਈਏ।
ਖੁੱਲ੍ਹਦਿਲੀਆਂ ਦੀ ਕਾਈ ਕਦਰ ਨਹੀਂ,
ਤੰਗਦਿਲ ਜਿਹੀ ਫ਼ਿਜ਼ਾ ਅੰਦਰ,
ਬਿਹਤਰ ਹੈ ਗੱਲ ਸਮਝ ਲਵੋ,
ਚੁੱਪ ਕਰ ਕੇ ਵਕਤ ਲੰਘਾ ਲਈਏ।
ਅਮਨ ਮਨੁੱਖ ਦਾ ਖ਼ਾਸਾ ਹੈ,
ਤੇ ਜੰਗ ਸ਼ੈਤਾਨੀ ਫ਼ਿਤਰਤ ਹੈ,
ਇਸ ਤੱਤ ਨੂੰ ਪੱਕਾ ਕਰ ਲਈਏ,
ਤਨ ਮਨ ਵਿੱਚ ਰਚਾ ਲਈਏ।
ਖਾ ਖਾ ਕੇ ਠੇਡੇ ਸੰਭਲ ਗਏ,
ਹੁਣ ਮੰਜ਼ਿਲ ਨੇੜੇ ਆ ਗਈ ਏ,
'ਨਵਰਾਹੀ' ਬੜੀ ਤਸੱਲੀ ਏ,
ਸੋ ਗੀਤ ਖ਼ੁਸ਼ੀ ਦੇ ਗਾ ਲਈਏ।





ਨਵਰਾਹੀ ਘੁਗਿਆਣਵੀ
ਸੰਪਰਕ: 98150-02302

## ਕਹਾਣੀ: ਮੇਰੇ ਮਰਨ ਪਿੱਛੋਂ

ਮੂਲ ਲੇਖਕ: ਲਤੀਫ਼ ਘੋਂਗ
ਪੰਜਾਬੀ ਅਨੁਵਾਦ: ਕਾਂਤਾ ਸ਼ਰਮਾ

ਇਹ ਮੇਰੀ ਬਦਕਿਸਮਤੀ ਸੀ ਕਿ ਮੈਂ ਮਰਿਆ ਵੀ ਤਾਂ ਐਤਵਾਰ ਦੇ ਦਿਨ। ਬੇਕਾਰ ਹੀ ਇੱਕ ਛੁੱਟੀ ਖ਼ਰਾਬ ਹੋ ਗਈ। ਮੁਹੱਲੇ ਦੀਆਂ ਔਰਤਾਂ ਜਮ੍ਹਾਂ ਹੋ ਗਈਆਂ। ਮੈਨੂੰ ਬੜਾ ਦੁੱਖ ਹੋਇਆ ਜਿਉਂਦੇ ਜੀਅ ਜਿਨ੍ਹਾਂ ਔਰਤਾਂ ਦੇ ਦਰਸ਼ਨ ਨਹੀਂ ਸੀ ਕਰ ਸਕਿਆ, ਅੱਜ ਉਹ ਬੇਪਰਦਾ ਮੇਰੇ ਸਾਹਮਣੇ ਖੜ੍ਹੀਆਂ ਸਨ। ਮੇਰੀ ਪਤਨੀ ਜਨਾਜ਼ਾ ਦੇਖ ਕੇ ਰੋਣ ਲੱਗੀ। ਮੁਹੱਲੇ ਦੀਆਂ ਜਵਾਨ ਔਰਤਾਂ ਨੇ ਸਮਝਾਇਆ, ਪਾਗਲ ਹੋ ਗਈ ਏ। ਮਰਨ ਵਾਲੇ ਦੇ ਪਿਛੇ ਰੋਈਦਾ ਨਹੀਂ। ਹਾਲੇ ਤੇਰੀ ਉਮਰ ਹੀ ਕੀ ਹੈ।' ਮੇਰੀ ਪਤਨੀ ਨੇ ਪਾਣੀ ਪੀਤਾ ਫ਼ਿਰ ਆਦਤ ਅਨੁਸਾਰ ਮੇਰੀਆਂ ਜੇਬਾਂ ਫ਼ਰੋਲਣ ਲੱਗੀ। ਕਮੀਜ਼ ਦੇ ਜੇਬ 'ਚੋਂ ਤੀਹ ਪੈਸੇ ਨਿਕਲੇ। ਫੁਲ ਪੈਂਟ ਦੀ ਜੇਬ ਟੋਹ ਕੇ ਉਸ ਨੇ ਪਾਸ ਬੁਕ ਕੱਢੀ ਬੈਂਕ ਦਾ ਵਿਆਜ ਜੋੜ ਕੇ ਕੁਲ ਪੰਜ ਰੁਪਏ ਬਿਆਲੀ ਪੈਸੇ ਜਮ੍ਹਾਂ ਸਨ। ਉਹ ਧਾਹ ਮਾਰ ਕੇ ਬੇਹੋਸ਼ ਹੋ ਗਈ। ਇੱਕ ਅਧਖੜ ਔਰਤ ਨੇ ਕਿਹਾ, 'ਵਿੱਚਾਰੀ ਤੋਂ ਪਤੀ ਦੀ ਮੌਤ ਦਾ ਸਦਮਾ ਬਰਦਾਸ਼ਤ ਨਹੀਂ ਹੋ ਰਿਹਾ।' ਮੇਰੀ ਮੌਤ ਦਾ ਸਭ ਤੋਂ ਬਹੁਤਾ ਦੁੱਖ ਮੌਲਾਨਾ ਸੈਫ਼ੁਦੀਨ ਦੀ ਲੜਕੀ ਨੂੰ ਹੋਇਆ। ਜਿਸ ਨੂੰ ਮੈਂ ਅੰਗਰੇਜ਼ੀ ਦੀ ਟਿਊਸ਼ਨ ਪੜ੍ਹਾਉਂਦਾ ਸੀ। ਉਹ ਮੈਨੂੰ ਅਕਸਰ ਪੁੱਛਦੀ, 'ਸਰ ਕੀ ਮੈਂ ਮੋਟੀ ਹੋ ਗਈ ਹਾਂ ? ਮੈਂ ਬੇਵਕੂਫ਼ ਮਾਸਟਰ ਦੀ ਤਰ੍ਹਾਂ ਉਸ ਨੂੰ 'ਜੂਲੀਅਸ ਸੀਜ਼ਰ' ਪੜ੍ਹਾਉਣ ਲੱਗਦਾ। ਮੇਰੀ ਮੌਤ ਦੀ ਖ਼ਬਰ ਸੁਣ ਕੇ ਸਭ ਤੋਂ ਪਹਿਲਾਂ ਮੇਰੇ ਘਰ ਪਹੁੰਚਣ ਵਾਲਾ ਵਿਅਕਤੀ ਮੇਰਾ ਹੈਡ ਮਾਸਟਰ ਸੀ। ਉਹ ਖੂਬ ਰੋਇਆ। ਮੈਂ ਉਸ ਤੋਂ ਸੌ ਰੁਪਏ ਉਧਾਰ ਲੈ ਰੱਖੇ ਸਨ। ਗਵਾਂਢੀਆਂ ਨੇ ਬੜਾ ਸਮਝਾਇਆ ਪਰ ਉਹ ਅਖੀਰ ਤਕ ਮੇਰੀ ਲਾਸ਼ ਨਾਲ ਲਿਪਟ ਲਿਪਟ ਕੇ ਰੋਂਦਾ ਰਿਹਾ। ਲੋਕ ਕਹਿ ਰਹੇ ਸਨ, 'ਹੈਡਮਾਸਟਰ ਹੋਵੇ ਤਾਂ ਇਹੋ ਜਿਹਾ ਆਪਣੇ ਮਤਾਹਿਤ ਲਈ ਕਿੰਨੀ ਹਮਦਰਦੀ ਹੈ ਇਸ ਦੇ ਦਿਲ 'ਚ। ਸ਼ਾਇਦ ਇਸ ਤੋਂ ਜ਼ਿਆਦਾ ਸਦਮਾ ਤਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਵੀ ਨਹੀਂ ਹੋਇਆ ਹੋਣਾ। ਇਸ ਤੋਂ ਬਾਅਦ ਧਾਹਾਂ ਮਾਰ ਰੋਣ ਵਾਲਿਆਂ 'ਚ ਮੇਰਾ ਮਕਾਨ ਮਾਲਕ ਤੇ ਉਹ ਦੁਕਾਨਦਾਰ ਸੀ ਜਿਸ ਤੋਂ ਮੈਂ ਕਣਕ ਤੇ ਚੌਲ ਖ਼ਰੀਦਦਾ ਸਾਂ। ਮੇਰੇ ਲਈ ਸਵਾ ਰੁਪਏ ਦਾ ਕਫ਼ਨ ਖਰੀਦਿਆ ਗਿਆ। ਪਤਨੀ ਨੇ ਰੋਂਦੇ ਹੋਏ ਕਿਹਾ, 'ਮੇਰੇ ਪਤੀ ਦੀ ਆਖਰੀ ਖਾਹਸ਼ ਸੀ ਕਿ ਉਸ ਨੂੰ ਸਾਦਗੀ ਨਾਲ ਦਫ਼ਨਾਇਆ ਜਾਵੇ।' ਉਹਨੇ ਇਧਰੋਂ ਉਧਰੋਂ ਇੱਕਠੇ ਕੀਤੇ ਪੈਸਿਆਂ ਨਾਲ ਕਫ਼ਨ ਦਾ ਬਿੱਲ ਚੁਕਾਇਆ। ਲੋਕਾਂ ਨੇ ਬੜਾ ਸਮਝਾਇਆ ਪਰ ਉਹ ਵਾਲ ਖੋਂਹਦੀ ਤੇ ਰੋਂਦੀ ਰਹੀ। ਕਫ਼ਨ ਦੇ ਬਿੱਲ ਨਾਲ ਉਸ ਦੀ ਹਿੰਮਤ ਟੁੱਟ ਗਈ ਸੀ। ਉਹ ਰੋਂਦੀ ਵਿਲਕਦੀ ਰਹੀ ਤੇ ਮੇਰਾ ਜਨਾਜ਼ਾ ਵਿਹੜੇ 'ਚੋਂ ਬਾਹਰ ਲਿਆ ਕੇ ਸੜਕ 'ਤੇ ਰੱਖ ਦਿੱਤਾ ਗਿਆ। ਜਨਾਜ਼ੇ ਨੂੰ ਮੋਢਾ ਦੇਣ ਵਾਲਿਆਂ 'ਚ ਸਭ ਤੋਂ ਪਹਿਲਾ ਆਦਮੀ ਮੇਰਾ ਧੋਬੀ ਸੀ। ਕਹਿਣ ਲੱਗਾ, 'ਭਾਈ ਹੋਣੀ ਨੂੰ ਕੌਣ ਟਾਲ ਸਕਦਾ ਹੈ। ਮਰਨ ਵਾਲਾ ਤਾਂ ਮਰ ਗਿਆ ਪਰ ਮੈਨੂੰ ਹਮੇਸ਼ਾਂ ਯਾਦ ਰਹੇਗਾ। ਇਸ ਦੀ ਕਮੀਜ਼ ਨੂੰ ਪੂਰੀ ਇੱਕ ਚਾਕੀ ਸਾਬਣ ਲੱਗਦਾ ਸੀ। ਹੁਣ ਇਹ ਸਫ਼ੈਦ ਚਕਾਚਕ ਕਫ਼ਨ ਦੇਖਕੇ ਮੈਨੂੰ ਰੋਣਾ ਆ ਰਿਹਾ ਹੈ।' ਮੋਢਾ ਦੇਣ ਵਾਲਾ ਦੂਸਰਾ ਵਿਅਕਤੀ ਮੇਰੇ ਹੀ ਸਕੂਲ ਦਾ ਮਾਸਟਰ ਸੀ ਜੋ ਦਿਲੋਂ ਮੈਨੂੰ ਗਾਲਾਂ ਦੇ ਰਿਹਾ ਸੀ, 'ਸਾਲੇ ਨੇ ਐਤਵਾਰ ਨੂੰ ਈ ਮਰਨਾ ਸੀ। ਐ ਖ਼ੁਦਾ ਹੋਰ ਜੋ ਮਰਜ਼ੀ ਕਰੀਂ, ਕਿਸੇ ਨੂੰ ਐਤਵਾਰ ਦੀ ਮੌਤ ਨਾ ਦੇਵੀਂ।' ਤੀਜੇ ਮੋਢੇ 'ਤੇ ਮੌਲਾਨਾ ਸੈਫ਼ੁਦੀਨ ਸੀ ਜੋ ਬੀੜੀ ਦਾ ਤੰਬਾਕੂ ਮੂੰਹ 'ਚ ਦਬਾਈ ਜਨਾਜ਼ਾ ਢੋ ਰਹੇ ਸਨ। ਉਹ ਉਤੋਂ ਦੁਖੀ ਪਰ ਅੰਦਰੋਂ ਬਹੁਤ ਖੁਸ਼ ਸਨ। ਮੈਂ ਉਨ੍ਹਾਂ ਤੋਂ ਹਾਲੇ ਇੱਕ ਮਹੀਨੇ ਦੀ ਟਿਊਸ਼ਨ ਦੇ ਪੈਸੇ ਲੈਣੇ ਸਨ। ਚੌਥੇ ਮੋਢੇ ਹੇਠਾਂ ਮੇਰਾ ਇੱਕ ਵਿਦਿਆਰਥੀ ਸੀ। ਉਸ ਨੂੰ ਮੇਰੀ ਮੌਤ



ਦਾ ਕੋਈ ਦੁੱਖ ਨਹੀਂ ਸੀ। ਕਿਉਂਕਿ ਹੋਰ ਕੋਈ ਚੌਥਾ ਹੱਟਾ ਕੱਟਾ ਆਦਮੀ ਮਿਲਿਆ ਨਹੀਂ। ਇਸ ਲਈ ਲੋਕਾਂ ਨੇ ਚੌਥਾ ਮੋਢਾ ਉਸ 'ਤੇ ਟਿਕਾ ਦਿੱਤਾ ਸੀ। ਰੇਲਵੇ ਫ਼ਾਟਕ ਬੰਦ ਸੀ ਇਸ ਲਈ ਜਨਾਜ਼ਾ ਥੋੜ੍ਹੀ ਦੇਰ ਲਈ ਹੇਠਾਂ ਉਤਾਰ ਲਿਆ ਗਿਆ। ਜਨਾਜ਼ੇ 'ਚ ਸ਼ਾਮਲ ਲੋਕਾਂ 'ਚੋਂ ਇੱਕ ਨੇ ਕਿਹਾ, 'ਖੁਦਾ ਦੀ ਕੁਦਰਤ ਹੈ, ਮਰਨ ਤੋਂ ਬਾਅਦ ਆਦਮੀ ਕਿੰਨਾ ਭਾਰਾ ਹੋ ਜਾਂਦਾ ਹੈ।' ਫ਼ਿਰ ਉਸ ਨੇ ਰੁਮਾਲ ਲੈ ਕੇ ਪਸੀਨਾ ਪੂੰਝਿਆ ਤੇ ਬੋਲਿਆ, 'ਯਾ ਪਰਵਰਦਿਗ਼ਾਰ ਮਰਨ ਤੋਂ ਬਾਦ ਕਿਸੇ ਨੂੰ ਐਨਾ ਭਾਰਾ ਵੀ ਨਾ ਕਰ ਦੇਣਾ ਕਿ ਦੂਸਰਿਆਂ ਨੂੰ ਤਕਲੀਫ਼ ਹੋਵੇ।' ਅਰਥੀ ਪਿਛੇ ਇੱਕ ਛੋਟਾ ਜਿਹਾ ਜਲੂਸ ਸੀ ਜਿਸ 'ਚ ਸੌ ਡੇਢ ਸੌ ਸਕੂਲੀ ਵਿਦਿਆਰਥੀ ਸਨ ਜਿਨ੍ਹਾਂ ਨੂੰ ਹੈਡਮਾਸਟਰ ਸਾਬ੍ਹ ਨੇ ਐਕਸਟਰਾ ਕਲਾਸ ਲਈ ਬੁਲਾਇਆ ਸੀ। ਹੁਣ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਸਿਖਿਆ ਵਿਭਾਗ ਦਾ ਜਨਾਜ਼ਾ ਕਿਸੇ ਰਾਜਨੀਤਕ ਜਨਾਜ਼ੇ ਤੋਂ ਘੱਟ ਨਹੀਂ ਹੁੰਦਾ। ਆਪਣੇ ਪਿੱਛੇ ਆਉਂਦਾ ਹੋਇਆ ਜਲੂਸ ਦੇਖਕੇ ਮੈਨੂੰ ਖੁਸ਼ੀ ਹੋਈ। ਇੰਨਾ ਲੰਬਾ ਜਲੂਸ ਤਾਂ ਵੱਡੇ ਵੱਡੇ ਨੇਤਾਵਾਂ ਪਿਛੇ ਵੀ ਨਹੀਂ ਹੁੰਦਾ। ਪੂਰਾ ਕਬਰਸਤਾਨ ਰੇਲ ਦੇ 'ਥਰੀ ਟਾਇਰ' ਡੱਬੇ ਵਾਂਗੂੰ ਖਚਾਖਚ ਭਰਿਆ ਹੋਇਆ ਸੀ। ਕਾਫ਼ੀ ਖੋਜ ਤੋਂ ਬਾਅਦ ਜਿਹੜੀ ਜਗ੍ਹਾ ਪਸੰਦ ਕੀਤੀ ਗਈ ਉਸ ਦੇ ਸੱਜੇ ਹੱਥ ਜਨਾਬ ਇਨਾਇਤ ਅਲੀ ਜ਼ਖ਼ਮੀ ਦੀ ਕਬਰ ਸੀ। 'ਜ਼ਖ਼ਮੀ' ਹਿੰਦੀ ਦੇ ਕਵੀ ਸਨ ਜਿਨ੍ਹਾਂ ਦੀਆਂ ਕਵਿਤਾਵਾਂ ਤੋਂ ਡਰਦਾ ਮੈਂ ਘਰ ਦੇ ਸਭ ਤੋਂ ਪਿਛਲੇ ਕਮਰੇ 'ਚ ਛੁਪ ਜਾਇਆ ਕਰਦਾ ਸੀ। ਪਰ ਲੱਗਦਾ ਹੈ ਹੁਣ ਉਨ੍ਹਾਂ ਦੀਆਂ ਜ਼ੋਰਦਾਰ ਸ਼ੋਰਦਾਰ ਰਚਨਾਵਾਂ ਜਿਨ੍ਹਾਂ ਨੂੰ ਜੀਉਂਦੇ ਜੀਅ ਸੁਣਨ ਦਾ ਸੁਭਾਗ ਮੈਨੂੰ ਨਹੀਂ ਸੀ ਮਿਲਿਆ ਹੁਣ ਵਿਆਖਿਆ ਸਹਿਤ ਸੁਣਨੀਆਂ ਪੈਣਗੀਆਂ। ਉਨ੍ਹਾਂ ਦੀਆਂ ਕਵਿਤਾਵਾਂ ਤਾਂ ਮੈਂ ਮਰਨ ਤੋਂ ਬਾਦ ਵੀ ਸੁਣ ਲੈਂਦਾ ਪਰ ਅਫ਼ਸੋਸ ਸੀ ਕਿ ਮੇਰੀ ਕਬਰ ਦੇ ਖੱਬੇ ਪਾਸੇ ਡਾ. ਜ਼ਾਫ਼ਰ ਅਲੀ ਹੈਦਰੀ ਜੋ ਹਿੰਦੀ ਦੇ ਬੜੇ ਆਲੋਚਕ ਤੇ ਪ੍ਰਗਤੀਸ਼ੀਲ ਸਪਤਾਹਿਕ ਦੇ ਸੰਪਾਦਕ ਸਨ। ਉਹ ਜਦੋਂ ਤਕ ਪਤ੍ਰਿਕਾ ਦੇ ਸੰਪਾਦਕ ਰਹੇ, ਜ਼ਖ਼ਮੀ ਸਾਹਬ ਦੀਆਂ ਰਚਨਾਵਾਂ 'ਧੰਨਵਾਦ ਸਹਿਤ' ਵਾਪਸ ਭੇਜਦੇ ਰਹੇ। ਮੈਨੂੰ ਕੀ ਪਤਾ ਸੀ ਕਿ ਮਰਨ ਤੋਂ ਬਾਦ ਮੈਂ ਦੋ ਉਘੇ ਸਾਹਿਤਕਾਰਾਂ ਵਿੱਚਕਾਰ ਫ਼ਸ ਜਾਵਾਂਗਾ ਜਿਹੜੇ ਮੇਰੀ ਰਾਤਾਂ ਦੀ ਨੀਂਦ ਹਰਾਮ ਕਰਨਗੇ।

ਇਸ ਤੋਂ ਇਲਾਵਾ ਮੈਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ ਸੀ ਕਿ ਮੇਰੀ ਕਬਰ 'ਤੇ 'ਫ਼ਾਤਿਹਾ' ਪੜ੍ਹਨ ਵਾਲੇ ਸਾਹਿਤਕਾਰ ਪੂਰੇ ਸ਼ਹਿਰ 'ਚ ਇਹ ਕਹਿੰਦੇ ਫ਼ਿਰਨ ਕਿ ਦੋ ਮੰਨੇ ਪ੍ਰਮੰਨੇ ਵਿਦਵਾਨਾਂ ਵਿੱਚਕਾਰ ਇਹ ਬੇਵਕੂਫ਼ ਮਾਸਟਰ ਕਿਧਰੋਂ ਘੁਸੜ ਗਿਆ। ਕਬਰ ਖੁਦਾਈ ਸਮੇਂ ਉਥੋਂ ਛੋਟਾ ਜਿਹਾ ਹੱਡੀ ਦਾ ਟੁਕੜਾ ਮਿਲਿਆ। ਮੌਲਾਨਾ ਸਾਹਬ ਬੋਲੇ, 'ਬੰਦ ਕਰੋ। ਲੱਗਦਾ ਹੈ ਇਥੇ ਪਹਿਲਾਂ ਹੀ ਕਿਸੇ ਦੀ ਕਬਰ ਹੈ।' ਖੁਦਾ ਨੇ ਮੇਰੀ ਸੁਣ ਲਈ ਤੇ ਮੈਨੂੰ ਸਾਹਿਤਕ ਗੋਸ਼ਟੀਆਂ ਤੋਂ ਬਚਾ ਲਿਆ। ਲੋਕਾਂ ਕੋਈ ਦੂਜੀ ਜਗ੍ਹਾ ਲੱਭ ਕੇ ਕਬਰ ਪੁਟੀ। ਲੋਕ ਜਨਾਜ਼ੇ ਦੀ ਨਮਾਜ਼ ਲਈ ਕਤਾਰ 'ਚ ਖੜ੍ਹੇ ਹੋ ਗਏ। ਜਲਦੀ ਜਲਦੀ ਨਮਾਜ਼ ਪੜ੍ਹੀ ਗਈ ਤੇ ਮੈਨੂੰ ਕਬਰ 'ਚ ਉਤਾਰਿਆ ਜਾਣ ਲੱਗਾ। ਲੋਕ ਇੰਨੇ ਥੱਕ ਗਏ ਸਨ ਕਿ ਉਨ੍ਹਾਂ ਹੱਥੋਂ ਮੇਰਾ ਮੁਰਦਾ ਹੀ ਛੁੱਟ ਗਿਆ ਤੇ ਮੈਨੂੰ ਤਿੰਨ ਫ਼ੁੱਟ ਉਪਰੋਂ ਕਬਰ ਵਿੱਚ ਅਮੋਨੀਅਮ ਸਲਫ਼ੇਟ ਦੇ ਬੋਰੇ ਵਾਂਗ ਸੁੱਟ ਦਿੱਤਾ ਗਿਆ। ਮੌਲਾਨਾ ਬੜੇ ਨਾਰਾਜ਼ ਹੋਏ ਕਹਿਣ ਲੱਗੇ, 'ਇਸਲਾਮ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੇ ਮੁਰਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਏ। ਖੁਦਾ ਸਾਨੂੰ ਸਭ ਨੂੰ ਮੁਆਫ਼ ਕਰੇ।' ਕਫ਼ਨ ਖੋਲ੍ਹ ਕੇ ਮੇਰਾ ਮੂੰਹ ਬਾਹਰ ਕੱਢਿਆ ਗਿਆ। ਮੌਲਾਨਾ ਨੇ ਐਲਾਨ ਕੀਤਾ ਕਿ ਜੋ ਮੇਰਾ ਮੂੰਹ ਆਖਰੀ ਵਾਰੀ ਦੇਖਣਾ ਚਾਹੁੰਦਾ ਹੈ, ਉਹ ਕਬਰ ਦੇ ਨੇੜੇ ਆ ਜਾਏ। ਕੋਈ ਨਹੀਂ ਆਇਆ ਇੱਕ ਬੱਚਾ ਜਿਸ ਨੂੰ ਮੈਂ ਅੰਗਰੇਜ਼ੀ 'ਚੋਂ ਫ਼ੇਲ ਕਰ ਦਿੱਤਾ ਸੀ ਦੌੜਦਾ ਹੋਇਆ ਆਇਆ ਤੇ ਮੈਨੂੰ ਦੇਖ ਕੇ ਖ਼ੂਬ ਰੋਇਆ। ਆਪਣੀਆਂ ਨਿੱਕੀਆਂ ਨਿੱਕੀਆਂ ਹਥੇਲੀਆਂ ਨਾਲ ਹੰਝੂ ਪੂੰਝਦਾ ਰਿਹਾ ਅਤੇ ਫ਼ਿਰ ਮੇਰੀ ਕਬਰ 'ਤੇ ਮਿੱਟੀ ਪਾ ਦਿੱਤੀ ਗਈ। ਇੱਕ ਰੋਜ਼ਾਨਾ ਅਖਬਾਰ 'ਚ ਮੇਰੀ ਮੌਤ ਦੀ ਖਬਰ ਕੁਝ ਇਸ ਤਰ੍ਹਾਂ ਛਪੀ। ਪਿਛਲੇ ਐਤਵਾਰ ਦਿਲ ਦੀ ਧੜਕਣ ਬੰਦ ਹੋ ਜਾਣ ਕਾਰਨ ਸ੍ਰੀ ਲਤੀਫ਼ ਘੋਂਗੀ ਦਾ ਦੇਹਾਂਤ ਹੋ ਗਿਆ। ਉਹ ਇੰਨੇ ਹਰਮਨ ਪਿਆਰੇ ਸਨ ਕਿ ਜਿਨ੍ਹਾਂ ਕੁੜੀਆਂ ਨੂੰ ਉਹ ਟਿਊਸ਼ਨ ਪੜ੍ਹਾਉਂਦੇ ਸਨ ਉਨ੍ਹਾਂ ਨੇ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਵੱਡੀ ਗਿਣਤੀ 'ਚ ਵਿਦਿਆਰਥੀ ਉਨ੍ਹਾਂ ਦੀ ਅਰਥੀ ਨਾਲ ਗਏ। ਉਹ ਆਪਣੇ ਪਿਛੇ ਪੰਜ ਰੁਪਏ ਪ੍ਰਾਵੀਡੈਂਟ ਫ਼ੰਡ ਅਤੇ ਇੱਕ ਖ਼ੂਬਸੂਰਤ ਬੀਵੀ ਛੱਡ ਗਏ ਹਨ।

## ਪਾਣੀ ਦਾ ਸੋਕਾ ਵੀ ਮਾੜਾ ਤੇ ਡੋਬਾ ਵੀ ਮਾੜਾ

ਗੁਰਦੇਵ ਸਿੰਘ ਜੌਹਲ



ਪਿੰਡ ਸਾਡੇ ਪਰਿਵਾਰ ਨਾਲ ਇਕ ਕਹਾਣੀ ਜੁੜੀ ਹੋਈ ਸੁਣਦੇ ਆਏ ਹਾਂ। ਸਾਡੇ ਪੜਦਾਦੇ ਦੀ ਇਕ ਕੁੜੀ ਦਾ ਰਿਸ਼ਤਾ ਕਿਸੇ ਪਿੰਡ ਹੋਇਆ ਸੀ। ਵਿਆਹ ਤੋਂ ਪਹਿਲਾਂ ਮੁੰਡੇ ਵਾਲਿਆਂ ਦਾ ਲਾਗੀ ਪੁੱਛਣ ਆਇਆ ਕਿ ਬਰਾਤ 'ਚ ਕਿੰਨੇ ਕੁ ਬੰਦੇ ਆਉਣ ਤਾਂ ਸਾਡੇ ਬਜ਼ੁਰਗ ਨੇ ਸਰ੍ਹੋਂ ਦੇ ਬੀਜਾਂ ਦੀ ਮੁੱਠ ਭਰ ਕੇ ਦੇ ਦਿੱਤੀ। ਵਿਆਹ ਵੇਲੇ ਸੱਚੀਂ ਬਰਾਤ ਬਹੁਤ ਆ ਗਈ। ਗਰਮੀਆਂ ਦੇ ਦਿਨ ਸਨ। ਸ਼ਾਮ ਦਾ ਵੇਲਾ ਸੀ। ਬਰਾਤ ਨੂੰ ਠੰਢਾ-ਮਿੱਠਾ ਪਾਣੀ ਪਿਆਉਣਾ ਸੀ। ਕਹਿੰਦੇ ਨੇ ਕਿ ਸਾਡੇ ਬਜ਼ੁਰਗਾਂ ਨੇ ਪਾਣੀ ਨੂੰ ਮਿੱਠਾ ਕਰਨ ਲਈ ਖੂਹ 'ਚ ਖੰਡ ਦੀਆਂ ਬੋਰੀਆਂ ਸੁੱਟ ਦਿੱਤੀਆਂ। ਉਸ ਦਿਨ ਤੋਂ ਸਾਡੇ ਟੱਬਰ ਦਾ ਨਾਂਅ 'ਮਿੱਠੇ ਕਿਆਂ ਦਾ' ਟੱਬਰ ਪੈ ਗਿਆ।

ਸਾਡੇ ਘਰ ਕੋਈ ਪਾਣੀ ਦਾ ਨਲਕਾ ਨਹੀਂ ਸੀ। ਜੁਆਲਾ ਝਿਊਰ ਪਾਣੀ ਦੇ ਦੋ ਘੜੇ ਸਵੇਰੇ ਤੇ ਇਕ ਘੜਾ ਤਿਰਕਾਲ਼ਾਂ ਨੂੰ ਦੇ ਜਾਂਦਾ ਸੀ। ਪਤਾ ਨਹੀਂ ਏਨੇ ਪਾਣੀ ਨਾਲ ਸਾਰੇ ਟੱਬਰ ਦਾ ਕਿਵੇਂ ਸਰਦਾ ਸੀ। ਗਰਮੀਆਂ ਵਿਚ ਤਾਂ ਹੋਰ ਵੀ ਪ੍ਰਬੰਧ ਕਰਨਾ ਪੈਂਦਾ ਸੀ। ਸਾਡੇ ਬਿਲਕੁਲ ਗੁਆਂਢ ਲੰਬੜਾਂ ਦਾ ਘਰ ਹੁੰਦਾ ਸੀ। ਉਨ੍ਹਾਂ ਦੇ ਨਲਕਾ ਲੱਗਾ ਹੋਇਆ ਸੀ, ਪਰ ਸੀ ਗੁਸਲਖਾਨੇ ਵਿਚ। ਜਦੋਂ ਕੋਈ ਨਹਾ ਰਿਹਾ ਹੁੰਦਾ ਤਾਂ ਪਾਣੀ ਲੈਣਾ ਮੁਸ਼ਕਿਲ ਹੋ ਜਾਂਦਾ। ਜੇਕਰ ਉਨ੍ਹਾਂ ਦੇ ਘਰ ਦਾ ਮੁੱਖ ਦਰਵਾਜ਼ਾ ਖੁੱਲ੍ਹਾ ਹੋਵੇ ਤਾਂ ਜਾ ਕੇ ਨਲਕਾ ਗੇੜ ਕੇ ਪਾਣੀ ਭਰ ਲਈਦਾ ਸੀ। ਸਾਡੇ ਹੋਰ ਆਂਢੀ-ਗੁਆਂਢੀ ਵੀ ਉਥੋਂ ਪਾਣੀ ਲੈਂਦੇ ਸਨ। ਪਰ ਕਈ ਵਾਰ ਉਹ ਦਰਵਾਜ਼ਾ ਬੰਦ ਕਰ ਲੈਂਦੇ ਤੇ ਕੁੰਡਾ ਖੜਕਾਉਣ 'ਤੇ ਵੀ ਨਾ ਖੋਲ੍ਹਦੇ। ਫਿਰ ਪਾਣੀ ਲੈਣ ਲਈ ਮੁਸ਼ਕਿਲ ਆਉਂਦੀ। ਕਈ ਵਾਰ ਕਹਿ ਦੇਣਾ ਕਿ ਲੰਬੜਦਾਰ ਸੌਂ ਰਿਹਾ ਹੈ, ਠਹਿਰ ਕੇ ਲੈ ਜਾਇਓ। ਸੋ, ਅਸੀਂ ਸਾਰੇ ਲੰਬੜਦਾਰਨੀ ਦੇ ਰਹਿਮ 'ਤੇ ਹੁੰਦੇ। ਰਿਸ਼ਤੇ ਵਜੋਂ ਪੇਕਿਆਂ ਵੱਲੋਂ ਤਾਂ ਉਹ ਮੇਰੀ ਭੈਣ ਲਗਦੀ ਸੀ। ਸਾਡੇ ਬਾਪੂ ਦੇ ਮਾਮੇ ਦੀ ਪੋਤੀ। ਪਰ ਸ਼ਰੀਕੇ 'ਚੋਂ ਸਾਡੀ ਦਾਦੀ ਲਗਦੀ ਸੀ। ਕਈ ਵਾਰੀ ਜਦੋਂ ਨੂੰਹ-ਸੱਸ ਦੀ ਖੜਕੀ ਹੁੰਦੀ, ਉਦੋਂ ਵੀ ਮੁੱਖ ਦਰਵਾਜ਼ਾ ਬੰਦ ਹੁੰਦਾ। ਓਦਾਂ ਤਾਂ ਸੱਸ ਜਦੋਂ ਸੁਰਾਂ 'ਤੇ ਹੁੰਦੀ ਤਾਂ ਸਾਰਾ ਦਿਨ ਦਰਵਾਜ਼ਾ ਖੁੱਲ੍ਹਾ ਰੱਖਦੀ।

ਦੂਜਾ ਘਰ ਜਿਸ 'ਚ ਨਲਕਾ ਲੱਗਾ ਹੋਇਆ ਸੀ, ਉਹ ਸੀ ਭਾਈ ਕਾਬਲ ਸਿੰਘ ਦਾ ਘਰ। ਗਲੀ ਦੇ ਸ਼ੁਰੂ 'ਚ ਹੀ। ਨੀਲੀ ਪੱਗ ਵਾਲਾ ਭਾਈ ਪੱਕਾ ਅਕਾਲੀ ਸੀ। ਉਸ ਦੀਆਂ ਦੋ ਤੀਵੀਆਂ ਸਨ। ਵੱਡੀ ਬਿਸ਼ਨੋ ਤੇ ਛੋਟੀ ਕਰਤਾਰ ਕੌਰ। ਸੌਂਕਣਾਂ। ਬਿਸ਼ਨੋ ਦੇ ਬੱਚਾ ਨਹੀਂ ਸੀ। ਕਰਤਾਰ ਕੌਰ ਮਾਲਵੇ ਤੋਂ ਸੀ, ਉਹਦੇ ਇਕ ਮੁੰਡਾ ਸੀ। ਸੌਂਕਣਾਂ ਦੀ ਲੜਾਈ, ਤੌਬਾ-ਤੌਬਾ। ਪਤਾ ਨਹੀਂ ਉਨ੍ਹੀਂ ਕੀ ਵੰਡਣਾ ਹੁੰਦਾ ਸੀ। ਬਹੁਤੀ ਵਾਰੀ ਤਾਂ ਉਨ੍ਹਾਂ ਦਾ ਬਾਹਰਲਾ ਬੂਹਾ ਬਾਹਰੋਂ ਹੀ ਖੋਲ੍ਹ ਲਈਦਾ ਸੀ। ਅੰਦਰ ਮੱਝਾਂ ਬੱਝੀਆਂ ਹੁੰਦੀਆਂ ਸਨ। ਕੁੱਕੜੀਆਂ ਵੀ ਅੰਦਰ ਚੁਗਦੀਆਂ ਫਿਰਦੀਆਂ ਹੁੰਦੀਆਂ। ਪਾਣੀ ਲੈਣ ਵਾਲਿਆਂ 'ਚੋਂ ਕੋਈ ਨਾ ਕੋਈ ਬਾਹਰਲਾ ਦਰਵਾਜ਼ਾ ਖੁੱਲ੍ਹਾ ਛੱਡ ਜਾਂਦਾ। ਮੁਰਗੀਆਂ ਬਾਹਰ ਨਿਕਲ ਜਾਂਦੀਆਂ। ਛੋਟੀ ਬੀਬੀ ਨੂੰ ਚੜ੍ਹ ਜਾਂਦਾ ਗੁੱਸਾ ਤੇ ਦਰਵਾਜ਼ਾ ਅੰਦਰੋਂ ਬੰਦ ਕਰ ਦਿੰਦੀ। ਓਦਾਂ ਤਾਂ ਉਹ ਦੁੱਧ ਤੇ ਆਂਡੇ ਵੀ ਵੇਚਦੀ ਸੀ। ਗਾਹਕ ਵੀ ਆਉਂਦੇ-ਜਾਂਦੇ ਰਹਿੰਦੇ। ਭਾਈ ਜੀ ਉਨ੍ਹਾਂ ਦੀ ਲੜਾਈ 'ਚ ਬਹੁਤਾ ਦਖ਼ਲ ਨਾ ਦਿੰਦੇ। ਅਖੀਰ ਥੱਕ-ਟੁੱਟ ਕੇ ਆਪੇ ਹੀ ਚੁੱਪ ਕਰ ਜਾਂਦੀਆਂ।

ਸਾਡੀ ਬੀਹੀ ਦੇ ਸਾਹਮਣੇ ਵਾਲੀ ਬੀਹੀ ਨੂੰ 'ਪੁਰਾਣੇ ਕਿਆਂ ਦੀ' ਬੀਹੀ ਕਹਿੰਦੇ ਸੀ। ਉਥੇ ਵੀ ਇਕ ਨਲਕਾ ਲੱਗਾ ਹੋਇਆ ਸੀ। ਮੈਂ ਤੇ ਮੇਰੀ ਭੈਣ ਨੇ ਉਥੋਂ ਵੀ ਹਨੇਰੇ ਸਵੇਰੇ ਪਾਣੀ ਦੀਆਂ ਬਾਲਟੀਆਂ ਲਿਆਉਣੀਆਂ, ਜਿਸ ਵਿਹੜੇ 'ਚ ਨਲਕਾ ਲੱਗਾ ਸੀ, ਉਹਦਾ ਦਰਵਾਜ਼ਾ ਤਾਂ ਹਰ ਵੇਲੇ ਖੁੱਲ੍ਹਾ ਹੀ ਰਹਿੰਦਾ ਸੀ। ਜਦੋਂ ਮਰਜ਼ੀ ਪਾਣੀ ਲੈ ਲਓ। ਮੁਸ਼ਕਿਲ ਸਿਰਫ਼ ਇਹ ਸੀ ਕਿ ਉਹ ਸਾਡੇ ਘਰੋਂ ਦੂਰ ਪੈਂਦਾ ਸੀ। ਰਾਹ 'ਚ ਪਾਣੀ ਦੀ ਭਰੀ ਬਾਲਟੀ ਰੱਖ ਕੇ ਸਾਹ ਲੈਣਾ ਪੈਂਦਾ ਸੀ। ਮੈਂ ਵੀ ਅਜੇ ਛੋਟਾ ਜਿਹਾ ਸੀ। ਮੇਰੀ ਭੈਣ ਮੈਥੋਂ ਵੱਡੀ ਸੀ। ਉਸ ਵਿਹੜੇ 'ਚ ਇਕ ਚਕੂੰਦਰ (ਘੀਸ) ਵੀ ਫਿਰਦੀ ਹੁੰਦੀ ਸੀ, ਜਿਸ ਤੋਂ ਮੈਨੂੰ ਬਹੁਤ ਡਰ ਲਗਦਾ ਸੀ। ਜਾਂ ਫਿਰ ਉਸ ਗਲੀ 'ਚ ਇਕ ਸ਼ਰਾਬੀ ਵੀ ਰਹਿੰਦਾ ਸੀ, ਜਿਹੜਾ ਸ਼ਾਮ ਵੇਲੇ ਅਵਾ-ਤਵਾ ਬੋਲਦਾ ਵੀ ਸੁਣਦਾ ਸੀ।

ਚੌਥਾ ਘਰ ਜਿਥੋਂ ਅਸੀਂ ਪਾਣੀ ਲੈਂਦੇ ਸਾਂ ਜਾਂ ਲੋੜ ਵੇਲੇ ਲੈ ਸਕਦੇ ਸਾਂ, ਉਹ ਸਰਦਾਰ ਮਿਲਖਾ ਸਿੰਘ ਦਾ ਘਰ ਸੀ। ਉਨ੍ਹਾਂ ਦੇ ਘਰ ਪਾਣੀ ਦੀ ਖੂਹੀ ਸੀ। ਉਹ ਪਰਿਵਾਰ ਤਾਂ ਮਕਾਨ ਦੇ ਉਪਰਲੇ ਹਿੱਸੇ 'ਚ ਰਹਿੰਦਾ ਸੀ। ਪੂਰਨ ਝਿਊਰ ਜਾਂ ਉਹਦੀਆਂ ਕੁੜੀਆਂ ਉਸ ਖੂਹੀ ਤੋਂ ਡੋਲ ਰਾਹੀਂ ਪਾਣੀ ਕੱਢ ਕੇ ਉਨ੍ਹਾਂ ਦਾ ਦਿਨ ਭਰ ਦਾ ਪਾਣੀ ਭਰ ਜਾਂਦੀਆਂ। ਜੇ ਵੇਲੇ-ਕੁਵੇਲੇ ਸਾਨੂੰ ਪਾਣੀ ਦੀ ਲੋੜ ਹੁੰਦੀ ਤਾਂ ਅਸੀਂ ਵੀ ਖੂਹੀ ਤੋਂ ਪਾਣੀ ਭਰ ਲੈਂਦੇ। ਉਨ੍ਹਾਂ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਘਰ ਦੇ ਵਿਹੜੇ ਦੇ ਦੋ ਦਰਵਾਜ਼ੇ ਸਨ। ਇਕ ਸਾਡੀ ਬੀਹੀ 'ਚ ਖੁੱਲ੍ਹਦਾ ਸੀ ਤੇ ਦੂਜਾ ਸੜਕ ਵੱਲ। ਮਿਲਖਾ ਸਿੰਘ ਘਰਾਂ 'ਚੋਂ ਮੇਰਾ ਬਾਬਾ ਲਗਦਾ ਸੀ ਜਾਂ ਫਿਰ ਜਦੋਂ ਸਾਰੇ ਦਰਵਾਜ਼ੇ ਬੰਦ ਹੁੰਦੇ ਤਾਂ ਖਾਰੇ ਖੂਹ ਤੋਂ ਜਾਂ ਉੱਚੀ ਧਰਮਸ਼ਾਲਾ ਦੇ ਖੂਹ ਤੋਂ ਪਾਣੀ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ। ਸਵੇਰ ਵੇਲੇ ਤਾਂ ਖਾਰੇ ਖੂਹ ਤੋਂ ਜੁਆਲਾ ਅਤੇ ਝੰਡਿਆਂ ਵਾਲੇ ਚੌਕ ਤੋਂ ਸੇਮ ਤੇ ਸੋਹਣ ਪਾਣੀ ਭਰਦੇ ਤੇ ਲੋਕਾਂ ਦੇ ਘਰੀਂ ਦੇ ਆਉਂਦੇ।

ਕਿਉਂਕਿ ਮਕਾਨਾਂ ਦੀ, ਵੰਡ ਵੰਡਾਈ 'ਚ ਮੇਰੇ ਬਾਪ ਦੇ ਹਿੱਸੇ ਉੱਪਰ ਵਾਲਾ ਚੁਬਾਰਾ ਆਇਆ ਸੀ ਤੇ ਨਲਕਾ ਲਾਉਣ ਦੀ ਥਾਂ ਨਹੀਂ ਸੀ। ਜਦ ਅਸੀਂ ਨਾਲ ਵਾਲਾ ਘਰ ਮੁੱਲ ਲੈ ਲਿਆ ਤਾਂ ਫਿਰ ਉਸ ਦੀ ਡਿਉੜੀ 'ਚ ਨਲਕਾ ਲਾਇਆ। ਮੇਰੇ ਇੰਗਲੈਂਡ ਰਹਿੰਦੇ ਭਰਾ ਨੇ 1965 'ਚ ਆਉਣਾ ਸੀ। ਉਸ ਨੇ ਪਹਿਲਾਂ ਹੀ ਪੈਸੇ ਭੇਜ ਦਿੱਤੇ ਕਿ ਮੇਰੇ ਆਉਂਦੇ ਨੂੰ ਨਲਕਾ ਲੱਗਾ ਹੋਵੇ। ਇਕ ਵੱਡੇ ਸਾਰੇ ਲੋਹੇ ਦੇ ਟੱਬ ਦਾ ਵੀ ਪ੍ਰਬੰਧ ਕਰਿਓ। ਦਿਨ ਵੇਲੇ ਮੇਰੀ ਮਾਂ ਡਿਉੜੀ ਦਾ ਦਰਵਾਜ਼ਾ ਖੁੱਲ੍ਹਾ ਰੱਖਦੀ। ਉਸ ਨੇ ਕਹਿਣਾ ਕਿ ਅਸੀਂ ਪਾਣੀ ਲਈ ਦਰ-ਦਰ ਘੁੰਮੇ। ਸਾਨੂੰ ਉਹ ਦਿਨ ਭੁੱਲਣੇ ਨਹੀਂ ਚਾਹੀਦੇ। ਜਦੋਂ ਕੋਈ ਮਰਜ਼ੀ ਆਂਢੀ-ਗੁਆਂਢੀ ਪਾਣੀ ਲੈ ਲਵੇ। ਮਾਂ ਨੇ ਕਹਿਣਾ, 'ਬੜੀ ਤੰਗੀ ਦੇਖੀ ਪਾਣੀ ਦੀ, ਪਾਣੀ ਨੂੰ ਕਿਸੇ ਨੂੰ ਨਾਂਹ ਨਾ ਕਰਿਓ। ਲੋਕੀਂ ਤਾਂ ਰਾਹਾਂ 'ਚ, ਸਕੂਲਾਂ 'ਚ, ਸਿਵਿਆਂ 'ਚ ਨਲਕੇ ਲੁਆਉਂਦੇ ਹਨ। ਪਾਣੀ ਦੇ ਪੁੰਨ ਵਰਗਾ ਕੋਈ ਪੁੰਨ ਨਹੀਂ। ਅਸੀਂ ਸਿਰਫ਼ ਰਾਤ ਨੂੰ ਹੀ ਡਿਉੜੀ ਦਾ ਦਰਵਾਜ਼ਾ ਬੰਦ ਕਰਦੇ। ਫਿਰ ਤਾਂ ਹੌਲੀ-ਹੌਲੀ ਇਕ ਅੱਧਾ ਘਰ ਛੱਡ ਕੇ ਸਾਰਿਆਂ ਦੇ ਘਰੀਂ ਨਲਕੇ ਲੱਗ ਗਏ। ਜਦੋਂ ਸ਼ਹਿਰ ਰਹਿਣ ਲੱਗੇ ਤਾਂ ਗਰਮੀਆਂ ਨੂੰ ਪਾਣੀ ਦੀ ਬਹੁਤ ਸਮੱਸਿਆ ਆਉਂਦੀ। ਲੋਕਾਂ ਨੇ ਸਿੱਧੀਆਂ ਮੋਟਰਾਂ ਚਲਾ ਲੈਣੀਆਂ, ਪਾਣੀ ਦਾ ਦਬਾਅ ਘੱਟ ਜਾਣਾ। ਪਾਣੀ ਨੂੰ ਸੰਜਮ ਨਾਲ ਵਰਤਣਾ। ਪਾਣੀ ਦੀ ਮਹੱਤਤਾ ਦਾ ਪਤਾ ਲੱਗਾ, ਕਿਉਂਕਿ ਪਾਣੀ ਮੁਫ਼ਤ ਨਹੀਂ, ਮੁੱਲ ਮਿਲਦਾ ਸੀ। ਪਾਣੀ ਦਾ ਸੋਕਾ ਵੀ ਮਾੜਾ ਤੇ ਡੋਬਾ ਵੀ ਮਾੜਾ।

## ਵਿਅੰਗ: ਸੈਂਸਰ ਲੱਗਿਆ ਚਾਬੀਆਂ ਦਾ ਛੱਲਾ

ਰਮੇਸ਼ ਕੁਮਾਰ ਸ਼ਰਮਾ



"ਮਖਿਆ ਜੀ, ਸੁਣਦੇ ਨਹੀਂ," ਪਤਨੀ ਨੇ ਪਤੀ ਨੂੰ ਕਿਹਾ। "ਭਾਗਵਾਨ, ਕੁਝ ਬੋਲੇਂਗੀ ਤਾਂ ਫਿਰ ਹੀ ਸੁਣਾਂਗਾ।" "ਮੈਨੂੰ ਲੱਗਦਾ ਹੈ ਜਾਂ ਤਾਂ ਇਨਸਾਨ ਦੇ ਬੁੱਢਾ ਹੋਣ 'ਤੇ ਉਸ ਦੀ ਯਾਦ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ, ਜੋ ਇੱਕ ਕੁਦਰਤੀ ਵਰਤਾਰਾ ਹੈ ਜਾਂ ਫਿਰ ਨਸ਼ੇੜੀ ਆਦਮੀ ਭੁਲੱਕੜ ਹੋ ਸਕਦਾ ਹੈ। ਨਾ ਤਾਂ ਤੁਸੀਂ ਅਜੇ ਇੰਨੇ ਬਜ਼ੁਰਗ ਹੋਏ ਹੋ ਅਤੇ ਨਾ ਹੀ ਨਸ਼ੇੜੀ ਹੋ, ਫਿਰ ਪਤਾ ਨਹੀਂ ਕਿਉਂ ਹਰ ਰੋਜ਼ ਆਪਣੇ ਸਕੂਟਰ ਦੀਆਂ ਚਾਬੀਆਂ ਰੱਖ ਕੇ ਭੁੱਲ ਜਾਂਦੇ ਹੋ ? ਕੋਈ ਇੱਕ ਦਿਨ ਦੀ ਗੱਲ ਹੋਵੇ ਤਾਂ ਸਮਝ ਆਉਂਦੀ ਹੈ," ਪਤਨੀ ਨੇ ਕਿਹਾ। "ਅਰੇ ਓ ਬੀਵੀ, ਤੁਸੀਂ ਤਾਂ ਐਵੇਂ ਰਾਈ ਦਾ ਪਹਾੜ ਬਣਾ ਦਿੰਦੇ ਹੋ। ਇਕੱਲਾ ਮੈਂ ਹੀ ਨਹੀਂ ਹਾਂ ਜਿਸ ਨਾਲ ਇਸ ਤਰ੍ਹਾਂ ਹੁੰਦਾ ਹੋਵੇਗਾ। ਮੇਰੇ ਵਰਗੇ ਹੋਰ ਵੀ ਬਹੁਤ ਹੋਣਗੇ।" "ਮੈਂ ਹੋਰਾਂ ਤੋਂ ਕੀ ਲੈਣਾ ਹੈ, ਮੈਨੂੰ ਤਾਂ ਸਿਰਫ਼ ਤੁਹਾਡੇ ਨਾਲ ਮਤਲਬ ਹੈ। ਮੈਨੂੰ ਤਾਂ ਕਈ ਵਾਰ ਇਸ ਤਰ੍ਹਾਂ ਭਾਸਦਾ ਹੈ ਕਿ ਤੁਹਾਡੇ ਬਚਪਨ 'ਚ ਸਿਰ ਵਿੱਚ ਕੋਈ ਜ਼ਰੂਰ ਕੋਈ ਸੱਟ ਲੱਗੀ ਹੋਵੇਗੀ ਜਿਸ ਕਾਰਨ ਯਾਦਦਾਸ਼ਤ ਇਸ ਤਰ੍ਹਾਂ ਦੀ ਹੈ।" ਅਸਲ 'ਚ ਪਤਨੀ ਮੇਰਾ ਬਹੁਤ ਫ਼ਿਕਰ ਕਰਦੀ ਸੀ। ਉਹ ਕਈ ਵਾਰ ਬੱਚਿਆਂ ਨਾਲ ਸਲਾਹ ਕਰਦੀ ਕਿ ਕਿਉਂ ਨਾ ਤੁਹਾਡੇ ਪਾਪਾ ਨੂੰ ਕਿਸੇ ਮਨੋਵਿਗਿਆਨੀ ਕੋਲੋਂ ਚੈੱਕ ਕਰਵਾ ਲਿਆ ਜਾਵੇ, ਪਰ ਬੱਚੇ ਬੜੇ ਸਿਆਣੇ ਹੁੰਦੇ ਹਨ। ਉਨ੍ਹਾਂ ਕਿਹਾ, "ਮੰਮੀ, ਤੁਸੀਂ ਐਵੇਂ ਫ਼ਿਕਰ ਕਰ ਰਹੇ ਹੋ। ਇੰਨੀ ਵੱਡੀ ਗੱਲ ਨਹੀਂ ਜਿੰਨੀ ਤੁਸੀਂ ਸੋਚਦੇ ਹੋ। ਪਾਪਾ ਨੂੰ ਕੋਈ ਦਫ਼ਤਰੀ ਬੋਝ ਜਾਂ ਤਣਾਅ ਵੀ ਹੋ ਸਕਦਾ ਹੈ।"

ਪਰ ਪਤਨੀ ਦੀ ਸੰਤੁਸ਼ਟੀ ਨਾ ਹੋਈ। ਉਸ ਨੇ ਇਸ ਵਿਸ਼ੇ 'ਚ ਆਪਣੀਆਂ ਸਹੇਲੀਆਂ ਤੋਂ ਸਲਾਹ ਲੈਣੀ ਵੀ ਮੁਨਾਸਬ ਸਮਝੀ। ਜ਼ਿਆਦਾਤਰ ਔਰਤਾਂ ਦੀ ਮੱਤ ਇੱਕੋ ਜਿਹੀ ਹੁੰਦੀ ਹੈ। ਇੱਕ ਨੇ ਕਿਹਾ, "ਮੈਨੂੰ ਤੁਹਾਡੀ ਭਰਾ ਜੀ ਨੂੰ ਡਾਕਟਰ ਨੂੰ ਦਿਖਾਉਣ ਵਾਲੀ ਸਲਾਹ ਉੱਚਿਤ ਲੱਗਦੀ ਹੈ।" "ਮੈਨੂੰ ਲੱਗਦਾ ਹੈ ਭਰਾ ਜੀ ਨੂੰ ਕਿਸੇ ਨੇ ਕੁਝ ਕਰਾਇਆ ਹੋਇਆ ਵੀ ਹੋ ਸਕਦਾ ਹੈ। ਆਪਾਂ ਨੂੰ ਇਸ ਪਾਸੇ ਵੀ ਥੋੜ੍ਹਾ ਵਿਚਾਰ ਕਰ ਲੈਣਾ ਚਾਹੀਦਾ ਹੈ।"

ਉਨ੍ਹਾਂ ਵਿੱਚੋਂ ਇੱਕ ਔਰਤ ਬਹੁਤ ਸਿਆਣੀ ਅਤੇ ਸੁਲਝੀ ਹੋਈ ਸੀ। ਉਸ ਨੇ ਕਿਹਾ, "ਐਵੇਂ ਨਾ ਊਲ-ਜਲੂਲ ਗੱਲਾਂ ਕਰੋ। ਜੇ ਸਮੱਸਿਆ ਸਿਰਫ਼ ਇੰਨੀ ਕੁ ਹੈ ਕਿ ਉਹ ਚਾਬੀਆਂ ਦਾ ਛੱਲਾ ਰੱਖ ਕੇ ਭੁੱਲ ਜਾਂਦੇ ਹਨ ਤਾਂ ਇਹ ਕੋਈ ਵੱਡਾ ਮਾਮਲਾ ਨਹੀਂ। ਇਸ ਦਾ ਬਹੁਤ ਹੀ ਆਸਾਨ ਹੱਲ ਹੈ। ਤੁਹਾਨੂੰ ਪਤਾ ਹੈ ਕਿ ਸਾਡਾ ਜਨਰਲ ਸਟੋਰ ਹੈ, ਮੈਂ ਆਪਣੇ ਪਤੀ ਨੂੰ ਕਹਿ ਕੇ ਉਨ੍ਹਾਂ ਲਈ ਇੱਕ ਸੈਂਸਰ ਲੱਗਿਆ ਚਾਬੀਆਂ ਦਾ ਛੱਲਾ ਮੰਗਵਾ ਦੇਵਾਂਗੀ। ਉਸ ਨੂੰ ਤੁਸੀਂ ਕਿਤੇ ਵੀ ਰੱਖ ਕੇ ਭੁੱਲ ਜਾਵੋ ਤਾਂ ਜ਼ਰਾ ਮੂੰਹ ਨਾਲ ਵਿਸਲ (ਸੀਟੀ) ਮਾਰ ਦੇਣਾ। ਛੱਲਾ 30-40 ਫੁੱਟ ਦੇ ਖੇਤਰ 'ਚ ਕਿਤੇ ਵੀ ਹੋਵੇਗਾ ਤਾਂ ਉੱਥੋਂ ਸੰਗੀਤ ਦੀ ਆਵਾਜ਼ ਆਉਣੀ ਸ਼ੁਰੂ ਹੋ ਜਾਵੇਗੀ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਛੱਲਾ ਕਿੱਥੇ ਹੈ।" ਅਗਲੇ ਦਿਨ ਮੇਰੇ ਲਈ ਚਾਬੀਆਂ ਦਾ ਖ਼ਾਸ ਛੱਲਾ ਆ ਗਿਆ।

ਹੁਣ ਤਾਂ ਮੌਜਾਂ ਲੱਗ ਗਈਆਂ। ਜੇ ਛੱਲਾ ਏਧਰ-ਓਧਰ ਹੋ ਜਾਂਦਾ ਤਾਂ ਮੇਰਾ ਬੇਟਾ ਸੀਟੀ ਮਾਰਦਾ ਅਤੇ ਛੱਲਾ ਲੱਭ ਜਾਂਦਾ। ਪਤਨੀ ਨੇ ਮਨ ਹੀ ਮਨ 'ਚ ਆਪਣੀ ਸਹੇਲੀ ਦਾ ਧੰਨਵਾਦ ਕੀਤਾ।

ਮੈਨੂੰ ਆਪ ਤਾਂ ਸੀਟੀ ਮਾਰਨੀ ਨਹੀਂ ਆਉਂਦੀ ਸੀ। ਚਾਬੀਆਂ ਦੇ ਛੱਲੇ ਕਾਰਨ ਸਾਰਾ ਟੱਬਰ ਸੀਟੀਆਂ ਮਾਰਨਾ ਸਿੱਖ ਗਿਆ। ਪਤਨੀ ਤਾਂ ਜੀਭ ਹੇਠਾਂ ਦੋ ਉਂਗਲਾਂ ਰੱਖ ਕੇ ਇੰਨੀ ਤੇਜ਼ ਅਤੇ ਕਰਾਰੀ ਸੀਟੀ ਮਾਰਿਆ ਕਰੇ ਕਿ ਕਈ ਵਾਰ ਤਾਂ ਰਾਹ ਜਾਂਦੇ ਰਾਹੀ ਰੁਕ ਰੁਕ ਕੇ ਦੇਖਣ ਲੱਗ ਜਾਂਦੇ ਸਨ। ਮੈਂ ਕਿਹਾ, "ਮੈਡਮ ਜੀ, ਤੁਹਾਡੀ ਸੀਟੀ ਸਭ ਤੋਂ ਤਿੱਖੀ ਅਤੇ ਤੇਜ਼ ਹੁੰਦੀ ਹੈ। ਕਿੱਥੋਂ ਸਿੱਖੀ ਹੈ ਤੁਸੀਂ ਇਹ ?" "ਅਭਿਆਸ, ਮੇਰੇ ਪ੍ਰਾਣਨਾਥ ਸਿਰਫ਼ ਦੋ ਦਿਨਾਂ ਦਾ ਅਭਿਆਸ।" ਕਈ ਵਾਰ ਉਹ ਕੋਠੇ 'ਤੇ ਹੁੰਦੀ, ਉੱਥੋਂ ਸੀਟੀ ਮਾਰਦੀ ਤੇ ਮੈਂ ਹੇਠਾਂ ਛੱਲਾ ਲੱਭ ਲੈਂਦਾ। ਗੱਲ ਕੀ ਅਸੀਂ ਸਾਰੇ ਛੱਲੇ ਨਾਲ ਲੁਕਣਮੀਟੀ ਖੇਡਦੇ ਰਹਿੰਦੇ। ਕੁਝ ਦਿਨ ਤਾਂ ਇਹ ਸਭ ਕੁਝ ਸੁਹਾਵਣਾ ਲੱਗਿਆ, ਪਰ ਹੱਦ ਤਾਂ ਉਸ ਦਿਨ ਹੋ ਗਈ ਜਦੋਂ ਦੋ ਅਜਨਬੀ ਆਦਮੀਆਂ ਨੇ ਮੇਰੇ ਤੋਂ ਹੀ ਪੁੱਛਿਆ, "ਭਾਈ ਸਾਹਿਬ, ਇੱਥੇ ਜਵਾਨ ਜਿਹੀ ਔਰਤ ਰਹਿੰਦੀ ਹੈ ਜੋ ਆਪ ਸੀਟੀਆਂ ਮਾਰ ਮਾਰ ਕੇ ਬੁਲਾਉਂਦੀ ਹੈ।" ਮੈਂ ਕਿਹਾ, "ਜੀ, ਮੈਨੂੰ ਨਹੀਂ ਪਤਾ। ਮੈਂ ਇਸ ਜਗ੍ਹਾ ਨਵਾਂ ਆਇਆ ਹਾਂ।" "ਚੰਗਾ ਬੰਦਾ ਹੈਂ ਯਾਰ, ਇਹੋ ਜਿਹੀ ਚੀਜ਼ ਦੀ ਬਿੜਕ ਰੱਖੀਦੀ ਹੈ।"


ਮੇਰੀ ਪਤਨੀ ਦੀ ਸੀਟੀਆਂ ਮਾਰਨ ਦੀ ਆਦਤ ਇੰਨੀ ਵਧ ਗਈ ਕਿ ਬੱਚਿਆਂ ਨੂੰ ਵੀ ਸੀਟੀਆਂ ਮਾਰ ਕੇ ਬੁਲਾਉਣ ਲੱਗ ਪਈ। ਫਿਰ ਸਾਹਮਣੇ ਵਾਲੀ ਲਾਈਨ ਤੋਂ ਕੁਝ ਸਟਾਫ ਮੈਂਬਰ ਵੀ ਆ ਗਏ ਅਤੇ ਉਨ੍ਹਾਂ ਨੇ ਕਿਹਾ, "ਸ਼ਰਮਾ ਜੀ, ਮੈਡਮ ਨੂੰ ਕੋਈ ਪ੍ਰੌਬਲਮ ਹੈ ? ਵੇਖੋ ਜੀ, ਸਭ ਤੋਂ ਪਹਿਲਾਂ ਗੁਆਂਢੀ ਹੀ ਕੰਮ ਆਉਂਦੇ ਹਨ। ਜੇ ਕਿਸੇ ਤਰ੍ਹਾਂ ਦੇ ਸਹਿਯੋਗ ਦੀ ਜ਼ਰੂਰਤ ਹੋਵੇ ਤਾਂ ਬਿਨਾਂ ਸੰਕੋਚ ਸਾਨੂੰ ਕਹਿ ਸਕਦੇ ਹੋ।" ਇੱਕ ਹੋਰ ਨੇ ਕਿਹਾ, "ਇੱਕ ਮਨੋਵਿਗਿਆਨੀ ਡਾਕਟਰ ਮੇਰਾ ਬੜਾ ਅੱਛਾ ਦੋਸਤ ਹੈ, ਜਦੋਂ ਹੁਕਮ ਕਰੋਗੇ ਚੱਲ ਪਵਾਂਗੇ।"

ਮੈਂ ਉਨ੍ਹਾਂ ਦੇ ਜਾਣ ਤੋਂ ਬਾਅਦ ਆਪਣਾ ਸਿਰ ਫੜ ਕੇ ਬੈਠ ਗਿਆ ਅਤੇ ਸੋਚਾਂ ਦੇ ਸਾਗਰ 'ਚ ਡੁੱਬ ਗਿਆ ਕਿ ਅੱਜਕੱਲ੍ਹ ਇਲੈਕਟ੍ਰੋਨਿਕ ਚੀਜ਼ਾਂ ਦੇ ਜੇ ਫ਼ਾਇਦੇ ਹਨ ਤਾਂ ਨਾਲ ਨਾਲ ਕੁਝ ਨੁਕਸਾਨ ਵੀ ਬਹੁਤ ਹਨ।

ਅਗਲੀ ਸਵੇਰ ਸਭ ਤੋਂ ਪਹਿਲਾਂ ਮੈਂ ਛੱਲੇ ਨੂੰ ਘਰ ਤੋਂ ਬਾਹਰ ਸੁੱਟਿਆ ਜੋ ਇਸ ਸਾਰੇ ਫਸਾਦ ਦੀ ਜੜ੍ਹ ਸੀ।

ਪੰਜਾਬ 'ਚ ਮਾਂਹ ਦੀ ਬਿਜਾਈ 4 ਹਜ਼ਾਰ ਹੈਕਟੇਅਰ 'ਚ ਕੀਤੀ ਜਾਂਦੀ ਹੈ। ਇਸ ਦੀ ਮੰਗ ਲਗਾਤਾਰ ਵਧ ਰਹੀ ਹੈ, ਇਸ ਲਈ ਇਹ ਰਕਬਾ ਵਧਾਏ ਜਾਣ ਦੀ ਲੋੜ ਹੈ...






# ਇੰਜ ਲਓ ਮਾਂਹ ਦੀ ਵਧੇਰੇ ਪੈਦਾਵਾਰ

• ਡਾ. ਅਮਰੀਕ ਸਿੰਘ

ਦਾਲਾਂ ਮਨੁੱਖੀ ਖ਼ੁਰਾਕ ਦਾ ਬਹੁਤ ਜ਼ਰੂਰੀ ਹਿੱਸਾ ਹਨ। ਪੰਜਾਬ 'ਚ ਆਮ ਤੌਰ 'ਤੇ ਕਿਸਾਨਾਂ ਵੱਲੋਂ ਕਣਕ-ਝੋਨੇ ਦਾ ਫ਼ਸਲੀ ਚੱਕਰ ਅਪਨਾਉਣ ਕਾਰਨ ਦਾਲਾਂ ਹੇਠ ਰਕਬਾ ਬਹੁਤ ਘਟ ਗਿਆ ਹੈ। ਵੱਸੋਂ ਵਿਚ ਲਗਾਤਾਰ ਵਾਧੇ ਅਤੇ ਦਾਲਾਂ ਦੀ ਪੈਦਾਵਾਰ 'ਚ ਆਈ ਖੜੋਤ ਕਾਰਨ ਪ੍ਰਤੀ ਵਿਅਕਤੀ ਦਾਲਾਂ ਦੀ ਖਪਤ 70 ਗ੍ਰਾਮ ਤੋਂ ਘਟ ਕੇ 27 ਗ੍ਰਾਮ ਰਹਿ ਗਈ ਹੈ, ਜੋ ਵਿਸ਼ਵ ਸਿਹਤ ਸੰਸਥਾ ਦੇ 80 ਗ੍ਰਾਮ ਪ੍ਰਤੀ ਵਿਅਕਤੀ ਦਾਲ ਦੇ ਮਾਪਦੰਡ ਤੋਂ ਕਾਫੀ ਘੱਟ ਹੈ। ਪੰਜਾਬ ਵਿਚ ਗਰਮ ਰੁੱਤ ਦੇ ਮਾਂਹ ਦੀ ਬਿਜਾਈ ਕਰੀਬ 4 ਹਜ਼ਾਰ ਹੈਕਟੇਅਰ ਰਕਬੇ 'ਚ ਕੀਤੀ ਜਾਂਦੀ ਹੈ ਅਤੇ ਦਾਲਾਂ ਹੇਠ ਰਕਬਾ ਸਾਲ 2015-16 ਦੌਰਾਨ 30 ਹਜ਼ਾਰ ਹੈਕਟੇਅਰ ਸੀ। ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸੇ ਸਮੇਂ ਰਿਆੜਕੀ ਦੇ ਇਲਾਕੇ ਦੇ ਮਾਂਹ ਮਸ਼ਹੂਰ ਹੁੰਦੇ ਸਨ। ਪੰਜਾਬ ਵਿਚ ਕੋਈ ਅਜਿਹਾ ਸਮਾਜਿਕ ਜਾਂ ਧਾਰਮਿਕ ਸਮਾਗਮ ਸੰਪੂਰਨ ਨਹੀਂ ਹੁੰਦਾ ਜਦ ਤਕ ਮਾਂਹ ਦੀ ਦਾਲ ਨਾ ਬਣੇ। ਜਦ ਕਦੇ ਬਾਹਰ ਕਿਸੇ ਢਾਬੇ 'ਤੇ ਰੋਟੀ ਖਾਣੀ ਹੋਵੇ ਤਾਂ ਮਾਂਹ ਦੀ ਦਾਲ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਮਾਂਹ ਦੀ ਦਾਲ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਜੇ ਉੱਦਮੀ ਕਿਸਾਨ ਮਾਂਹ ਦੀ ਪੈਦਾਵਾਰ ਨੂੰ ਖ਼ੁਦ ਇਕ ਕਿੱਲੋ ਤੋਂ ਪੰਜ ਕਿੱਲੋ ਤਕ ਦੀ ਪੈਕਿੰਗ ਕਰ ਕੇ ਖਪਤਕਾਰਾਂ ਨੂੰ ਸਿੱਧਾ ਮੰਡੀਕਰਨ ਕਰਨ ਤਾਂ ਹੋਰ ਵੀ ਫ਼ਾਇਦਾ ਲਿਆ ਜਾ ਸਕਦਾ ਹੈ। ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਮਾਦ ਦੀ ਫ਼ਸਲ ਵਿਚ ਅੰਤਰ-ਫ਼ਸਲ ਵੱਜੋਂ ਵੀ ਕੀਤੀ ਜਾ ਸਕਦੀ ਹੈ। ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਰ ਕੇ ਕਿਸਾਨ ਜਿੱਥੇ ਵਧੇਰੇ ਆਮਦਨ ਲੈ ਸਕਦੇ ਹਨ, ਉਥੇ ਇਸ ਦੀ ਉਪਜ ਨਾਲ ਜ਼ਮੀਨ ਦੀ ਸਿਹਤ 'ਚ ਵੀ ਸੁਧਾਰ ਆਉਂਦਾ ਹੈ।



## ਕੀੜੇ-ਮਕੌੜੇ

ਫਲੀ-ਛੇਦਕ ਸੁੰਡੀ ਮਾਂਹ ਦੇ ਪੱਤਿਆਂ, ਫਲੀਆਂ ਅਤੇ ਫੁੱਲਾਂ ਨੂੰ ਖਾ ਕੇ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤੇ, ਫਲੀਆਂ ਵਿਚ ਮੋਰੀਆਂ, ਬੂਟਿਆਂ ਹੇਠ ਜ਼ਮੀਨ ਉੱਤੇ ਗੂੜ੍ਹੇ ਹਰੇ ਰੰਗ ਦੀਆਂ ਵਿੱਠਾਂ ਤੋਂ ਲਗਾਇਆ ਜਾ ਸਕਦਾ ਹੈ। ਇਸ ਦੀ ਰੋਕਥਾਮ ਹਮਲਾ ਸ਼ੁਰੂ ਹੋਣ 'ਤੇ ਸਪਾਈਨੋਸੈਡ 45 ਐੱਸਸੀ ਜਾਂ 200 ਮਿਲੀਲਿਟਰ ਐਂਡੋਸਕਾਰਬ 14.5 ਐੱਸਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਨੈਪਸੈਕ ਪੰਪ ਨਾਲ ਪ੍ਰਤੀ ਏਕੜ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਜੇ ਜ਼ਰੂਰਤ ਪਵੇ ਤਾਂ ਦੁਬਾਰਾ ਛਿੜਕਾਅ ਕਰੋ।

### ਉੱਨਤ ਕਿਸਮਾਂ ਤੇ ਪੈਦਾਵਾਰ

ਮਾਂਹ ਦੀ ਫ਼ਸਲ ਹੋਰਨਾਂ ਦਾਲਾਂ ਨਾਲੋਂ ਵਧੇਰੇ ਗਰਮੀ ਸਹਾਰਨ ਦੇ ਸਮਰੱਥ ਹੋਣ ਕਾਰਨ ਇਸ ਦੀ ਕਾਸ਼ਤ ਲਈ ਗਰਮ ਜਲਵਾਯੂ ਦੀ ਜ਼ਰੂਰਤ ਹੈ। ਇਸ ਦੀ ਕਾਸ਼ਤ ਲਈ ਪਾਣੀ ਦੇ ਚੰਗੇ ਨਿਕਾਸ ਵਾਲੀ ਭੱਲ ਤੋਂ ਰੇਤਲੀ ਭੱਲ ਵਾਲੀ ਜ਼ਮੀਨ ਬਹੁਤ ਢੁੱਕਵੀਂ ਹੈ। ਮਾਂਹ ਦੀ ਕਾਸਤ ਲਈ ਦੋ ਕਿਸਮਾਂ, ਮਾਂਹ-1008 ਅਤੇ ਮਾਂਹ-218 ਦੀ ਸਿਫਾਰਸ਼ ਕੀਤੀ ਗਈ ਹੈ। ਮਾਂਹ-1008 ਕਿਸਮ ਨੂੰ ਭਰਪੂਰ ਫਲੀਆਂ ਲਗਦੀਆਂ ਹਨ ਅਤੇ ਇਕਸਾਰ ਪੱਕਦੀਆਂ ਹਨ। ਇਹ ਕਿਸਮ ਕਰੀਬ 72 ਦਿਨਾਂ 'ਚ ਪੱਕ ਜਾਂਦੀ ਹੈ। ਇਸ ਕਿਸਮ ਨੂੰ ਪੀਲੀ ਚਿਤਕਬਰੀ ਅਤੇ ਪੱਤਿਆਂ ਦਾ ਝੁਰੜ-ਮੁਰੜ ਵਿਸਾਣੂ ਰੋਗ ਵੀ ਘੱਟ ਲਗਦਾ ਹੈ। ਇਸ ਦੀ ਔਸਤ ਪੈਦਾਵਾਰ 4.5 ਕੁਇੰਟਲ ਪ੍ਰਤੀ ਏਕੜ ਹੈ। ਮਾਂਹ-2018 ਕਿਸਮ ਕਰੀਬ 75 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ ਔਸਤ ਪੈਦਾਵਾਰ 4.00 ਕੁਇੰਟਲ ਪ੍ਰਤੀ ਏਕੜ ਹੈ।

### ਬਿਜਾਈ ਅਤੇ ਬੀਜ ਦੀ ਮਾਤਰਾ

ਆਮ ਤੌਰ 'ਤੇ ਕਿਸਾਨ 10-15 ਕਿੱਲੋ ਬੀਜ ਪ੍ਰਤੀ ਏਕੜ ਵਰਤਦੇ ਹਨ, ਜਿਸ ਕਾਰਨ ਝਾੜ ਘੱਟ ਨਿਕਲਦਾ ਹੈ। ਵਧੇਰੇ ਪੈਦਾਵਾਰ ਲੈਣ ਲਈ 20 ਕਿੱਲੋ ਬੀਜ ਪ੍ਰਤੀ ਏਕੜ ਵਰਤਣਾ ਚਾਹੀਦਾ ਹੈ। ਇਸ ਦੀ ਬਿਜਾਈ 15 ਮਾਰਚ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤਕ 22.5 ਸੈਟੀਮੀਟਰ ਚੌੜੀਆਂ ਕਤਾਰਾਂ ਵਿਚ ਅਤੇ ਬੂਟੇ ਤੋਂ ਬੂਟੇ ਵਿਚਲਾ ਫ਼ਾਸਲਾ 4.5 ਸੈਂਟੀਮੀਟਰ ਰੱਖਦੇ ਹੋਏ ਕਰਨੀ ਚਾਹੀਦਾ ਹੈ। ਬਿਜਾਈ ਸਮੇਂ 11 ਕਿੱਲੋ ਯੂਰੀਆ ਅਤੇ 60 ਕਿੱਲੋ ਸਿੰਗਲ ਸੁਪਰਫਾਸਫੇਟ ਖਾਦ ਡਰਿਲ ਕਰ ਦੇਣੀ ਚਾਹੀਦੀ ਹੈ। ਆਲੂਆਂ ਦੀ ਪੁਟਾਈ ਤੋਂ ਬਾਅਦ ਮਾਂਹ ਦੀ ਕਾਸ਼ਤ ਬਿਨਾਂ ਕਿਸੇ ਖਾਦ ਦੀ ਵਰਤੋਂ ਕੀਤਿਆਂ ਵੀ ਕੀਤੀ ਜਾ ਸਕਦੀ ਹੈ।

### ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ ਚਾਰ ਹਫ਼ਤੇ ਅਤੇ ਦੂਜੀ ਗੋਡੀ ਉਸ ਤੋਂ ਦੋ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਮੌਸਮੀ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ ਇਕ ਲਿਟਰ ਪੈਂਡੀਮੈਥਾਲਿਨ 30 ਈਸੀ ਨੂੰ 150 ਤੋਂ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਲੰਬੀ ਉਮਰ ਦੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਚਾਰ ਹਫ਼ਤਿਆਂ ਬਾਅਦ ਗੋਡੀ ਕਰਨੀ ਚਾਹੀਦੀ ਹੈ। ਮੌਸਮ ਅਤੇ ਜ਼ਮੀਨ ਦੀ ਕਿਸਮ ਦੇ ਅਨੁਸਾਰ ਮਾਂਹ ਦੀ ਫ਼ਸਲ ਨੂੰ ਤਿੰਨ ਤੋਂ ਪੰਜ ਪਾਣੀ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 25 ਦਿਨ ਅਤੇ ਆਖ਼ਰੀ ਪਾਣੀ 60 ਦਿਨਾਂ ਬਾਅਦ ਲਗਾਉਣਾ ਚਾਹੀਦਾ ਹੈ।

### ਤੰਬਾਕੂ ਸੁੰਡੀ

ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਤੇ ਵੱਡੀਆਂ ਸੁੰਡੀਆਂ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ। ਛੋਟੀਆਂ ਸੁੰਡੀਆਂ ਝੁੰਡਾਂ 'ਚ ਪੱਤਿਆਂ ਦਾ ਹਰਾ ਮਾਦਾ ਖਾ ਕੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਪੱਤਿਆਂ, ਡੋਡੀਆਂ, ਫੁੱਲਾਂ ਅਤੇ ਫਲੀਆਂ ਦਾ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਫ਼ਸਲ ਦੀ ਬਿਜਾਈ ਸਮੇਂ ਸਿਰ ਕਰੋ। ਨਦੀਨਾਂ ਵਿੱਚੋਂ ਖ਼ਾਸ ਕਰ ਕੇ ਇੱਟਸਿਟ/ਚੁਪੱਤੀ ਦੀ ਰੋਕਥਾਮ ਕਰੋ। ਸ਼ੁਰੂਆਤੀ ਹਮਲੇ ਸਮੇਂ ਪ੍ਰਭਾਵਤ ਬੂਟੇ ਨੂੰ ਨਸ਼ਟ ਕਰ ਕੇ ਸੁੰਡੀਆਂ ਦਾ ਖ਼ਾਤਮਾ ਕਰੋ। ਜੇ ਹਮਲਾ ਜ਼ਿਆਦਾ ਹੁੰਦਾ ਹੈ ਤਾਂ 150 ਮਿਲੀਲਿਟਰ ਨੁਵਾਕਰੋਨ 10 ਈਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਜਾਂ 1.5 ਲਿਟਰ ਕਲੋਰੋਪਾਈਰੀਫਾਸ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਲੋੜ ਪਵੇ ਤਾਂ ਛਿੜਕਾਅ ਦੁਬਾਰਾ ਕਰੋ।

*ਮੋਬਾਈਲ 94630-71919*

---

ਹਰੀ ਕ੍ਰਾਂਤੀ ਦੌਰਾਨ ਡਾ. ਦੇਵ ਰਾਜ ਭੂੰਬਲਾ ਦੀ ਅਗਵਾਈ 'ਚ ਵਿਗਿਆਨੀਆਂ ਨੇ ਵੱਧ ਝਾੜ ਵਾਲੀਆਂ ਫ਼ਸਲਾਂ ਦੀਆਂ ਕਈ ਕਿਸਮਾਂ ਵਿਕਸਿਤ ਕੀਤੀਆਂ ਤੇ ਦੇਸ਼ ਦੇ ਅੰਨ ਭੰਡਾਰ ਨੂੰ ਭਰਿਆ...

# ਖੇਤੀ ਵਿਗਿਆਨ ਦਾ ਧਰੂ ਤਾਰਾ ਡਾ. ਦੇਵ ਰਾਜ ਭੂੰਬਲਾ

• ਨਰਿੰਦਰਪਾਲ ਸਿੰਘ

ਦੇਸ਼ ਦੇ ਅੰਨ ਭੰਡਾਰ ਨੂੰ ਭਰ ਕੇ ਭੋਜਨ ਸੁਰੱਖਿਆ ਪ੍ਰਦਾਨ ਕਰਨ 'ਚ ਪੰਜਾਬ ਮੋਹਰੀ ਸੂਬਾ ਹੈ। ਜਿਸ ਦਾ ਸਿਹਰਾ ਮੁੱਢਲੇ ਖੇਤੀ ਵਿਗਿਆਨੀਆਂ ਨੂੰ ਜਾਂਦਾ ਹੈ, ਜਿਨ੍ਹਾਂ ਦੀਆਂ ਖੇਤੀ ਪਿਰਤਾਂ ਨੂੰ ਪੰਜਾਬ ਤੇ ਦੂਸਰੇ ਸੂਬਿਆਂ ਦੇ ਕਿਸਾਨਾਂ ਨੇ ਆਪਣਾਇਆ। ਹਰੀ ਕ੍ਰਾਂਤੀ ਦੇ ਨਿਰਮਾਤਾ ਇਨ੍ਹਾਂ ਖੇਤੀ ਵਿਗਿਆਨੀਆਂ 'ਚ ਧਰੂ ਤਾਰੇ ਵਾਂਗ ਚਮਕਦਾ ਨਾਂ ਹੈ ਡਾ. ਦੇਵ ਰਾਜ ਭੂੰਬਲਾ ਦਾ, ਜਿਨ੍ਹਾਂ ਨੂੰ ਐਗਰੀਕਲਚਰਲ ਕਮਿਸ਼ਨਰ, ਡਿਪਟੀ ਡਾਇਰੈਕਟਰ ਜਨਰਲ ਤੇ ਹੋਰ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਨਿਭਾਉਣ ਦਾ ਮਾਣ ਹਾਸਲ ਹੋਇਆ।

ਛੋਟੇ ਜਿਹੇ ਕਿਸਾਨ ਪਰਿਵਾਰ ਤੋਂ ਉੱਠ ਕੇ ਪ੍ਰਸਿੱਧ ਭੂਮੀ ਵਿਗਿਆਨੀ ਵਜੋਂ ਜਾਣੇ ਜਾਂਦੇ ਡਾ. ਦੇਵ ਰਾਜ ਭੂੰਬਲਾ ਦਾ ਜਨਮ ਪਿੰਡ ਮਾਲ੍ਹੇਵਾਲ ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਚੌਧਰੀ ਨਿਸ਼ਾ ਰਾਮ ਤੇ ਮਾਤਾ ਮਹੇਸ਼ਵਰੀ ਦੇਵੀ ਦੇ ਘਰ 6 ਦਸੰਬਰ 1921 ਨੂੰ ਹੋਇਆ। ਪ੍ਰਾਇਮਰੀ ਤਕ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਭੂੰਬਲਾ ਨੇ ਡਿਸਟ੍ਰਿਕ ਬੋਰਡ ਹਾਈ ਸਕੂਲ ਸਾਹਿਬਾਂ ਤੋਂ ਅੱਠਵੀਂ ਜਮਾਤ ਪਾਸ ਕੀਤੀ। ਉਪਰੰਤ ਉਚੇਰੀ ਵਿੱਦਿਆ ਲਈ ਗੌਰਮਿੰਟ ਹਾਈ ਸਕੂਲ, ਗੜ੍ਹਸ਼ੰਕਰ ਵਿਖੇ ਦਾਖ਼ਲਾ ਲਿਆ। ਇਥੇ ਉਨ੍ਹਾਂ ਦੀ ਮੁਲਾਕਾਤ ਡਾ. ਜਸਵੰਤ ਸਿੰਘ ਕੰਵਰ ਨਾਲ ਹੋਈ, ਜਿਨ੍ਹਾਂ ਨੇ ਉਨ੍ਹਾਂ ਨੂੰ ਖੇਤੀ ਵਿਗਿਆਨ ਵਾਲੇ ਪਾਸੇ ਤੋਰਿਆ। ਡਾ. ਜਸਵੰਤ ਸਿੰਘ ਕੰਵਰ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਪਹਿਲਾ ਨਿਰਦੇਸ਼ਕ ਖੋਜ ਬਣਨ ਦਾ ਮਾਣ ਹਾਸਲ ਹੋਇਆ। 10ਵੀਂ ਤੋਂ ਬਾਅਦ ਭੂੰਬਲਾ ਨੇ 1944 ਵਿਚ ਲਾਇਲਪੁਰ ਦੇ ਖੇਤੀਬਾੜੀ ਕਾਲਜ ਤੋਂ ਬੀਐੱਸਸੀ ਐਗਰੀਕਲਚਰ ਕੀਤੀ।

ਉਨ੍ਹੀਂ ਦਿਨੀਂ ਬਰਤਾਨਵੀ ਸਰਕਾਰ ਖੇਤੀ ਖੋਜਾਂ ਨੂੰ ਪ੍ਰਫੁਲਤ ਕਰ ਰਹੀ ਸੀ। ਸਿੱਖਿਆ ਪ੍ਰਾਪਤ ਕਰਨ ਉਪਰੰਤ ਆਈਸੀਏਆਰ ਦੀ ਵੀਟ ਪ੍ਰੋਟੀਨ ਸਰਵੇ ਆਫ਼ ਇੰਡੀਆ ਸਕੀਮ ਤਹਿਤ ਉਨ੍ਹਾਂ ਨੇ ਕੈਮੀਕਲ ਅਸਿਸਟੈਂਟ ਵਜੋਂ ਕਾਲਜ ਦੇ ਸੀਰੀਅਲ ਸੈਕਸ਼ਨ 'ਚ ਮਿਲਿੰਗ ਤੇ ਬੇਕਿੰਗ ਲੈਬੋਰੇਟਰੀ 'ਚ ਖੋਜ ਕਾਰਜ ਸ਼ੁਰੂ ਕੀਤਾ। ਭਾਰਤ-ਪਾਕਿ ਵੰਡ ਉਪਰੰਤ ਉਨ੍ਹਾਂ ਨੇ ਕੁਝ ਸਮਾਂ ਪੁਨਰ-ਵਸੇਬਾ ਵਿਭਾਗ 'ਚ ਵਿਸ਼ੇਸ਼ ਤਹਿਸੀਲਦਾਰ ਵਜੋਂ ਸੇਵਾ ਨਿਭਾਈ ਤੇ ਮਾਰਚ 1948 'ਚ ਡਿਸਟ੍ਰਿਕ ਰਿਸਰਚ ਫਾਰਮ ਅੰਬਾਲਾ ਵਿਖੇ ਮੁੜ ਕੈਮੀਕਲ ਅਸਿਸਟੈਂਟ ਵਜੋਂ ਅਹੁਦਾ ਸੰਭਾਲਿਆ। ਅੰਬਾਲਾ ਤੇ ਨਰਾਇਣਗੜ੍ਹ ਵਿਖੇ ਸੇਵਾ ਨਿਭਾਈ। 1951 'ਚ ਉਨ੍ਹਾਂ ਦੀ ਨਿਯੁਕਤੀ ਲੁਧਿਆਣਾ ਦੇ ਕਮਿਸਟਰੀ ਵਿਭਾਗ 'ਚ ਐਗਰੀਕਲਚਰ ਇੰਸਪੈਕਟਰ ਵਜੋਂ ਹੋਈ ਜਿੱਥੇ ਉਨ੍ਹਾਂ ਦੀ ਮੁਲਾਕਾਤ ਡਾ. ਐੱਸਡੀ ਨਿਝਾਵਨ ਨਾਲ ਹੋਈ, ਜਿਨ੍ਹਾਂ ਦੀ ਪ੍ਰੇਰਨਾ ਨਾਲ ਭੂੰਬਲਾ ਨੇ 1956 'ਚ ਐੱਮਐੱਸਸੀ ਕੀਤੀ। ਭੂਮੀ ਵਿਗਿਆਨ 'ਚ ਉਨ੍ਹਾਂ ਦੀ ਖੋਜ ਪੰਜਾਬ 'ਚ ਹਰੀ ਕ੍ਰਾਂਤੀ ਦੇ ਆਧਾਰ ਦਾ ਹਿੱਸਾ ਬਣੀ, ਜਿਸ ਨਾਲ ਪੰਜਾਬ ਦੀ ਜ਼ਰਖੇਜ਼ ਧਰਤੀ ਨੇ ਸੋਨੇ ਵਰਗੀਆਂ ਫ਼ਸਲਾਂ ਪੈਦਾ ਕਰ ਕੇ ਦੇਸ਼ ਦੇ ਅੰਨ-ਭੰਡਾਰ ਨੂੰ ਭਰਨ 'ਚ ਯੋਗਦਾਨ ਪਾਇਆ। ਦੇਵ ਰਾਜ ਭੂੰਬਲਾ ਨੇ ਓਹਾਈਓ ਸਟੇਟ ਯੂਨੀਵਰਸਿਟੀ ਕੋਲੰਬਸ ਤੋਂ 1962 'ਚ ਡਾਕਟਰੇਟ ਕੀਤੀ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਥਾਪਨਾ 1962 'ਚ ਹੋਈ। ਯੂਐੱਸਏ ਦੇ ਲੈਂਡ ਗਰਾਂਟ ਕਾਲਜ ਦੀ ਤਰਜ਼ 'ਤੇ ਬਣੀ ਇਸ ਯੂਨੀਵਰਸਿਟੀ ਨੇ ਖੇਤੀਬਾੜੀ, ਖੇਤੀ ਇੰਜੀਨੀਅਰਿੰਗ, ਬੇਸਿਕ ਸਾਇੰਸਿਜ਼, ਹੋਮ ਸਾਇੰਸ ਤੇ ਇਨ੍ਹਾਂ ਨਾਲ ਸਬੰਧਤ ਵਿਸ਼ਿਆਂ 'ਚ ਖੋਜ, ਅਧਿਆਪਨ ਤੇ ਪਸਾਰ ਕਾਰਜਾਂ 'ਚ ਵਿਸ਼ੇਸ਼ ਮੱਲਾਂ ਮਾਰੀਆਂ। ਪੀਐੱਨ ਥਾਪਰ ਇਸ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਣੇ, ਜਿਨ੍ਹਾਂ ਨੇ ਦੂਰ-ਅੰਦੇਸ਼ੀ ਸਦਕਾ ਵੱਖ-ਵੱਖ ਕਾਲਜ ਤੇ ਵਿਭਾਗ ਸਥਾਪਿਤ ਕੀਤੇ ਉਥੇ ਡਾ. ਅਵਤਾਰ ਸਿੰਘ ਅਟਵਾਲ, ਡਾ. ਦਿਲਬਾਗ ਸਿੰਘ ਅਥਵਾਲ, ਡਾ. ਜਸਵੰਤ ਸਿੰਘ ਕੰਵਰ ਤੇ ਡਾ. ਜੀਐੱਸ ਸਿੱਧੂ ਵਰਗੇ ਵਿਗਿਆਨੀਆਂ ਨੂੰ



ਯੂਨੀਵਰਸਿਟੀ 'ਚ ਨਿਯੁਕਤ ਕੀਤਾ। ਹਰੀ ਕ੍ਰਾਂਤੀ ਦੇ ਇਸ ਦੌਰ 'ਚ ਡਾ. ਦੇਵ ਰਾਜ ਭੂੰਬਲਾ ਨੇ ਵੀ ਯੂਨੀਵਰਸਿਟੀ ਦੇ ਭੂਮੀ ਵਿਭਾਗ ਤੇ ਪ੍ਰਸ਼ਾਸਨਿਕ ਖੇਤਰ 'ਚ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਈ ਤੇ ਖੇਤੀ ਖੋਜ ਨੂੰ ਚੰਗਾ ਹੁਲਾਰਾ ਦਿੱਤਾ। ਉਨ੍ਹਾਂ ਦੀ ਅਗਵਾਈ 'ਚ ਵਿਗਿਆਨੀਆਂ ਵੱਲੋਂ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਦੇ ਕਈ ਤਜ਼ਰਬੇ ਕੀਤੇ ਗਏ। ਕਈ ਕਿਸਮਾਂ ਵਿਕਸਿਤ ਹੋਈਆਂ, ਜਿਸ ਨਾਲ ਪੰਜਾਬ 'ਚ ਅੰਨ ਦੇ ਅੰਬਾਰ ਲੱਗ ਗਏ। ਡਾ. ਭੂੰਬਲਾ ਦੀ ਟੀਮ ਦੇ ਖੋਜ ਕਾਰਜਾਂ ਨੂੰ ਵੀਸੀ ਪੀਐੱਨ ਥਾਪਰ ਵੱਲੋਂ ਅੰਤਰਰਾਸ਼ਟਰੀ ਪੱਧਰ ਦਾ ਐਲਾਨਿਆ ਗਿਆ। ਖੇਤੀ ਗਿਆਨ ਵਿਗਿਆਨ ਦੇ ਧਰੂ ਤਾਰੇ ਵਾਂਗ ਚਮਕਦੇ ਡਾ. ਦੇਵਰਾਜ ਭੂੰਬਲਾ ਨਵੇਂ ਖੇਤੀ ਵਿਗਿਆਨੀਆਂ ਦਾ ਚਾਨਣ ਮੁਨਾਰਾ ਹਨ।

*ਮੋਬਾਈਲ 98141-79010*

---

# ਗ਼ੈਰ ਰਵਾਇਤੀ ਊਰਜਾ ਸਰੋਤ ਸਮੇਂ ਦੀ ਮੁੱਖ ਲੋੜ

• ਅਜੈਬ ਸਿੰਘ, ਮਨਿੰਦਰ ਸਿੰਘ ਬੌਂਸ

ਮਨੁੱਖੀ ਸੱਭਿਅਤਾ ਦੀ ਤਰੱਕੀ ਊਰਜਾ ਦੇ ਸਾਧਨਾਂ 'ਤੇ ਨਿਰਭਰ ਕਰਦੀ ਹੈ। ਸਨਅਤੀਕਰਨ ਦੀ ਤੇਜ਼ ਰਫ਼ਤਾਰ ਕਾਰਨ ਊਰਜਾ ਦੀ ਲੋੜ ਵੀ ਤੇਜ਼ੀ ਨਾਲ ਵਧ ਰਹੀ ਹੈ। ਪਰ ਊਰਜਾ ਦੇ ਸਰੋਤ ਓਨੀ ਤੇਜ਼ੀ ਨਾਲ ਊਰਜਾ ਪੈਦਾ ਨਹੀਂ ਕਰ ਰਹੇ, ਜਿੰਨੀ ਤੇਜ਼ੀ ਨਾਲ ਊਰਜਾ ਦੀ ਲੋੜ ਵਧ ਰਹੀ ਹੈ। ਊਰਜਾ ਦੇ ਪ੍ਰਚਲਤ ਸਰੋਤਾਂ ਪੈਟਰੋਲ, ਡੀਜ਼ਲ ਕੋਲੇ ਆਦਿ ਦੀ ਧਰਤੀ ਹੇਠ ਇਕ ਸੀਮਤ ਮਾਤਰਾ ਹੈ, ਜੋ ਦਿਨੋਂ ਦਿਨ ਖ਼ਰਚ ਕੀਤੇ ਜਾਣ ਕਾਰਨ ਘਟ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਵਰਤੋਂ ਵਾਤਾਵਰਨ ਨੂੰ ਵੀ ਪ੍ਰਦੂਸ਼ਿਤ ਕਰ ਰਹੀ ਹੈ। ਆਪਣੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਚੰਗਾ ਤੇ ਸਿਹਤਮੰਦ ਵਾਤਾਵਰਨ ਪ੍ਰਦਾਨ ਕਰਨਾ ਸਾਡੀ ਮੁਢਲੀ ਜ਼ਿੰਮੇਵਾਰੀ ਹੈ। ਇਸ ਲਈ ਸਾਨੂੰ ਗ਼ੈਰ ਰਵਾਇਤੀ ਊਰਜਾ ਸੋਮੇ ਵੱਲ ਵਧਣਾ ਹੀ ਪਵੇਗਾ ਅਤੇ ਇਹ ਸਮੇਂ ਦੀ ਮੁੱਖ ਲੋੜ ਵੀ ਹੈ।

### ਸੂਰਜੀ ਊਰਜਾ ਦੇ ਉਪਕਰਣ

ਸੂਰਜੀ ਊਰਜਾ ਕਦੇ ਨਾ ਖ਼ਤਮ ਹੋਣ ਵਾਲਾ ਕੁਦਰਤੀ ਸੋਮਾ ਹੈ। ਇਸ ਦਾ ਫ਼ਾਇਦਾ ਲੈਣ ਲਈ ਸੂਰਜੀ ਊਰਜਾ ਨਾਲ ਚੱਲਣ ਵਾਲੇ ਉਪਕਰਣਾਂ ਨੂੰ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ

### ਸੋਲਰ ਕੁੱਕਰ

ਸੋਲਰ ਕੁੱਕਰ ਇਕ ਬੰਦ ਕਾਲਾ ਡੱਬਾ ਹੁੰਦਾ ਹੈ। ਇਸ ਵਿਚ ਇਕ ਸ਼ੀਸ਼ੇ ਦੁਆਰਾ ਸੂਰਜੀ ਕਿਰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕਿਰਨਾਂ ਡੱਬੇ ਅੰਦਰ ਇੰਨਾ ਤਾਪਮਾਨ ਪੈਦਾ ਕਰਦੀਆਂ ਹਨ ਕਿ ਇਸ ਵਿਚ ਹਰ ਤਰ੍ਹਾਂ ਦੇ ਭੋਜਨ ਤਲੇ ਅਤੇ ਪਕਾਏ ਜਾ ਸਕਦੇ ਹਨ। ਸੋਲਰ ਕੁੱਕਰ ਦੀ ਵਰਤੋਂ ਨਾਲ ਪ੍ਰਦੂਸ਼ਣ ਵੀ ਨਹੀਂ ਫ਼ੈਲਦਾ ਅਤੇ ਖਾਣੇ ਦਾ ਸੁਆਦ ਤੇ ਪੌਸ਼ਟਿਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਇਕ ਸ਼ੀਸ਼ੇ ਵਾਲਾ ਅਤੇ ਦੋ ਸ਼ੀਸ਼ਿਆਂ ਵਾਲਾ, ਦੋ ਤਰ੍ਹਾਂ ਦੇ ਸੋਲਰ ਕੁੱਕਰ ਬਣਾਏ ਗਏ ਹਨ। ਇਕ ਸ਼ੀਸ਼ੇ ਵਾਲੇ ਸੋਲਰ ਕੁੱਕਰ ਦੀ ਕੀਮਤ ਤਿੰਨ ਹਜ਼ਾਰ ਅਤੇ ਦੋ ਸ਼ੀਸ਼ਿਆਂ ਵਾਲੇ ਸੋਲਰ ਕੁੱਕਰ ਦੀ ਕੀਮਤ 3700 ਰੁਪਏ ਹੈ।

### ਸੂਰਜੀ ਜਿਨਸ ਸੁਕਾਵਾ (ਡਰਾਇਰ)

ਇਸ ਦੀ ਮਦਦ ਨਾਲ ਪਿਆਜ਼, ਮੇਥੀ, ਅਦਰਕ, ਲਸਣ, ਹਲਦੀ ਆਦਿ ਵਸਤਾਂ ਸੁਕਾਈਆਂ ਜਾ ਸਕਦੀਆਂ ਹਨ। ਇਸ ਵਿਧੀ ਨਾਲ ਸੁਕਾਈਆਂ ਵਸਤਾਂ ਮਿੱਟੀ ਤੇ ਗੰਦਗੀ ਤੋਂ ਰਹਿਤ ਹੁੰਦੀਆਂ ਹਨ। ਪੀਏਯੂ ਦੇ ਇਸ ਘਰੇਲੂ ਸੂਰਜੀ ਜਿਨਸ ਸੁਕਾਵੇ ਦੀ ਕੀਮਤ 2200 ਰੁਪਏ ਹੈ।

### ਫੋਟੋ ਵੋਲਟਿਕ ਸੈੱਲ

ਫੋਟੋ ਵੋਲਟਿਕ ਸੈੱਲਾਂ ਦੀ ਵਰਤੋਂ ਨਾਲ ਬਿਜਲੀ ਪੈਦਾ ਕਰ ਕੇ ਘਰਾਂ ਤੇ ਜਨਤਕ ਥਾਵਾਂ 'ਤੇ ਰੋਸ਼ਨੀ ਕੀਤੀ ਜਾ ਸਕਦੀ ਹੈ।

### ਬਾਇਓ ਗੈਸ

ਘਰਾਂ ਦੇ ਕੂੜੇ ਤੇ ਪਸ਼ੂਆਂ ਦੇ ਗੋਹੇ ਤੋਂ ਬਾਇਓ ਗੈਸ ਬਣਾਈ ਜਾਂਦੀ ਹੈ। ਬਾਇਓ ਗੈਸ ਪੌਦਿਆਂ, ਜਾਨਵਰਾਂ ਤੇ ਮਨੁੱਖੀ ਜੀਵਾਂ 'ਚ ਪਾਏ ਜਾਣ ਵਾਲੇ ਜੈਵਿਕ ਮਾਦੇ ਨੂੰ ਆਖਦੇ ਹਨ। ਇਹ ਵੀ ਸੂਰਜ ਦੀ ਅਸਿੱਧੀ



ਸ਼ਕਤੀ ਦੀ ਇਕ ਵਿਧੀ ਹੈ। ਇਹ ਵਾਤਾਵਰਨ ਨੂੰ ਪ੍ਰਦੂਸ਼ਿਤ ਨਹੀਂ ਕਰਦੀ ਤੇ ਇਸ ਤੋਂ ਬਣੀ ਖਾਦ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ। ਬਾਇਓ ਗੈਸ ਭੋਜਨ ਬਣਾਉਣ, ਰੋਸ਼ਨੀ, ਡੀਜ਼ਲ ਇੰਜਣ ਆਦਿ ਚਲਾਉਣ ਲਈ ਵਰਤੀ ਜਾ ਸਕਦੀ ਹੈ। ਇਕ ਘਣ ਮੀਟਰ ਬਾਇਓ ਗੈਸ ਨਾਲ 3.50 ਕਿੱਲੋ ਲੱਕੜੀ, 12.30 ਕਿੱਲੋ ਪਾਥੀਆਂ, 1.6 ਕਿੱਲੋ ਕੋਲਾ, 0.62 ਲਿਟਰ ਮਿੱਟੀ ਦਾ ਤੇਲ, 0.43 ਕਿੱਲੋ ਪੈਟਰੋਲੀਅਮ ਗੈਸ, 0.52 ਲਿਟਰ ਡੀਜ਼ਲ ਦੀ ਬੱਚਤ ਕੀਤੀ ਜਾ ਸਕਦੀ ਹੈ। ਇਨ੍ਹਾਂ ਉਪਰਕਰਣਾਂ ਦੀ ਖ਼ਰੀਦ ਜਾਂ ਬਣਵਾਉਣ 'ਤੇ ਪੰਜਾਬ ਵਿਕਾਸ ਏਜੰਸੀ (ਪੀਡਾ) ਵੱਲੋਂ ਸਬਸਿਡੀ ਵੀ ਦਿੱਤੀ ਜਾਂਦੀ ਹੈ।



### ਸੋਲਰ ਵਾਟਰ ਹੀਟਰ

ਸੋਲਰ ਵਾਟਰ ਹੀਟਿੰਗ ਸਿਸਟਮ ਤਿੰਨ ਤਰ੍ਹਾਂ ਦੇ ਹੁੰਦੇ ਹਨ। ਫਲੈਟ ਪਲੇਟ ਕੁਲੈਕਟਰ ਸਿਸਟਮ, ਟਿਊਬਾਂ ਵਾਲਾ ਕੁਲੈਕਟਰ ਸਿਸਟਮ ਤੇ ਪੈਰਾਬੋਲਿਕ ਜਾਂ ਡਿਸ਼ ਟਾਈਪ ਸਿਸਟਮ। ਫਲੈਟ ਪਲੇਟ ਕੁਲੈਕਟਰ ਤੇ ਟਿਊਬਾਂ ਵਾਲਾ ਕੁਲੈਕਟਰ ਸਿਸਟਮ 80 ਡਿਗਰੀ ਸੈਂਟੀਗ੍ਰੇਡ ਤਕ ਪਾਣੀ ਗਰਮ ਕਰ ਸਕਦੇ ਹਨ। ਪੈਰਾਬੋਲਿਕ ਸਿਸਟਮ 80 ਡਿਗਰੀ ਤੋਂ ਉੱਪਰ ਪਾਣੀ ਗਰਮ ਜਾਂ ਭਾਫ਼ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।


*ਮੋਬਾਈਲ 94647-64320*

---

# ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਮਾਰੀਆਂ ਤੋਂ ਰੋਕਥਾਮ

• ਹ.ਸ. ਰੰਧਾਵਾ, ਸ.ਸ. ਕੰਗ







ਪੰਜਾਬ ਵਿਚ ਸਬਜ਼ੀਆਂ ਦੀ ਕਾਸਤ ਲਗਪਗ 2.03 ਲੱਖ ਹੈਕਟੇਅਰ ਰਕਬੇ 'ਚ ਕੀਤੀ ਜਾਂਦੀ ਹੈ ਤੇ ਔਸਤ ਪੈਦਾਵਾਰ 19.68 ਟਨ ਪ੍ਰਤੀ ਹੈਕਟੇਅਰ ਹੈ।।ਪੰਜਾਬ ਵਿਚ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਮਹੱਤਵਪੂਰਨ ਸਥਾਨ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਦੂਜੀਆਂ ਸਬਜ਼ੀਆਂ ਦੇ ਮੁਕਾਬਲੇ ਬੇਹੱਦ ਸੌਖੀ ਹੈ। ਇਨ੍ਹਾਂ ਦੀਆਂ ਵੇਲਾਂ ਨੂੰ ਖੇਤ ਤੋਂ ਇਲਾਵਾ ਕਿਸੇ ਵੀ ਫਾਲਤੂ ਜਗ੍ਹਾ, ਕੰਧਾਂ, ਤੂੜੀ ਵਾਲੇ ਕੁੱਪ, ਦਰੱਖ਼ਤਾਂ ਆਦਿ ਦੇ ਨੇੜੇ ਵੀ ਉਗਾਇਆ ਜਾ ਸਕਦਾ ਹੈ। ਇਨ੍ਹਾਂ ਫ਼ਸਲਾਂ 'ਚ ਬਿਮਾਰੀਆਂ ਨੂੰ ਸਹਾਰਨ ਦੀ ਸਮਰਥਾ ਘੱਟ ਹੁੰਦੀ ਹੈ। ਇਨ੍ਹਾਂ 'ਤੇ ਬਿਮਾਰੀ ਦੇ ਹਮਲੇ ਦੀਆਂ ਨਿਸ਼ਾਨੀਆਂ ਤੇ ਰੋਕਥਾਮ ਦੇ ਤਰੀਕੇ ਇਹ ਹਨ :

### ਪੀਲੇ ਧੱਬਿਆਂ ਦਾ ਰੋਗ

ਇਸ ਬਿਮਾਰੀ ਨਾਲ ਸ਼ੁਰੂ ਵਿਚ ਪੱਤਿਆਂ ਦੇ ਹੇਠਲੇ ਪਾਸੇ ਪਾਣੀ ਭਿੱਜੇ ਧੱਬੇ ਬਣ ਜਾਂਦੇ ਹਨ, ਜੋ ਬਾਅਦ 'ਚ ਮਿਲ ਕੇ ਵੱਡਾ ਆਕਾਰ ਲੈ ਲੈਂਦੇ ਹਨ। ਪੱਤੇ ਉੱਪਰ ਪੀਲੇ ਧੱਬੇ ਬਣ ਜਾਂਦੇ ਹਨ। ਸਵੇਰ ਵੇਲੇ ਇਨ੍ਹਾਂ ਧੱਬਿਆਂ ਹੇਠ ਸਲੇਟੀ ਰੰਗ ਦੀ ਰੂੰ ਵਰਗੀ ਪਲਪ ਵਿਖਾਈ ਦਿੰਦੀ ਹੈ। ਪੱਤਿਆਂ ਦੀਆਂ ਨਾੜੀਆਂ ਉੱਪਰ ਭੂਰੇ ਰੰਗ ਦੇ ਚਮਕਦਾਰ ਧੱਬੇ ਬਣ ਜਾਂਦੇ ਹਨ। ਜਿਸ ਨਾਲ ਵੇਲਾਂ ਦਾ ਵਾਧਾ ਰੁਕ ਜਾਂਦਾ ਹੈ ਤੇ ਝਾੜ ਘਟ ਜਾਂਦਾ ਹੈ।

**ਰੋਕਥਾਮ** : ਬਿਜਾਈ ਵਾਸਤੇ ਚੰਗੇ ਨਿਕਾਸ ਵਾਲੀ ਜ਼ਮੀਨ ਦੀ ਚੋਣ ਕਰੋ। ਫ਼ਸਲ ਨੂੰ ਲੋੜ ਤੋਂ ਜ਼ਿਆਦਾ ਪਾਣੀ ਨਾ ਲਾਓ। ਫ਼ਸਲ ਨੂੰ ਨਦੀਨਾਂ ਤੋਂ ਮੁਕਤ ਰੱਖੋ। ਇਸ ਰੋਗ ਦੀ ਰੋਕਥਾਮ ਲਈ ਵੇਲਾਂ ਉੱਪਰ 300-600 ਗ੍ਰਾਮ ਇੰਡੋਫਿਲ ਐਮ-45 ਕਵਚ ਵੇਲਾਂ ਦੇ ਆਕਾਰ ਅਨੁਸਾਰ ਪ੍ਰਤੀ ਏਕੜ 100-200 ਲਿਟਰ ਪਾਣੀ 'ਚ ਘੋਲ ਕੇ ਅਪ੍ਰੈਲ ਦੇ ਦੂਜੇ ਪੰਦਰਵਾੜੇ ਦੌਰਾਨ ਬਿਮਾਰੀ ਦਾ ਹਮਲਾ ਹੋਣ 'ਤੇ ਪਹਿਲਾ ਛਿੜਕਾਅ ਕਰੋ। ਇਸ ਤੋ ਬਾਅਦ ਹਫ਼ਤੇ-ਹਫ਼ਤੇ ਬਾਅਦ ਛੇ ਹੋਰ ਛਿੜਕਾਅ ਕਰੋ। ਜ਼ਿਆਦਾ ਹਮਲਾ ਹੋਵੇ ਤਾਂ ਤੀਜਾ ਤੇ ਚੌਥਾ ਛਿੜਕਾਅ 500 ਗ੍ਰਾਮ ਰਿਡੋਮਿਲ ਐੱਮਜੈੱਡ ਜਾਂ 600 ਗ੍ਰਾਮ ਇਲੇਟੀ ਪ੍ਰਤੀ ਏਕੜ 200 ਲੀਟਰ ਪਾਣੀ 'ਚ ਘੋਲ ਕੇ ਕਰੋ ਤੇ 10 ਦਿਨ ਬਾਅਦ 600 ਗ੍ਰਾਮ ਇੰਡੋਫਿਲ ਐੱਮ-45 ਕਵਚ ਦਾ ਇਕ ਹੋਰ ਛਿੜਕਾਅ ਕਰੋ।

### ਝੁਲਸ ਰੋਗ

ਬਾਰਿਸ਼ ਕਾਰਨ ਹਵਾ 'ਚ ਨਮੀ ਵਾਧਣ ਨਾਲ ਝੁਲਸ ਰੋਗ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਦਾ ਹਮਲਾ ਪੁਰਾਣੇ ਪੱਤਿਆਂ ਤੋਂ ਸ਼ੁਰੂ ਹੁੰਦਾ ਹੈ। ਪੱਤਿਆਂ ਉੱਪਰ ਪਹਿਲਾਂ ਪੀਲੇ, ਫਿਰ ਭੂਰੇ ਤੇ ਅੰਤ ਕਾਲੇ ਧੱਬੇ ਬਣ ਜਾਂਦੇ ਹਨ। ਪਹਿਲਾਂ ਛੋਟੇ-ਛੋਟੇ ਧੱਬੇ ਪੱਤਿਆਂ ਦੇ ਕਿਨਾਰਿਆਂ 'ਤੇ ਬਣਦੇ ਹਨ ਤੇ ਬਾਅਦ 'ਚ ਪੱਤਿਆਂ ਦੇ ਵਿਚਕਾਰ ਗੋਲਧਾਰੇ ਬਣ ਜਾਂਦੇ ਹਨ। ਅੰਤ ਵੇਲਾਂ ਕਾਲੀਆਂ ਪੈ ਜਾਂਦੀਆਂ ਹਨ। ਇਸ ਬਿਮਾਰੀ ਦਾ ਹਮਲਾ ਤਰਬੂਜ ਦੀ ਫ਼ਸਲ ਉੱਪਰ ਜ਼ਿਆਦਾ ਹੁੰਦਾ ਹੈ।

**ਰੋਕਥਾਮ** : ਅਖ਼ੀਰਲੀ ਤੁੜਾਈ ਤੋ ਬਾਅਦ ਵੇਲਾਂ ਦੀ ਰਹਿੰਦ-ਖੂੰਹਦ ਨੂੰ ਖਤਮ ਕਰ ਦਿਓ ਤੇ ਖੇਤ ਦੀ ਡੂੰਘੀ ਵਾਹਾਈ ਕਰੋ। ਇਕ-ਦੋ ਸਾਲ ਵਾਸਤੇ ਫ਼ਸਲੀ ਚੱਕਰ 'ਚ ਅਦਲਾ-ਬਦਲੀ ਕਰੋ। ਇਸ ਦਾ ਹਮਲਾ ਮਾੜੀ ਫ਼ਸਲ 'ਤੇ ਜ਼ਿਆਦਾ ਹੁੰਦਾ ਹੈ, ਇਸ ਲਈ ਫ਼ਸਲ ਦੇ ਚੰਗੇ ਵਾਧੇ ਦੀ ਹਰ ਸੰਭਵ ਕੋਸ਼ਿਸ਼ ਕਰੋ। ਵੇਲਾਂ ਉੱਪਰ 10-15 ਦਿਨਾਂ ਦੇ ਫ਼ਰਕ 'ਤੇ 300 ਗ੍ਰਾਮ ਇੰਡੋਫਿਲ ਐੱਮ-45 ਦਾ ਪ੍ਰਤੀ ਏਕੜ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

### ਗਿੱਚੀ ਗਲਣੀ

ਫਲ ਪੈਣ ਸਮੇਂ ਜ਼ਿਆਦਾ ਗਰਮ ਤੇ ਖੁਸ਼ਕ ਮੌਸਮ 'ਚ ਇਹ ਬਿਮਾਰੀ ਜਲਦੀ ਫੈਲਦੀ ਹੈ। ਬਿਮਾਰੀ ਦੇ ਲੱਛਣ ਬੂਟੇ ਦੇ ਨਵੇਂ ਟਿਸੂਆਂ ਉੱਪਰ ਪੈਦਾ ਹੁੰਦੇ ਹਨ। ਤਣੇ ਦੇ ਹੇਠਲੇ ਹਿੱਸੇ 'ਤੇ ਭੂਰੇ ਤੇ ਗਹਿਰੇ ਭੂਰੇ ਰੰਗ ਦੇ ਚਟਾਕ ਪੈ ਜਾਂਦੇ ਹਨ। ਜਿਨ੍ਹਾਂ ਉੱਪਰ ਬਾਅਦ 'ਚ ਚਿੱਟੇ ਰੰਗ ਦੀ ਉੱਲੀ ਪੈਦਾ ਹੋ ਜਾਂਦੀ ਹੈ।।ਅਖ਼ੀਰ 'ਚ ਤਣਾ ਸੁੱਕ ਜਾਂਦਾ ਹੈ ਤੇ ਪੌਦਾ ਮਰ ਜਾਂਦਾ ਹੈ।

**ਰੋਕਥਾਮ** : ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖੇਤ 'ਚੋਂ ਖਾਤਮਾ ਕਰਦੇ ਰਹੋ। ਇਹ ਕੰਮ ਬਹੁਤ ਆਰਾਮ ਨਾਲ ਕਰੋ ਤਾਂ ਜੋ ਬਿਮਾਰੀ ਦੇ ਕਣ ਨਰੋਏ ਪੌਦਿਆਂ 'ਤੇ ਨਾ ਪੈਣ। ਇਸ ਬਿਮਾਰੀ ਨੂੰ ਫੈਲਾਉਣ 'ਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ, ਇਸ ਲਈ ਫ਼ਸਲ 'ਚ ਕੀੜਿਆਂ ਦੀ ਰੋਕਥਾਮ ਬੇਹੱਦ ਜ਼ਰੂਰੀ ਹੈ।

### ਵਿਸ਼ਾਣੂ ਰੋਗ


ਵਿਸ਼ਾਣੂ ਰੋਗ ਸਰਦੀਆਂ ਵਿਚ ਰਹਿਣ ਵਾਲੇ ਨਦੀਨਾਂ 'ਤੇ ਨਿਰਭਰ ਕਰਦਾ ਹੈ। ਇਸ ਤੋ ਇਲਾਵਾ ਇਸ ਰੋਗ ਦੇ ਕਣ ਮਿੱਟੀ, ਬੀਜ ਜਾਂ ਸਰਦੀਆਂ ਵਿਚ ਗਮਲਿਆਂ 'ਚ ਬੀਜੀਆਂ ਵੇਲਾਂ 'ਤੇ ਵੀ ਰਹਿੰਦੇ ਹਨ। ਕੱਦੂ ਜਾਤੀ ਦੀਆਂ ਵੇਲਾਂ ਉੱਪਰ ਇਹ ਰੋਗ ਤੇਲੇ, ਚਿੱਟੀ ਮੱਖੀ ਤੇ ਪੱਤਿਆਂ ਦੇ ਟਿੱਡਿਆਂ ਦੁਆਰਾ ਵਧੇਰੇ ਫ਼ੈਲਦਾ ਹੈ। ਇਸ ਦੇ ਲੱਛਣ ਬੂਟਿਆਂ 'ਚ ਲੋੜੀਂਦੇ ਤੱਤਾਂ ਦੀ ਘਾਟ ਦੇ ਚਿੰਨ੍ਹਾਂ ਨਾਲ ਮੇਲ ਖਾਂਦੇ ਹਨ। ਇਸ ਕਰਕੇ ਸ਼ੁਰੂ 'ਚ ਬਿਮਾਰੀ ਦੀ ਪਛਾਣ ਕਰਨੀ ਔਖੀ ਹੈ।।ਇਸ ਦੇ ਹਮਲੇ ਨਾਲ ਪੱਤਿਆਂ ਉੱਪਰ ਗੂੜ੍ਹੇ ਤੇ ਫਿੱਕੇ ਹਰੇ ਦਾਗ਼ ਪੈ ਜਾਂਦੇ ਹਨ। ਪੱਤਿਆਂ ਦਾ ਆਕਾਰ ਘਟ ਜਾਂਦਾ ਹੈ। ਇਸ ਦਾ ਜ਼ਿਆਦਾ ਹਮਲਾ ਘੀਆ ਕੱਦੂ, ਕਾਲੀ ਤੋਰੀ ਤੇ ਵੰਗਾਂ ਉੱਪਰ ਹੁੰਦਾ ਹੈ। ਅਖ਼ੀਰ ਵਿਚ ਬਿਮਾਰੀ ਵਾਲੀਆਂ ਵੇਲਾਂ ਦੇ ਫਲ ਸੁੰਗੜ ਜਾਂਦੇ ਤੇ ਵਿਚਕਾਰੋਂ ਉਭਰੇ ਜਿਹੇ ਲਗਦੇ ਹਨ।

**ਰੋਕਥਾਮ** : ਬੀਜ ਅਤੇ ਖੇਤ 'ਚ ਲਗਾਉਣ ਲਈ ਤਿਆਰ ਕੀਤੇ ਪੌਦਿਆਂ ਦੀ ਖ਼ਰੀਦ ਭਰੋਸੇਯੋਗ ਸੋਮਿਆਂ ਤੋਂ ਹੀ ਕਰੋ। ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖਾਤਮ ਕਰਦੇ ਰਹੋ। ਇਸ ਬਿਮਾਰੀ ਨੂੰ ਫੈਲਾਉਣ 'ਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ, ਇਸ ਲਈ ਫ਼ਸਲ ਉੱਪਰ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਕੀਤੇ ਰਸਾਇਣਾਂ ਦਾ ਛਿੜਕਾਅ ਕਰੋ।

## ਚਿੱਟੀ ਉੱਲੀ

ਫ਼ਸਲ ਦੀ ਬਿਜਾਈ ਤੋ 7-8 ਹਫ਼ਤੇ ਬਾਅਦ ਪੱਤਿਆਂ ਉੱਪਰ ਛੋਟੇ-ਛੋਟੇ ਧੱਬੇ ਪੈ ਜਾਂਦੇ ਹਨ। ਬਾਆਦ ਵਿਚ ਪੌਦੇ ਦੇ ਸਾਰੇ ਹਿੱਸਿਆਂ ਉੱਪਰ ਆਟੇ ਵਰਗੇ ਚਿੱਟੇ ਧੱਬੇ ਬਣ ਜਾਂਦੇ ਹਨ। ਬੂਟੇ ਦਾ ਵਾਧਾ ਰੁਕ ਜਾਂਦਾ ਹੈ, ਜਿਸ ਨਾਲ ਝਾੜ ਤੇ ਗੁਣਵੱਤਾ 'ਤੇ ਮਾੜਾ ਅਸਰ ਪੈਂਦਾ ਹੈ।।ਖੁਸ਼ਕ ਮੌਸਮ 'ਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ ਅਤੇ ਫਲ ਕਮਜ਼ੋਰ ਤੇ ਫਿੱਕੇ ਰਹਿੰਦੇ ਹਨ।

**ਰੋਕਥਾਮ** : ਇਕ ਹੀ ਖੇਤ ਵਿਚ ਲਗਾਤਾਰ ਕੱਦੂ ਜਾਤੀ ਦੀ ਸਬਜ਼ੀਆਂ ਨਾ ਬੀਜੋ। ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖਾਤਮਾ ਕਰਦੇ ਰਹੋ। ਹਮਲੇ ਵੇਲੇ ਫ਼ਸਲ ਉੱਪਰ 50-60 ਮਿਲੀਲਿਟਰ ਕੇਰਾਥੇਨ 25 ਈਸੀ ਨੂੰ 100 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਵੇਲਾਂ ਉੱਪਰ ਛਿੜਕਾ ਕਰੋ। 15 ਦਿਨ ਬਾਅਦ ਦੁਬਾਰਾ ਛਿੜਕਾਅ ਕਰੋ।



ਖੇਤੀ ਸੰਦਾਂ ਨੂੰ ਖੇਤ 'ਚ ਵਰਤਣ ਤੋ ਪਹਿਲਾਂ ਰੋਗ ਰਹਿਤ ਕਰ ਲਵੋ।

### ਜੜ੍ਹਾਂ ਵਿਚ ਗੰਢਾਂ ਪੈਣਾ

ਇਸ ਰੋਗ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਤੇ ਫ਼ਸਲ ਦਾ ਵਾਧਾ ਰੁਕ ਜਾਂਦਾ ਹੈ। ਜੜ੍ਹਾਂ ਉੱਤੇ ਗੰਢਾਂ ਪੈ ਜਾਂਦੀਆਂ ਹਨ। ਪਨੀਰੀ ਵਾਲੇ ਪੌਦਿਆਂ 'ਤੇ ਵੀ ਅਸਰ ਹੁੰਦਾ ਹੈ। ਇਸ ਬਿਮਾਰੀ ਦੇ ਕੀਟਾਣੂ (ਨੀਮਾਟੋਡ) ਕਾਫੀ ਸਮੇਂ ਤਕ ਮਿੱਟੀ 'ਚ ਜਿਊਂਦੇ ਰਹਿੰਦੇ ਹਨ। ।

**ਰੋਕਥਾਮ** : ਜਿਨ੍ਹਾਂ ਖੇਤਾਂ 'ਚ ਇਹ ਬਿਮਾਰੀ ਲਗਦੀ ਹੋਵੇ, ਉਥੇ ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀ ਕਿਸਮ ਪੰਜਾਬ ਐੱਨਆਰ-7 ਬੀਜੋ। ਸਬਜ਼ੀਆਂ ਦੀ ਪਨੀਰੀ ਤਿਆਰ ਕਰਨ ਵਾਲੀ ਥਾਂ ਨੂੰ ਭਰਵਾ ਪਾਣੀ ਲਾ ਕੇ ਪਲਾਸਟਿਕ ਦੀ ਚਾਦਰ ਨਾਲ ਮਈ-ਜੂਨ ਦੇ ਮਹੀਨੇ 'ਚ ਚੰਗੀ ਤਰ੍ਹਾਂ ਢਕ ਕੇ 40 ਦਿਨਾਂ ਵਾਸਤੇ ਧੁੱਪ ਲਗਾਓ। ਤੋਰੀਆ ਜਾਂ ਤਾਰਾਮੀਰੇ ਦੀ 40 ਦਿਨਾਂ ਦੀ ਫ਼ਸਲ ਪਨੀਰੀ ਵਾਲੀਆਂ ਕਿਆਰੀਆਂ ਵਿਚ ਬਿਜਾਈ ਤੋਂ 10 ਦਿਨ ਪਹਿਲਾਂ ਵਾਹ ਦਿਓ ਤੇ 3-4 ਵਾਰੀ ਵਾਹ ਕੇ ਪਨੀਰੀ ਬੀਜਣ ਲਈ ਕਿਆਰੀਆਂ ਬਣਾਓ। ਨਰਸਰੀ ਵਾਲੇ ਪੌਦਿਆਂ ਨੂੰ ਡਾਈਮੈਥੋਏਟ (10 ਮਿਲੀਲੀਟਰ) ਰੋਗਰ 30 ਤਾਕਤ ਦਵਾਈ 10 ਲੀਟਰ ਪਾਣੀ 'ਚ ਘੋਲ ਕੇ ਖੇਤ ਵਿਚ ਲਗਾਉਣ ਤੋਂ ਪਹਿਲਾਂ 6 ਘੰਟੇ ਲਈ ਡੁਬੋ ਲਵੋ। •

# ਡੇਅਰੀ ਦੇ ਧੰਦੇ ਨੂੰ ਸਹਾਰਾ ਦੇਣ ਦੀ ਲੋੜ



ਗੁਰਨਾਮ ਸਿੰਘ ਚੌਹਾਨ

ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਪੰਜਾਬ ਸਰਕਾਰ ਨੇ ਡੇਅਰੀ ਧੰਦੇ ਨੂੰ ਬੇਹੱਦ ਪ੍ਰਚਾਰਿਆ ਸੀ। ਪਰ ਸਮੇਂ-ਸਮੇਂ ਠੀਕ ਅਗਵਾਈ ਨਾ ਦੇਣ ਅਤੇ ਦੁੱਧ ਦੇ ਭਾਅ ਵਿੱਚ ਆਈ ਗਿਰਾਵਟ ਨੇ ਡੇਅਰੀ ਫ਼ਾਰਮ ਮਾਲਕਾਂ ਨੂੰ ਵੱਡੇ ਆਰਥਿਕ ਘਾਟੇ ਵੱਲ ਧੱਕ ਦਿੱਤਾ ਹੈ। ਖੁਸ਼ਹਾਲ ਜੀਵਨ ਜਿਉਣ ਦੀ ਆਸ ਵਿੱਚ ਖੋਲ੍ਹੇ ਗਏ ਡੇਅਰੀ ਫਾਰਮ ਫੇਲ੍ਹ ਹੋ ਰਹੇ ਹਨ। ਗਾਵਾਂ ਲਈ ਬਣਾਏ ਸ਼ੈੱਡ ਖਾਲੀ ਪਏ ਹੋਣ ਕਰਕੇ ਕਬਾੜ ਬਣਦੇ ਜਾ ਰਹੇ ਹਨ।

ਪੰਜਾਬ ਸਰਕਾਰ ਨੇ ਰਾਜ ਵਿੱਚ ਜ਼ਮੀਨਦੋਜ਼ ਪਾਣੀ ਦੀ ਬੱਚਤ ਨੂੰ ਮੁੱਖ ਰੱਖਦਿਆਂ ਫ਼ਸਲੀ ਵਿਭਿੰਨਤਾ ਸੂਬੇ ਵਿੱਚ ਸਹਾਇਕ ਧੰਦਿਆਂ ਸਬੰਧੀ ਕਿਸਾਨਾਂ ਨੂੰ ਰੁਚਿਤ ਕਰਨ ਵੱਲ ਰੁਚੀ ਦਿਖਾਈ ਸੀ। ਤਤਕਾਲੀ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਪਸ਼ੂਆਂ ਦੀ ਨਸਲ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਡੇਅਰੀ ਦੇ ਧੰਦੇ ਨੂੰ ਪ੍ਰਫੁੱਲਿਤ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਸੀ ਜਿਸ ਤਹਿਤ ਬੈਂਕਾਂ ਵੱਲੋਂ ਡੇਅਰੀ ਫਾਰਮ ਖੋਲ੍ਹਣ ਲਈ ਕਿਸਾਨਾਂ ਨੂੰ ਆਸਾਨ ਕਰਜ਼ੇ ਦਿੱਤੇ ਗਏ। ਕਿਸਾਨਾਂ ਨੇ ਡੇਅਰੀ ਫਾਰਮ ਖੋਲ੍ਹ ਕੇ ਦੁੱਧ ਉਤਪਾਦਨ ਵਧਾਇਆ। ਪਰ ਪੰਜਾਬ ਵਿੱਚ ਵੱਧੇ ਦੁੱਧ ਦੇ ਉਤਪਾਦਨ ਅਤੇ ਕੁਝ ਲੋਕਾਂ ਵੱਲੋਂ ਸੰਥੈਟਿਕ ਦੁੱਧ ਵੱਡੀ ਮਾਤਰਾ ਵਿਚ ਮਾਰਕੀਟ ਵਿਚ ਲਿਆਉਣ ਕਾਰਨ ਦੁੱਧ ਦੀਆਂ ਕੀਮਤਾਂ ਵਿੱਚ ਮੰਦਾ ਆ ਗਿਆ ਜਿਸ ਕਾਰਨ ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਦਾ ਆਰਥਿਕ ਘਾਟਾ ਹੋਰ ਵੱਧ ਗਿਆ। ਪੰਜਾਬ ਸਰਕਾਰ ਨੇ ਡੇਅਰੀ ਦਾ ਧੰਦਾ ਸ਼ੁਰੂ ਕਰਨ ਵਾਲਿਆਂ ਨੂੰ ਪਹਿਲਾਂ ਬਕਾਇਦਾ ਸਿਖਲਾਈ ਦੇ ਕੇ ਹੀ ਕਰਜ਼ੇ ਦੀ ਸੁਵਿਧਾ ਦਿੱਤੀ ਸੀ ਪਰ ਉੱਚ ਪਾਏ ਦੀ ਟਰੇਨਿੰਗ ਨਾ ਮਿਲਣ ਕਰਕੇ ਮਹਿੰਗੀਆਂ ਗਾਵਾਂ ਦੀ ਸਾਂਭ ਸੰਭਾਲ ਤੇ ਗਰਮ ਵਾਤਾਵਰਣ ਦੇ ਅਨੁਕੂਲ ਪ੍ਰਬੰਧਾਂ ਦੀ ਘਾਟ ਡੇਅਰੀ ਫਾਰਮਾਂ ਨੂੰ ਫੇਲ੍ਹ ਕਰਨ ਦਾ ਕਾਰਨ ਸਾਬਤ ਹੋਈ ਹੈ ਡੇਅਰੀ ਫਾਰਮ ਮਾਲਕਾਂ ਨੂੰ ਉਚ ਪਾਏ ਦੀ ਸਿਖਲਾਈ ਨਾ ਮਿਲਣਾ, ਸਿੰਥੈਟਿਕ ਦੁੱਧ ਦੀ ਬਾਜ਼ਾਰ ਵਿਚ ਵਿਕਰੀ ਨਾ ਰੁਕਣਾ, ਮਜ਼ਦੂਰਾਂ ਦੀ ਘਾਟ, ਮਹਿੰਗੀ ਮਜ਼ਦੂਰੀ ਤੇ ਤੂੜੀ ਅਤੇ ਦੁੱਧ ਦਾ ਰੇਟ ਘੱਟ ਤੇ ਫੀਡ ਦੇ ਭਾਅ ਬਹੁਤ ਜ਼ਿਆਦਾ ਹੋਣਾ, ਫਾਰਮਾਂ ਦੇ ਫੇਲ੍ਹ ਹੋਣ ਦਾ ਵੀ ਕਾਰਨ ਹਨ। ਪਸ਼ੂ ਪਾਲਣ ਵਿਭਾਗ ਵੱਲੋਂ ਕਰਜ਼ਾ ਲੈ ਕੇ ਡੇਅਰੀ ਫਾਰਮ ਖੋਲ੍ਹਣ ਵਾਲੇ ਕਿਸਾਨਾਂ ਨੂੰ ਕਰਜ਼ਾ ਦੇਣ ਵੇਲੇ ਸਬਸਿਡੀਆਂ ਦਿਵਾਉਣ ਦੇ ਵਾਅਦੇ ਕੀਤੇ ਗਏ ਪਰ ਬਾਅਦ ਵਿੱਚ ਕਿਸਾਨਾਂ ਦੀ ਕੋਈ ਬਾਤ ਨਹੀਂ ਪੁੱਛਦਾ। ਜਾਣਕਾਰੀ ਘੱਟ ਹੋਣ ਕਰਕੇ ਕਿਸਾਨ ਥੱਕ ਹਾਰ ਕੇ ਬੈਠ ਗਏ ਹਨ। ਭਾਵੇਂ ਸੰਥੈਟਿਕ ਦੁੱਧ ਸਿੱਧੇ ਰੂਪ ਵਿੱਚ ਮਾਰਕਿਟ ਵਿੱਚ ਨਹੀਂ ਮਿਲਦਾ ਪਰ ਦੁੱਧ ਦੇ ਪਦਾਰਥ ਬਣਾਉਣ ਲਈ ਅਸਾਨੀ ਨਾਲ ਮਿਲ ਜਾਣਾ ਬਜ਼ਾਰ ਵਿੱਚ ਦੁੱਧ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦਾ ਹੈ। ਬਜ਼ਾਰ ਵਿੱਚੋਂ ਦੁੱਧ ਵੀਹ ਤੋਂ ਤੀਹ ਰੁਪੈ ਲੀਟਰ ਮਿਲਦਾ ਹੈ ਜਦੋਂਕਿ ਗਾਵਾਂ ਲਈ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਚੰਗੀ ਪੋਸ਼ਟਿਕ ਖੁਰਾਕ ਦੇ ਰੇਟ ਦੁੱਧ ਦੇ ਮੁਕਾਬਲੇ ਕਈ ਗੁਣਾ ਵੱਧ ਹਨ। ਇਸ ਦੇ ਨਾਲ ਹੀ ਬਜ਼ਾਰੂ ਫੀਡ ਵਿੱਚ ਹੋਣ ਵਾਲੀਆਂ ਹੇਰਾਫੇਰੀਆਂ ਤੇ ਪੋਸ਼ਟਿਕਤਾ ਦੀ ਘਾਟ ਫਾਰਮਾਂ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਕਾਰਨ ਬਣੀ ਹੈ। ਪਸ਼ੂਆਂ ਦੀ ਵਿਕਰੀ ਸਬੰਧੀ ਕੇਂਦਰ ਸਰਕਾਰ ਵੱਲੋਂ ਬਣਾਏ ਨਵੇਂ ਕਾਨੂੰਨ ਵੀ ਡੇਅਰੀ ਫਾਰਮਾਂ ਲਈ ਵੱਡੀ ਸਿਰਦਰਦੀ ਬਣਨਗੇ। ਪੰਜਾਬ ਸਰਕਾਰ ਨੂੰ ਇਸ ਅਹਿਮ ਸਹਾਇਕ ਧੰਦੇ ਨੂੰ ਮੁੜ ਪੈਰਾਂ ’ਤੇ ਲਿਆਉਣ ਲਈ ਡੇਅਰੀ ਫਾਰਮ ਮਾਲਕਾਂ ਦੀਆਂ ਮੁਸ਼ਕਲਾਂ ਵੱਲ ਤੁਰਤ ਧਿਆਨ ਦੇਣਾ ਚਾਹੀਦਾ ਹੈ।

ਸੰਪਰਕ: 097815-74100

# ਕਿਉਂ ਚੜ੍ਹਾਈ ਜਾਂਦੀ ਹੈ ਫਲਾਂ ’ਤੇ ਮੋਮ ਦੀ ਪਰਤ ?

ਪ੍ਰੋ. ਐਚ. ਐਸ. ਡਿੰਪਲ

ਜਿਸ ਤਰ੍ਹਾਂ ਸਰੀਰ ਦੇ ਕੁਝ ਭਾਗਾਂ ਤੋਂ ਅਣਚਾਹੇ ਵਾਲ ਉਤਾਰਣ ਲਈ ਮੋਮ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਵੈਕਸਿੰਗ ਵੀ ਆਖਿਆ ਜਾਂਦਾ ਹੈ, ਉਵੇਂ ਹੀ ਫਲਾਂ ਦੀ ਦਿੱਖ ਸੁਧਾਰਨ, ਉਨ੍ਹਾਂ ਨੂੰ ਦੇਰ ਤਕ ਖ਼ਰਾਬ ਹੋਏ ਬਿਨਾਂ ਸੰਭਾਲਣ ਅਤੇ ਉਲੀ ਜਾਂ ਕੀਟ ਦੇ ਹਮਲੇ ਤੋਂ ਬਚਾਉਣ ਲਈ, ਫਲਾਂ ਦੀ ਵੀ ਵੈਕਸਿੰਗ ਕੀਤੀ ਜਾਂਦੀ ਹੈ। ਫਲਾਂ ਦੀ ਵੈਕਸਿੰਗ ਕਰਨ ਲਈ ਇਨ੍ਹਾਂ ਤੇ ਮੋਮ ਦੀ ਇਕ ਪਰਤ ਚੜ੍ਹਾਈ ਜਾਂਦੀ ਹੈ। ਅਸਲ ਵਿਚ ਫਲਾਂ (ਕੁਝ ਸਬਜ਼ੀਆਂ ਸਮੇਤ) ਤੇ ਪਹਿਲਾਂ ਹੀ ਕੁਦਰਤੀ ਤੌਰ ਹੀ ਸੁਭਾਵਿਕ ਮੋਮ ਦੀ ਇਕ ਪਰਤ ਚੜ੍ਹੀ ਹੁੰਦੀ ਹੈ। ਫਲਾਂ ਵਿਚ ਸੇਬ ਤੇ ਸਬਜ਼ੀਆਂ ਵਿਚ ਬੈਂਗਣ ’ਤੇ ਇਹ ਪਰਤ ਅਕਸਰ ਦੇਖੀ ਜਾ ਸਕਦੀ ਹੈ। ਇਹ ਪਰਤ ਬਹੁਤ ਹੀ ਪਤਲੀ ਅਤੇ ਮਾਮੂਲੀ ਹੁੰਦੀ ਹੈ ਤੇ ਬਨਾਵਟੀ ਵੈਕਸਿੰਗ ਕਰਨ ਲਈ ਪਹਿਲਾਂ ਇਸ ਕੁਦਰਤੀ ਮੋਮ ਨੂੰ ਗਰਮ ਪਾਣੀ ਦੁਆਰਾ ਉਤਾਰਿਆ ਜਾਂਦਾ ਹੈ ਤੇ ਫਿਰ ਕੁਦਰਤੀ ਮੋਮ ਜਾਂ ਪੈਟਰੋਲੀਅਮ-ਆਧਾਰਤ ਪਦਾਰਥ ਰਾਹੀਂ ਮੁੜ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਫਲਾਂ ਜਾਂ ਸਬਜ਼ੀਆਂ ਦੀ ਵੈਕਸਿੰਗ ਕਰਨ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਇਨ੍ਹਾਂ ਦੀ ਦਿੱਖ ਸੁਧਾਰਨਾ ਤੇ ਇਨ੍ਹਾਂ ਵਿਚਲੇ ਪਾਣੀ ਨੂੰ ਸੁੱਕਣ ਤੋਂ ਰੋਕਣਾ, ਜਿਸ ਨਾਲ ਇਨ੍ਹਾਂ ਦਾ ਭਾਰ ਵੀ ਕਾਇਮ ਰਹਿੰਦਾ ਹੈ ਅਤੇ ਇਹ ਰਸਦਾਰ ਵੀ ਰਹਿੰਦੇ ਹਨ। ਸਮੇਂ ਨਾਲ ਖ਼ਰਾਬ ਵੀ ਨਹੀਂ ਹੁੰਦੇ। ਸੰਤਰਾ-ਨਿੰਬੂ ਜਾਤੀ ਦੇ ਫਲਾਂ ’ਤੇ ਅਕਸਰ ਮੋਮ ਚੜ੍ਹਾਈ ਜਾਂਦੀ ਹੈ ਪਰ ਇਸ ਜਾਤੀ ਦੇ ਨਿੰਬੂ ਤੋਂ ਇਲਾਵਾ ਬਾਕੀ ਫਲਾਂ ਦਾ ਛਿਲਕਾ ਅਕਸਰ ਉਤਾਰ ਕੇ ਹੀ ਬਾਕੀ ਪਦਾਰਥ ਨੂੰ ਖਾਣ ਲਈ ਵਰਤਿਆ ਜਾਂਦਾ ਹੈ। ਇਸ ਬਾਰੇ ਜ਼ਿਆਦਾ ਤਵੱਜ਼ੋ ਨਹੀਂ ਦਿੱਤੀ ਜਾਂਦੀ।

ਇਸ ਤੋਂ ਇਲਾਵਾ ਸੇਬਾਂ ’ਤੇ ਵੀ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਇਸ ਨਾਲ ਫਲ ਸੁੰਗੜਦੇ ਨਹੀਂ ਤੇ ਨਾ ਹੀ ਖ਼ਰਾਬ ਹੁੰਦੇ ਹਨ ਤੇ ਗਲਦੇ ਵੀ ਨਹੀਂ। ਫਲਾਂ ਦੀ ਦਿੱਖ ਵੀ ਸੁਧਰ ਜਾਂਦੀ ਹੈ। ਇਨ੍ਹਾਂ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਮੋਮ ਵਿਚ ਰੰਗ ਵੀ ਪਾਏ ਜਾਂਦੇ ਹਨ ਅਤੇ ਉਲੀਨਾਸ਼ਕ ਪਾ ਕੇ ਇਨ੍ਹਾਂ ਦੀ ਉਮਰ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਖਮੀਰੀਕਰਨ ਲਈ ਮੋਮ ਦੀ ਵਰਤੋਂ ਦਾ ਰਿਵਾਜ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਕੀਤਾ ਜਾ ਰਿਹਾ ਹੈ। ਵਪਾਰੀਕਰਨ ਲਈ ਉਤਪਾਦਕਾਂ ਵਜੋਂ ਇਸ ਦੀ ਵਰਤੋਂ 1927 ਵਿਚ ਆਰੰਭ ਕੀਤੀ ਗਈ। ਕਸਾਵਾ, ਖੀਰਾ ਅਤੇ ਟਮਾਟਰਾਂ ਨੂੰ ਵੀ ਅਕਸਰ ਵੈਕਸ ਕਰਨ ਦਾ ਰਿਵਾਜ ਹੈ। ਮੋਮ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਸਟੋਰੇਜ਼ ਵੈਕਸ (ਫਲ ਦੀ ਲੰਮੀ ਉਮਰ ਲਈ), ਪੈਕ-ਆਊਟ ਵੈਕਸ (ਇਕਦਮ ਵੇਚਣ ਲਈ) ਅਤੇ ਹਾਈਸ਼ਾਈਨ ਵੈਕਸ (ਆਕਰਸ਼ਣ ਵਧਾਉਣ ਲਈ)।

ਗੰਨਾ, ਕਰਨੌਬਾ, ਸ਼ੈਲੇਕ ਜਾਂ ਰੇਜ਼ਿਨ ਤੋਂ ਤਿਆਰ ਮੋਮ ਨੂੰ ਜੈਵਿਕ ਮੋਮ ਤੇ ਰਸਾਇਣਕ ਸਿਧਾਂਤ ਰਾਹੀਂ ਤਿਆਰ ਮੋਮ ਨੂੰ ਪੈਟਰੋਲੀਅਮ ਆਧਾਰਤ ਆਖਿਆ ਜਾਂਦਾ ਹੈ। ਇਸ ਲਈ ਕਈ ਵਾਰ ਤਾਂ ਮੋਮ ਦੇ ਘੋਲ ਵਿਚ ਫਲਾਂ ਨੂੰ ਡੁਬੋਇਆ ਜਾਂਦਾ ਹੈ ਤੇ ਕਈ ਵਾਰ ਮੋਮ ਨੂੰ ਕੂਚੇ ਰਾਹੀਂ ਜਾਂ ਕੱਪੜੇ ਤੇ ਲਗਾ ਕੇ ਫਲ ’ਤੇ ਲਗਾਇਆ ਜਾਂਦਾ ਹੈ। ਤਾਲ-ਪਰਲੌਂਗ, ਸੈਂਪਰ ਫਰੈਸ਼, ਫਰੂਟੋਕਸ, ਕਲੀਨ, ਨਿਪਰੋ ਫਰੈਸ਼ ਅਤੇ ਡੈਕੋ ਲਸਟਰ ਆਦਿ ਬਨਾਵਟੀ ਮੋਮ ਦੇ ਪ੍ਰਸਿਧ ਬ੍ਰਾਂਡ ਹਨ।



# ਲਾਹੇਵੰਦਾ ਸਹਾਇਕ ਧੰਦਾ: ਖੁੰਬਾਂ ਦੀ ਕਾਸ਼ਤ

• ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ

ਖੁੰਬ ਜੋ ਕਿ ਉੱਲੀ ਤੋਂ ਉਤਪੰਨ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ ਖਾਣ ਵਾਲੀ ਉੱਲੀ ਵੀ ਕਹਿ ਸਕਦੇ ਹਾਂ। ਕੁੱਝ ਖੁੰਬਾ ਜ਼ਹਿਰੀਲੀਆਂ ਵੀ ਹੁੰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦੀਆਂ ਕਿਸਮਾਂ ਤਿਆਰ ਕੀਤੀਆਂ ਹਨ ਕਾਸ਼ਤਕਾਰ ਸਾਰਾ ਸਾਲ ਹੀ ਇਨ੍ਹਾਂ ਨੂੰ ਉਗਾ ਸਕਦੇ ਹਨ। ਇਨ੍ਹਾਂ ਵਿੱਚੋਂ ਬਟਨ, ਢੀਂਗਰੀ ਅਤੇ ਸਿਟਾਕੀ ਸਰਦੀਆਂ ਵਿੱਚ ਉਗਾਈਆਂ ਜਾ ਸਕਦੀਆਂ ਹਨ ਅਤੇ ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬਾਂ ਉਗਾਈਆਂ ਜਾ ਸਕਦੀਆਂ ਹਨ। ਖੁੰਬਾਂ ਦੀਆਂ ਕਿਸਮਾਂ ਤੇ ਉਨ੍ਹਾਂ ਨੂੰ ਉਗਾਉਣ ਦੇ ਢੰਗ ਇਸ ਤਰ੍ਹਾਂ ਹਨ:

ਬਟਨ ਖੁੰਬ: ਬਟਨ ਖੁੰਬ ਨੂੰ ਉਗਾਉਣ ਲਈ ਸਭ ਤੋਂ ਪਹਿਲਾਂ ਕੰਪੋਸਟ ਤਿਆਰ ਕਰਨੀ ਪੈਂਦੀ ਹੈ। ਇਸ ਦੀ ਕੰਪੋਸਟ 28 ਤੋਂ 30 ਦਿਨਾਂ ਵਿੱਚ ਤਿਆਰ ਕੀਤੀ ਜਾ ਸਕਦੀ ਹੈ। ਮੌਸਮ ਦੇ ਮਿਜਾਜ ਨੂੰ ਦੇਖਦੇ ਹੋਏ ਇਸ ਨੂੰ ਬੀਜਣ ਦੀ ਤਿਆਰੀ ਕਰਨੀ ਚਾਹੀਦੀ ਹੈ। ਕੰਪੋਸਟ ਬਣਨ ਤੋਂ ਬਾਅਦ ਜਦੋਂ ਬੀਜਣੀ ਹੋਵੇ ਤਾਂ ਉਸ ਸਮੇਂ ਮੌਸਮ ਗਰਮ ਨਹੀਂ ਹੋਣਾ ਚਾਹੀਦਾ। ਇਸ ਵਾਸਤੇ 18 ਤੋਂ 25 ਡਿਗਰੀ ਤਾਪਮਾਨ ਵਧੀਆ ਮੰਨਿਆ ਜਾਂਦਾ ਹੈ। ਕੰਪੋਸਟ ਤਿਆਰ ਕਰਨ ਲਈ ਸਭ ਤੋਂ ਪਹਿਲਾਂ 3 ਕੁਇੰਟਲ ਤੂੜੀ (ਜਾਂ 4 ਹਿੱਸੇ ਤੂੜੀ 1 ਹਿੱਸਾ ਪਰਾਲ਼ੀ) ਨੂੰ ਪੱਕੇ ਫਰਸ਼ ’ਤੇ ਗਿੱਲਾ ਕਰੋ। ਉੱਪਰ ਸ਼ੈੱਡ ਹੋਣਾ ਜ਼ਰੂਰੀ ਹੈ। ਇਸ ਤੂੜੀ ਨੂੰ 24 ਤੋਂ 48 ਘੰਟੇ ਤੱਕ ਪੂਰਾ ਗਿੱਲਾ ਰੱਖੋ। ਇਸ ਵਿੱਚ ਨਮੀ ਦੀ ਮਾਤਰਾ 70 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਨਮੀਂ ਦੀ ਮਾਤਰਾ ਚੈੱਕ ਕਰਨ ਲਈ ਜਦੋਂ ਗਿੱਲੀ ਤੂੜੀ ਨੂੰ ਮੁੱਠੀ ਵਿੱਚ ਲੈ ਕੇ ਘੁੱਟੋਗੇ ਤਾਂ ਪਾਣੀ ਦੀਆਂ ਬੂੰਦਾਂ ਉਂਗਲੀਆਂ ਦੇ ਜੋੜਾਂ ਵਿੱਚੋਂ ਟਪਕਣਗੀਆਂ। ਇਸ ਤਿਆਰ ਤੂੜੀ ਵਿੱਚ 1 ਕਿਲੋ ਡੀਏਪੀ, 6.5 ਕਿਲੋ ਯੂਰੀਆ, 3 ਕਿਲੋ ਸੁਪਰਫਾਸਫੇਟ, 15 ਕਿਲੋ ਚੋਕਰ (ਛਾਣ ਬੂਰਾ) ਰਲਾ ਕੇ ਚੰਗੀ ਤਰ੍ਹਾਂ ਰਲਾਵੋ। ਇਸ ਸਮੱਗਰੀ ਨੂੰ 4 ਦਿਨ ਤੱਕ ਢੇਰ ਲਗਾ ਕੇ ਰੱਖੋ। ਚੌਥੇ ਦਿਨ 5 ਕਿਲੋ ਗੁੜ ਦਾ ਸੀਰਾ ਚੰਗੀ ਤਰ੍ਹਾਂ ਰਲਾ ਕੇ ਢੇਰ ਲਗਾ ਦੇਵੋ। ਅੱਠਵੇਂ ਦਿਨ ਖਾਲੀ ਰਲਾ ਲਵੋ ਤੇ ਢੇਰ ਲਗਾਉ। 12ਵੇਂ ਦਿਨ 30 ਕਿਲੋ ਜਿਪਸਮ ਪਾਉ, ਮਿਕਸ ਕਰੋ ਤੇ ਢੇਰ ਲਗਾ ਦੇਵੋ। 16ਵੇਂ ਦਿਨ ਕੁੱਝ ਨਹੀਂ ਪਾਉਣਾ ਤੂੜੀ ਨੂੰ ਫਰੋਲ਼ ਕੇ ਦੂਜੀ ਜਗ੍ਹਾ ਢੇਰੀ ਲਗਾਉ। 20ਵੇਂ ਦਿਨ 150 ਮਿਲੀਲੀਟਰ ਫਿਊਰਡਮ ਮਿਲਾਉ। 24ਵੇਂ ਦਿਨ ਤੂੜੀ ਨੂੰ ਚੰਗੀ ਤਰ੍ਹਾਂ ਫਰੋਲ ਕੇ ਦੁਬਾਰਾ ਢੇਰ ਲਗਾਉ ਇਸ ਵਿੱਚ ਹੋਰ ਕੁੱਝ ਨਹੀਂ ਪਾਉਣਾ। 28ਵੇਂ ਦਿਨ 60 ਮਿਲੀਗ੍ਰਾਮ ਗਾਮਾ ਰਲਾ ਲਵੋ ਅਤੇ ਤੁਹਾਡਾ ਸਟੈਗ ਜਾਂ ਤੂੜੀ ਖੁੰਬ ਬੀਜਣ ਵਾਸਤੇ ਤਿਆਰ ਹੈ। ਕੰਪੋਸਟ ਭੂਰੇ ਰੰਗ ਦਾ ਹੋ ਜਾਵੇਗਾ। ਧਿਆਨ ਦੇਣ ਯੋਗ ਗੱਲ ਹੈ ਕਿ ਕੰਪੋਸਟ ਵਿੱਚੋਂ ਅਮੋਨੀਆ ਦਾ ਮੁਸ਼ਕ ਨਾ ਆਉਂਦਾ ਹੋਵੇ। ਇਸ ਢੇਰ ਦੀ ਦਾ ਪੀਐਚ ਮੁੱਲ 7 ਤੋਂ 8 ਹੋਵੇ ਅਤੇ ਨਮੀ 65 ਤੋਂ 75 ਫ਼ੀਸਦੀ ਤੱਕ ਹੋਵੇ।

ਬਿਜਾਈ: ਮੌਸਮ ਨੂੰ ਦੇਖਦੇ ਹੋਏ ਬਿਜਾਈ ਕਰੋ। 20 ਕਿਲੋ ਦੀ ਢੇਰੀ ਵਿੱਚ 250-300 ਗ੍ਰਾਮ ਬੀਜ ਲਵੋ। 10 ਗ੍ਰਾਮ ਬੀਜ ਨੂੰ ਰੱਖ ਕੇ ਬਾਕੀ ਦੇ ਬੀਜ ਨੂੰ 20 ਕਿਲੋ ਕੰਪੋਸਟ ਵਿੱਚ ਰਲਾ ਦੇਵੋ। 5-5 ਕਿਲੋ ਦੇ ਚਾਰ ਲਿਫਾਫੇ ਤੁੰਨ-ਤੁੰਨ ਕੇ ਭਰ ਲਵੋ। ਲਿਫਾਫਿਆਂ ਦੇ ਉੱਪਰ ਬਚਾਏ ਹੋਏ ਬੀਜ ਦੇ ਕੁੱਝ ਦਾਣੇ ਖਿਲਾਰ ਕੇ ਬੰਦ ਕਰ ਦੇਵੋ। ਇਨ੍ਹਾਂ ਲਿਫਾਫਿਆਂ ਨੂੰ ਅਲੱਗ ਕਮਰੇ ਵਿੱਚ ਰੱਖ ਲਵੋ। 15 ਕੁ ਦਿਨਾਂ ਵਿੱਚ ਚਿੱਟਾ ਰੇਸ਼ਾ ਦਿਖਾਈ ਦੇਵੇਗਾ। ਹੁਣ ਇਨ੍ਹਾਂ ਲਿਫਾਫਿਆਂ ਦੇ ਉਪਰ ਕੇਸਿੰਗ ਤਿਆਰ ਕਰਕੇ ਪਾਉਣੀ ਹੈ। ਕੇਸਿੰਗ ਤਿਆਰ ਕਰਨ ਲਈ 4 ਹਿੱਸੇ ਰੂੜੀ 1 ਹਿੱਸਾ ਖੇਤ ਦੀ ਰੇਤਲੀ ਮਿੱਟੀ ਵਿੱਚ 4 ਫ਼ੀਸਦੀ ਫਾਰਮੈਲਡੀਹਾਈਟ ਪਾ ਕੇ ਰਲਾ ਲੈਣਾ ਹੈ। ਇਸ ਨੂੰ ਕੰਪੋਸਟ ਵਾਲ਼ੇ ਲਿਫਾਫਿਆਂ ਦੇ ਉੱਪਰੋ ਖੋਹਲ ਕੇ ਤਕਰੀਬਨ ਡੇਢ ਇੰਚ ਤੱਕ ਪਾ ਦੇਣਾ ਹੈ। ਹਰ ਰੋਜ਼ ਹੱਥ ਵਾਲੇ ਸਪਰੇਅ ਪੰਪ ਨਾਲ਼ ਪਾਣੀ ਛਿੜਕਾਅ ਕਰਨਾ ਹੈ। 12 ਤੋਂ 15 ਦਿਨਾਂ ਤੱਕ ਖੁੰਬਾ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਬਿਨਾ ਧੋਤੇ ਪੈਕ ਕਰਕੇ ਵੇਚੋ ਜਾਂ ਇਨ੍ਹਾਂ ਦਾ ਅਚਾਰ ਆਦਿ ਬਣਾ ਕੇ ਵੇਚੋ।

ਢੀਂਗਰੀ: ਇਹ ਖੁੰਬ ਵੀ ਸਰਦੀਆਂ ਵਿੱਚ ਹੀ ਉਗਾਈ ਜਾਂਦੀ ਹੈ। ਇਸ ਵਿੱਚ ਖ਼ੁਰਾਕੀ ਤੱਤ ਬਟਨ ਖੁੰਬ ਵਾਲ਼ੇ ਹੀ ਹੁੰਦੇ ਹਨ ਪਰ ਦਿੱਖ ਪੱਖੋ ਇਹ ਬਹੁਤੀ ਸੋਹਣੀ ਨਹੀਂ ਲੱਗਦੀ। ਇਹ ਕਿਸਮ ਉਗਾਉਣੀ ਬਹੁਤ ਆਸਾਨ ਹੈ। ਇਸ ਨੂੰ ਉਗਾਉਣ ਲਈ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਹੁੰਦੀ। ਤੂੜੀ ਨੂੰ ਚੰਗੀ ਤਰ੍ਹਾਂ ਗਿੱਲੀ ਕਰੋ। ਜਦੋਂ ਤੂੜੀ ਵਿੱਚ ਨਮੀ ਦੀ ਮਾਤਰਾ 65 ਤੋਂ 75 ਫ਼ੀਸਦੀ ਹੋ ਜਾਵੇ ਤਾਂ ਬੀਜਾਈ ਕਰ ਸਕਦੇ ਹੋ। ਇਸ ਲਈ ਤੂੜੀ ਦੋ ਦਿਨ ਵਿੱਚ ਹੀ ਤਿਆਰ ਹੋ ਜਾਂਦੀ ਹੈ। ਬਿਜਾਈ ਲਈ 5-5 ਕਿਲੋ ਦੀਆਂ ਢੇਰੀਆਂ ਲਗਾਉ। 5 ਕਿਲੋ ਦੀ ਢੇਰੀ ਵਿੱਚ 250 ਗ੍ਰਾਮ ਬੀਜ ਰਲਾਉ। ਯਾਦ ਰੱਖੋ 10 ਗ੍ਰਾਮ ਬੀਜ ਵੱਖ ਰੱਖ ਲਵੋ। ਢਾਈ ਕਿਲੋ ਦੇ ਲਿਫਾਫੇ ਵਿੱਚ ਬੀਜ ਰਲੀ ਤੂੜੀ ਨੂੰ ਚੰਗੀ ਤਰ੍ਹਾਂ ਤੁੰਨ-ਤੁੰਨ ਕੇ ਭਰੋ। ਬਚੇ ਹੋਏ ਥੋੜ੍ਹੇ ਜਿਹੇ ਬੀਜ ਉਪਰਲੇ ਪਾਸੇ ਖ਼ਿਲਾਰ ਕੇ ਲਿਫਾਫੇ ਨੂੰ ਰੱਸੀ ਨਾਲ਼ ਕਸ ਕੇ ਬੰਨ੍ਹ ਦੇਵੋ ਅਤੇ ਥੱਲੇ ਦੋਵੇਂ ਪਾਸਿਆਂ ਤੋਂ ਥੋੜ੍ਹਾ ਕੱਟ ਲਗਾ ਦੇਵੋ। ਇਸ ਪੈਕਟ ਨੂੰ ਕਮਰੇ ਵਿੱਚ ਸ਼ੈਲਫਾਂ ’ਤੇ ਰੱਖ ਦੇਵੋ। 20 ਤੋਂ 22 ਦਿਨਾਂ ਤੱਕ ਲਿਫਾਫੇ ਵਿੱਚ ਚਿੱਟੇ ਰੰਗ ਦਾ ਰੇਸ਼ਾ ਫੈਲ ਜਾਵੇਗਾ। ਜਦੋਂ ਰੇਸ਼ਾ ਫੈਲ ਜਾਵੇ ਤਾਂ ਲਿਫਾਫੇ ਨੂੰ ਪਾੜ ਕੇ ਅਲੱਗ ਕਰੋ ਅਤੇ ਤੂੜੀ ਦਾ ਸਟੈਗ ਲੱਗਿਆ ਰਹਿ ਜਾਵੇਗਾ। ਇਸ ਨੂੰ ਹਰ ਰੋਜ਼ ਹਲਕੀ ਫ਼ੂਹਾਰ ਨਾਲ਼ ਪਾਣੀ ਦਾ ਛਿੱਟਾ ਦੇਵੋ। ਥੋੜ੍ਹੇ ਦਿਨਾਂ ਬਾਅਦ ਖੂੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੂੰਬਾਂ ਨੂੰ ਸਾਵਧਾਨੀ ਨਾਲ਼ ਤੋੜ ਕੇ ਬਿਨਾਂ ਧੋਤੇ ਪੈਕ ਕਰਕੇ ਵੇਚ ਸਕਦੇ ਹੋ।

ਸਿਟਾਕੀ ਖੁੰਬ: ਇਹ ਮੈਡੀਕਲ ਖੂੰਬ ਹੈ। ਇਹ ਕਾਫੀ ਮਹਿੰਗੀ ਵੀ ਹੁੰਦੀ ਹੈ ਅਤੇ ਆਮ ਘਰਾਂ ਵਿੱਚ ਸੌਖੇ ਤਰੀਕੇ ਨਹੀਂ ਉਗਾਈ ਜਾ ਸਕਦੀ। ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬ ਆਸਾਨੀ ਨਾਲ਼ ਉਗਾਈਆਂ ਜਾ ਸਕਦੀਆਂ ਹਨ-

ਮਿਲਕੀ ਖੁੰਬ: ਮਿਲਕੀ ਖੁੰਬ ਲਈ ਤਾਪਮਾਨ 28 ਤੋਂ 35 ਡਿਗਰੀ ਸੈਲਸੀਅਸ ਚਾਹੀਦਾ ਹੈ। ਇਸ ਨੂੰ ਉਗਾਉਣ ਲਈ ਤੂੜੀ ਅਤੇ ਪਰਾਲ਼ੀ 50:50 ਜਾਂ ਇਕੱਲ਼ੀ ਤੂੜੀ ਨੂੰ ਇੱਕ ਬੋਰੇ ਵਿੱਚ ਪਾ ਕੇ ਵੱਡੇ ਡਰੰਮ ਵਿੱਚ ਡੇਢ ਤੋਂ ਦੋ ਘੰਟੇ ਤੱਕ ਉਬਾਲ਼ ਲਵੋ। ਇਹ ਜਰਮ ਰਹਿਤ ਹੋ ਜਾਵੇਗੀ ਤੇ ਇਸ ਨੂੰ ਠੰਢੀ ਕਰੋ। ਯਾਦ ਰਹੇ ਨਮੀਂ ਦੀ ਮਾਤਰਾ 65 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਇਸ ਦੀਆਂ 5-5 ਕਿਲੋ ਦੀਆਂ ਢੇਰੀਆਂ ਲਗਾ ਲਵੋ। 5 ਕਿਲੋ ਢੇਰੀ ਵਿੱਚ 200 ਗ੍ਰਾਮ ਬੀਜ ਰਲਾਉ। ਢਾਈ ਕਿਲੋ ਦੇ ਬੈਗ ਭਰੋ ਅਤੇ ਉਪਰੋਂ ਸੇਬੇ ਨਾਲ਼ ਬੰਨ੍ਹ ਕੇ ਪਾਸਿਆਂ ’ਤੇ ਕੱਟ ਮਾਰ ਦੇਵੋ ਅਤੇ ਕਮਰੇ ਦੀਆਂ ਸੈਲਫਾਂ ’ਤੇ ਰੱਖੋ। ਕਮਰੇ ਅੰਦਰ ਨਮੀਂ ਨੂੰ ਬਰਕਰਾਰ ਰੱਖਣ ਲਈ ਕਮਰੇ ਦੀਆਂ ਕੰਧਾਂ ’ਤੇ ਹਰ ਰੋਜ਼ ਪਾਣੀ ਲਗਾਓ, ਧਿਆਨ ਰਹੇ ਕਿ ਬੈਗਾਂ ਨੂੰ ਪਾਣੀ ਨਹੀਂ ਦੇਣਾ। 20 ਤੋਂ 25 ਦਿਨਾਂ ਤੱਕ ਚਿੱਟਾ ਰੇਸ਼ਾ ਨਜ਼ਰ ਆਵੇਗਾ। ਲਿਫਾਫੇ ਨੂੰ ਕੱਟ ਕੇ ਬਾਹਰ ਕਰ ਦੇਵੋ ਤੇ ਪਿੱਛੇ ਤੂੜੀ ਦਾ ਸਟੈਗ ਬਣ ਜਾਵੇਗਾ। ਇਸ ਨੂੰ ਹਰ ਰੋਜ਼ ਪਾਣੀ ਦਾ ਛਿੱਟਾ ਦੇਵੋ। ਕਮਰੇ ਵਿੱਚ ਨਮੀਂ ਬਰਕਰਾਰ ਰੱਖਣੀ ਹੈ। 10 ਤੋਂ 15 ਦਿਨਾਂ ਤੱਕ ਖੁੰਬਾਂ ਫੁੱਟਣੀਆਂ ਸ਼ੁਰੂ ਹੋ ਜਾਣਗੀਆਂ। ਖੁੰਬਾਂ ਨੂੰ ਧਿਆਨ ਨਾਲ਼ ਤੋੜ ਕੇ ਬਿਨਾ ਧੋਤੇ ਪੈਕ ਕਰਕੇ ਮੰਡੀ ਵਿੱਚ ਵੇਚਿਆ ਜਾ ਸਕਦਾ ਹੈ।

ਪਰਾਲ਼ੀ ਖੁੰਬ: ਸੁੱਕੀ ਤੇ ਸਾਫ਼ ਪਰਾਲ਼ੀ ਦੇ ਪੂਲ਼ੇ ਬਣਾ ਲਵੋ। ਇੱਕ ਪੂਲ਼ੇ ਦਾ ਵਜ਼ਨ ਤਕਰੀਬਨ ਇੱਕ ਕਿਲੋ ਤੋਂ ਡੇਢ ਕਿਲੋ ਹੋਣਾ ਚਾਹੀਦਾ ਹੈ। ਇਨ੍ਹਾਂ ਪੂਲ਼ਿਆਂ ਨੂੰ ਦੋਵਾਂ ਸਿਰਿਆਂ ਤੋਂ ਸੇਬੇ ਨਾਲ਼ ਬੰਨ੍ਹ ਲਵੋ। ਸੇਬੇ ਨਾਲ਼ ਬੰਨ੍ਹੇ ਪੂਲ਼ੇ 16 ਤੋਂ 20 ਘੰਟੇ ਪਾਣੀ ਵਿੱਚ ਭਿਉਂ ਦੇਵੋ। ਪਾਣੀ ਵਿੱਚੋਂ ਕੱਢ ਕੇ ਇਨ੍ਹਾਂ ਨੂੰ ਕਿਸੇ ਢਲਵੀ ਥਾਂ ’ਤੇ ਰੱਖੋ ਅਤੇ ਬਿਜਾਈ ਕਰਨ ਵਾਲ਼ੇ ਕਮਰੇ ਵਿੱਚ ਲੈ ਜਾਵੋ। ਇਨ੍ਹਾਂ ਪੂਲ਼ਿਆਂ ਦੀਆਂ ਤਹਿਆਂ ਲਗਾਉ। ਇੱਕ ਤਹਿ ਵਿੱਚ 5-5 ਪੂਲੇ ਹੋਣੇ ਚਾਹੀਦੇ ਹਨ। ਪੰਜ ਪੂਲ਼ੇ ਰੱਖ ਕੇ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਉੱਪਰ 5 ਪੂਲੇ ਰੱਖੋ ਅਤੇ ਫਿਰ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਤੀਜੀ ਤਹਿ ਰੱਖੋ ਅਤੇ 75 ਗ੍ਰਾਮ ਬੀਜ ਖਿਲਾਰ ਦੇਵੋ। ਚੌਥੀ ਤਹਿ ਲਗਾ ਕੇ ਇਸ ਨੂੰ ਥੋੜ੍ਹਾ ਦਬਾਅ ਪਾਉ।

ਪਾਣੀ ਦੇਣਾ: ਪਹਿਲੇ ਦੋ ਦਿਨ ਪਾਣੀ ਦੀ ਲੋੜ ਨਹੀਂ। ਉਸ ਤੋਂ ਬਾਅਦ ਰੋਜ਼ ਪਾਣੀ ਦਾ ਹਲਕਾ ਛਿੜਕਾਅ ਕਰੋ। ਨਮੀਂ ਬਣਾਈ ਰੱਖਣ ਲਈ ਕਮਰੇ ਦੀਆਂ ਕੰਧਾਂ ’ਤੇ ਵੀ ਪਾਣੀ ਦਾ ਛਿੜਕਾਅ ਜ਼ਰੂਰੀ ਹੈ। 7 ਤੋਂ 9 ਦਿਨਾਂ ਤੱਕ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਲਗਾਤਾਰ ਪੂਲ਼ੇ ਰੱਖਣ ਤੇ ਕੁਝ ਸਮਾਂ ਠਹਿਰ ਕੇ ਬਿਜਾਈ ਕਰਨ ਨਾਲ ਅਗਸਤ ਸਤੰਬਰ ਤੱਕ ਖੁੰਬਾਂ ਦੀ ਖੇਤੀ ਕੀਤੀ ਜਾ ਸਕਦੀ ਹੈ। ਜਦੋਂ ਗਰਮੀ ਘਟਣ ਲੱਗੇ ਤਾਂ ਬਟਨ ਖੁੰਬ ਦਾ ਸਟੈਗ ਬਣਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਅਸੀਂ ਪੂਰਾ ਸਾਲ ਖੁੰਬ ਲੈ ਸਕਦੇ ਹਾਂ ਅਤੇ ਆਪਣੀ ਆਮਦਨ ਵਿੱਚ ਚੋਖਾ ਵਾਧਾ ਕਰ ਸਕਦੇ ਹਾਂ। ਆਮਦਨ ਨਾ ਸਹੀ ਘੱਟੋ-ਘੱਟ ਘਰ ਲਈ ਸਬਜ਼ੀ ਲਈ ਜਾ ਸਕਦੀ ਹੈ।

ਅਜਿਹੇ ਯਤਨਾਂ ਨਾਲ ਜਿੱਥੇ ਵਿਹਲੇ ਸਮੇਂ ਦਾ ਸਹੀ ਉਪਯੋਗ ਹੁੰਦਾ ਹੈ, ਉੱਥੇ ਹੀ ਅਸੀਂ ਆਪਣੇ ਖ਼ਰਚਿਆਂ ਦੀ ਪੂਰਤੀ ਵੀ ਕਰ ਸਕਦੇ ਹਾਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਕਿਸਾਨਾਂ ਦੀ ਸਹਾਇਤਾ ਲਈ ਹਰ ਵਕਤ ਤਿਆਰ ਹਨ, ਬਸ ਕਿਸਾਨਾਂ ਨੂੰ ਦ੍ਰਿੜ ਇਰਾਦੇ ਨਾਲ ਇਸ ਪਾਸੇ ਕਦਮ ਵਧਾਉਣ ਦੀ ਲੋੜ ਹੈ। ਕਿਸਾਨ ਮਾਹਿਰਾਂ ਦੇ ਸਹਿਯੋਗ ਦੇ ਨਾਲ ਨਾਲ ਯੂਨੀਵਰਸਿਟੀ ਦੀਆਂ ਮਸ਼ੀਨਾਂ ਨੂੰ ਆਪਣੇ ਫ਼ਾਇਦੇ ਲਈ ਵੀ ਵਰਤ ਸਕਦੇ ਹਨ। ਯੂਨੀਵਰਸਿਟੀ ਕਿਸਾਨਾਂ ਨੂੰ ਸਲਾਹ ਦੇ ਨਾਲ ਨਾਲ ਖੁੰਬਾਂ ਦੇ ਬੀਜ ਵੀ ਮੁਹੱਈਆ ਕਰਵਾਉਂਦੀ ਹੈ।

# ਬਿਮਾਰੀਆਂ ਨੂੰ ਸੱਦਾ ਦਿੰਦੇ ਨੇ ਕਈ ਸਜਾਵਟੀ ਬੂਟੇ

**ਜ਼ਰੂਰਤ ਪੈਣ ’ਤੇ ਗ਼ਮਲਿਆਂ ’ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ ’ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ ’ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ ’ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।**



ਅਮਰਜੀਤ ਸਾਹੀਵਾਲ

ਸਮੇਂ ਦੇ ਨਾਲ ਲੋਕ ਘਰਾਂ ਦੀ ਸਜਾਵਟ, ਵਾਤਾਵਰਨ ਤੇ ਆਲੇ-ਦੁਆਲੇ ਦੀ ਸਫ਼ਾਈ ਵੱਲ ਕਾਫ਼ੀ ਸੁਚੇਤ ਹੋ ਰਹੇ ਹਨ, ਪਰ ਇਹ ਯਤਨ ਉਸ ਪੱਤਰ ਤਕ ਨਹੀਂ ਪੁੱਜੇ ਜਿਸ ਦੀ ਜ਼ਰੂਰਤ ਹੈ। ਅਸੀਂ ਘਰਾਂ ਨੂੰ ਸਜਾਉਣ ਸਮੇਂ ਕੁਝ ਅਜਿਹੀਆਂ ਗ਼ਲਤੀਆਂ ਕਰਦੇ ਹਾਂ ਜਿਸ ਦਾ ਖ਼ਮਿਆਜ਼ਾ ਸਾਨੂੰ ਬਾਅਦ ਵਿੱਚ ਭੁਗਤਣਾ ਪੈਂਦਾ ਹੈ। ਆਮ ਤੌਰ ’ਤੇ ਘਰਾਂ ਦੀ ਬੈਠਕ, ਵਰਾਂਡਾ, ਬਾਲਕਨੀ, ਬਾਥਰੂਮ ਤੇ ਰਸੋਈ ਦੀ ਸੈਲਫ ਸਣੇ ਹੋਟਲਾਂ ਦੇ ਟੇਬਲਾਂ ਦੀ ਸ਼ਾਨ ਵਧਾਉਣ ਲਈ ਮਨੀ ਪਲਾਂਟ ਦਾ ਪੌਦਾ ਆਮ ਹੀ ਵਰਤਿਆ ਜਾਂਦਾ ਹੈ। ਇਹ ਆਸਾਨੀ ਨਾਲ ਕਿਤੇ ਵੀ ਕਿਸੇ ਕੰਟੇਨਰ, ਕੰਚ ਦੀ ਬੋਤਲ ਜਾਂ ਪਲਾਸਟਿਕ ਦੇ ਬਰਤਨ ਵਿੱਚ ਥੋੜ੍ਹੇ ਜਿਹੇ ਪਾਣੀ ਵਿੱਚ ਬਿਨਾਂ ਬਹੁਤੀ ਦੇਖ-ਰੇਖ ਦੇ ਆਸਾਨੀ ਨਾਲ ਉੱਗ ਪੈਂਦਾ ਹੈ। ਇਹ ਪੌਦਾ ਘਰ ਵਿੱਚ ਪੈਸੇ ਤਾਂ ਨਹੀਂ ਲਿਆਉਂਦਾ ਪਰ ਇਸ ਪੌਦੇ ਦੀ ਬੋਤਲ ਜਾਂ ਕੰਟੇਨਰਾਂ ਵਿਚਲਾ ਥੋੜ੍ਹਾ ਜਿਹਾ ਪਾਣੀ ਡੇਂਗੂ ਬੁਖਾਰ ਜ਼ਰੂਰ ਲਿਆਉਂਦਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਪੌਦੇ ਦੇ ਜਾਰ ਜਾਂ ਕੰਟੇਨਰ ਵਿੱਚ ਥੋੜ੍ਹਾ ਜਿਹਾ ਪਾਣੀ ਡੇਂਗੂ ਦੇ ਏਡੀਜ਼ ਮਾਦਾ ਮੱਛਰ ਲਈ ਅੰਡੇ ਦੇਣ ਦੀ ਮਨਪਸੰਦ ਥਾਂ ਹੈ। 50 ਫ਼ੀਸਦੀ ਡੇਂਗੂ ਦਾ ਲਾਰਵਾ ਇਸ ਸਾਫ਼ ਖੜ੍ਹੇ ਪਾਣੀ ਵਿੱਚ ਪਾਇਆ ਜਾਂਦਾ ਹੈ। ਏਡੀਜ਼ ਮਾਦਾ ਮੱਛਰ ਪੌਦੇ ਦੇ ਬਰਤਨ ਦੀਆਂ ਦੀਵਾਰਾਂ ’ਤੇ ਅੰਡੇ ਦਿੰਦੀ ਹੈ। ਇਹ ਲਾਰਵਾ ਛੇਤੀ ਹੀ ਪਿਓਪਾ ਬਣ ਜਾਂਦਾ ਹੈ ਤੇ 2 ਦਿਨਾਂ ਵਿੱਚ ਹੀ ਪੂਰਾ ਮੱਛਰ ਬਣ ਕੇ ਸ਼ਿਕਾਰ ਦੀ ਤਲਾਸ਼ ਵਿੱਚ ਉੱਡ ਜਾਂਦਾ ਹੈ। ਮਨੁੱਖ ਦਾ ਖ਼ੂਨ ਹੀ ਇਸ ਦੀ ਮਨਪਸੰਦ ਖ਼ੁਰਾਕ ਹੈ। ਇਹ ਹੁਸ਼ਿਆਰੀ ਨਾਲ ਉਡ ਕੇ ਸਰੀਰ ਦੇ ਨੰਗੇ ਹਿੱਸਿਆਂ ਜਿਵੇਂ ਲੱਤਾਂ, ਪੈਰਾਂ, ਗਿੱਟਿਆਂ, ਹੱਥਾਂ ਅਤੇ ਨੱਕ ਆਦਿ ’ਤੇ ਕੱਟਦਾ ਹੈ।

ਮੀਂਹਾਂ ਦੇ ਖ਼ਤਮ ਹੁੰਦਿਆਂ ਤੇ ਠੰਢ ਦੇ ਸ਼ੁਰੂ ਹੋਣ ਦੇ ਨਾਲ ਹੀ ਇਨ੍ਹਾਂ ਮੱਛਰਾਂ ਦਾ ਕਹਿਰ ਵੀ ਵਧ ਜਾਂਦਾ ਹੈ। ਇਸ ਦਾ ਕੋਈ ਪੁਖਤਾ ਇਲਾਜ ਨਾ ਹੋਣ ਕਰਕੇ ਖ਼ਤਰਾ ਵਧਦਾ ਹੀ ਜਾਂਦਾ ਹੈ। ਇਸ ਮੱਛਰ ਨੂੰ ਘਰਾਂ ਦੇ ਹਨੇਰੇ ਤੇ ਨਮੀ ਵਾਲੇ ਥਾਂ ਜਿਵੇਂ ਬਾਥਰੂਮ, ਡ੍ਰੈਸਿੰਗ ਰੂਮ, ਬੰਦ ਕਮਰਿਆਂ ਵਿੱਚ ਰਹਿਣਾ ਪਸੰਦ ਕਰਦਾ ਹੈ ਤੇ ਦਿਨ ਚੜ੍ਹਨ ਸਮੇਂ ਅਤੇ ਸੂਰਜ ਡੁੱਬਣ ਤੋਂ ਪਹਿਲਾਂ ਬਹੁਤ ਜ਼ਿਆਦਾ ਚੁਸਤ ਹੋ ਜਾਂਦਾ ਹੈ। ਏਡੀਜ ਮੱਛਰ ਦੇ ਜਨਮ ਚੱਕਰ ਲਈ ਇੱਕ ਚਮਚ ਪਾਣੀ ਵੀ ਕਾਫ਼ੀ ਹੈ। ਇੱਕ ਵਾਰ ਅੰਡੇ ਦੇਣ ਤੋਂ ਬਾਅਦ ਇਸ ਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।

ਡੇਂਗੂ ਦੇ ਮੱਛਰ ਨੂੰ ਕੰਟੇਨਰ ਬਰੀਡਰ ਵੀ ਕਿਹਾ ਗਿਆ ਹੈ। ਦਿੱਲੀ, ਕੇਰਲਾ ਅਤੇ ਕਈ ਹੋਰ ਪ੍ਰਭਾਵਿਤ ਸੂਬਿਆਂ ਦੇ ਸਿਹਤ ਮਹਿਕਮਿਆਂ ਦੇ ਐਂਟੀ ਲਾਰਵਾ ਟੈਸਟ ਦੀ ਟੀਮ ਵੱਲੋਂ ਕਰਵਾਏ ਗਏ ਟੈਸਟ ਸਰਵੇ ਵਿੱਚ ਵਧੇਰੇ ਕਰਕੇ ਘਰਾਂ ਵਿੱਚ ਰੱਖੇ ਸਜਾਵਟੀ ਇੰਡੋਰ ਪਲਾਂਟ ਵਿੱਚ ਏਡੀਜ ਮੱਛਰ ਦੇ ਲਾਰਵੇ ਦੀ ਮੌਜੂਦਗੀ ਪਾਈ ਗਈ। ਅਸਲ ਵਿੱਚ ਪੜ੍ਹੇ-ਲਿਖੇ ਬਾਗ਼ਬਾਨੀ ਦੇ ਸ਼ੌਕਿਨ ਸ਼ਾਇਦ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀਂ ਕਿ ਇਨ੍ਹਾਂ ਕੰਟੇਨਰਾਂ, ਬੋਤਲ ਦੇ ਢੱਕਣ, ਪਲਾਸਟਿਕ ਦੇ ਜਾਰ, ਡਰੱਮ, ਬਾਲਕਨੀਆਂ ਵਿੱਚ ਟੰਗੇ ਟਿਊਬਾਂ ਤੇ ਟਾਇਰਾਂ ਵਿੱਚ ਲੱਗੇ ਪੌਦੇ, ਨਾਰੀਅਲ ਦੇ ਖੋਲ, ਬੋਨਜ਼ਾਈ ਵਿੱਚ ਖੜ੍ਹਾ ਥੋੜ੍ਹਾ ਜਿਹਾ ਪਾਣੀ ਤੇ ਨਮੀ ਇਸ ਮਾਦਾ ਨੂੰ ਆਕਰਸ਼ਿਤ ਕਰਨ ਲਈ ਕਾਫ਼ੀ ਹੈ। ਇਹ ਮੱਛਰ ਸਾਡੇ ਘਰਾਂ ਦੇ ਏਸੀ ਅਤੇ ਫਰਿੱਜ ਦੀ ਟ੍ਰੇਅ, ਰਸੋਈ ਦੀ ਬਰਤਨਾਂ ਦੀ ਟ੍ਰੇਅ ਵਿੱਚ ਖੜ੍ਹੇ ਪਾਣੀ, ਬੰਦ ਕੂਲਰਾਂ, ਫੁੱਲਦਾਨਾਂ ਵਿੱਚ ਰੱਖੇ ਫੁੱਲਾਂ, ਫਲੋਟਿੰਗ ਕੈਂਡਲਜ਼ ਦੇ ਅਰਨ, ਗ਼ਮਲਿਆਂ ਹੇਠ ਰੱਖੀਆਂ ਟ੍ਰੇਆਂ, ਪੰਛੀਆਂ ਲਈ ਰੱਖੇ ਪਾਣੀ ਦੇ ਬਰਤਨਾਂ ’ਚ ਜਾਂ ਹੋਰ ਕਿਤੇ ਵੀ ਖੜ੍ਹੇ ਸਾਫ਼ ਪਾਣੀ ਵਿੱਚ ਡੇਂਗੂ ਦਾ ਮੱਛਰ ਪੈਦਾ ਹੋ ਸਕਦਾ ਹੈ।

ਇਸ ਲਈ ਬਿਹਤਰ ਹੋਵੇਗਾ ਨਾ ਮੱਛਰ ਹੋਵੇ, ਨਾ ਡੇਂਗੂ ਇਸ ਲਈ ਖ਼ੁਦ ਹੀ ਕੁੱਝ ਧਿਆਨ ਦੇਈਏ। ਇਸ ਵਾਸਤੇ ਸਭ ਤੋਂ ਪਹਿਲਾਂ ਅੰਦਰ ਰੱਖੇ ਪੌਦਿਆਂ ਦੀ ਛੰਗਾਈ ਕਰਨੀ ਚਾਹੀਦੀ ਹੈ ਕਿਉਂਕਿ ਕੋਈ ਵੀ ਮੱਛਰ ਹੋਵੇ, ਉਹ ਪੌਦਿਆਂ ਦੇ ਪੱਤਿਆਂ ’ਤੇ ਹੀ ਪਲਦਾ ਹੈ। ਪੌਦੇ ਹਲਕੇ ਰੱਖੋ ਤੇ ਇਨ੍ਹਾਂ ਵਾਸਤੇ ਰੌਸ਼ਨੀ ਦੀ ਆਮਦ ਜ਼ਰੂਰੀ ਹੈ। ਬਾਥੂਮ, ਰਸੋਈ ਦੀਆਂ ਸੈਲਫਾਂ ਅਤੇ ਘਰ ਦੇ ਅੰਦਰ ਪਏ ਮਨੀਪਲਾਂਟ ਦੇ ਪੌਦਿਆਂ ਨੂੰ ਬਾਹਰ ਰੱਖੋ। ਉਨ੍ਹਾਂ ਦੇ ਬਰਤਨਾਂ ਵਿੱਚੋਂ ਪਾਣੀ ਕੱਢ ਦਿਓ। ਗ਼ਮਲਿਆਂ ਦੀ ਸਮੇਂ ਸਿਰ ਗੁਡਾਈ ਕਰਦੇ ਰਹੋ ਤਾਂ ਜੋ ਨਮੀ ਜ਼ਿਆਦਾ ਨਾ ਰਹੇ।

ਜ਼ਰੂਰਤ ਪੈਣ ’ਤੇ ਗ਼ਮਲਿਆਂ ’ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ ’ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ ’ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ ’ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ। 10303ਫਦ ? ਤ 1ਮੱਛਰਾਂ ਦੇ ਕੱਟਣ ਤੋਂ ਆਪਣੇ-ਆਪ ਨੂੰ ਬਚਾਉਣਾ ਸਭ ਤੋਂ ਪਹਿਲ ਤੇ ਜ਼ਰੂਰੀ ਇੱਕੋ-ਇੱਕ ਉਪਾਅ ਘਰ ਦੇ ਅੰਦਰ ਤੇ ਬਾਹਰ ਗੰਦਗੀ ਅਤੇ ਪਾਣੀ ਖੜ੍ਹਾ ਨਾ ਹੋਣ ਦਿਓ। ਗੰਦਗੀ ਵਾਲਾ ਮਾਹੌਲ ਤੁਹਾਡਾ ਵੈਰੀ ਤੇ ਮੱਛਰ ਦਾ ਮਿੱਤ ਹੈ। ਇਸ ਤੋਂ ਇਲਾਵਾ ਸਵੇਰੇ-ਸ਼ਾਮ ਘਰੋਂ ਬਾਹਰ ਜਾਣ ਲੱਗਿਆਂ ਪੂਰੀ ਬਾਂਹ ਦੇ ਕੱਪੜੇ ਪਾਓ। ਬੱਚਿਆਂ ’ਤੇ ਫੈਬਰਿਕ ਔਨਰੋਲ ਰੈਪਲੇਂਟ ਲਾਓ। ਮੱਛਰ ਤੋਂ ਬਚਾਅ ਦੀਆਂ ਕਰੀਮਾਂ ਵੀ ਵਰਤੀਆਂ ਜਾ ਸਕਦੀਆਂ ਹਨ। ਜਾਲੀ ਦਾ ਦਰਵਾਜ਼ਾ ਹਮੇਸ਼ਾਂ ਬੰਦ ਹੀ ਰੱਖੋ। ਘਰ ਦੇ ਅੰਦਰ-ਬਾਹਰ ਹਵਾ ਅਤੇ ਰੌਸ਼ਨੀ ਦਾ ਪ੍ਰਬੰਧ ਰੱਖੋ ਜਿੱਥੋਂ ਤੱਕ ਹੋ ਸਕੇ ਫੁੱਲਾਂ ਨਾਲ ਸਜਾਵਟ ਨਾ ਕਰੋ। ਮਨੀ ਪਲਾਂਟ ਦੇ ਪਾਣੀ ਵਾਲੇ ਬਰਤਨ ਖਾਲੀ ਕਰ ਦਿਓ। ਬਜ਼ੁਰਗਾਂ ਤੇ ਬੱਚਿਆਂ ਨੂੰ ਜੁਰਾਬਾਂ ਜ਼ਰੂਰ ਪੁਆਓ। ਤੁਸਲੀ ਦੇ ਪੱਤਿਆਂ ਦਾ ਰਸ ਸਰੀਰ ’ਤੇ ਮੱਲਣ ਨਾਲ ਮੱਛਰਾਂ ਤੋਂ ਕੁੱਝ ਹੱਦ ਤਕ ਬਚਾਅ ਹੋ ਸਕਦਾ ਹੈ। ਘਰ ਵਿੱਚ ਰੱਖਿਆ ਤੁਲਸੀ ਦੀ ਪੌਦਾ ਮੱਛਰਾਂ ਨੂੰ ਦੂਰ ਰੱਖਦਾ ਹੈ ਪਰ ਇਸ ਦੇ ਗ਼ਮਲੇ ਜਾਂ ਬਰਤਨ ਵਿੱਚ ਵੀ ਜ਼ਿਆਦਾ ਪਾਣੀ ਜਾਂ ਸਿਲ੍ਹ ਨਾ ਹੋਣ ਦਿਓ। ਪੁਦੀਨੇ ਦੇ ਪੱਤਿਆਂ ਦਾ ਰਸ ਛਿੜਕਣ ਨਾਲ ਵੀ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਸ਼ਾਮ ਵੇਲੇ ਕਮਰੇ ਵਿੱਚ ਕਪੂਰ ਦਾ ਧੂੰਆਂ ਕਰਨ ਨਾਲ ਵੀ ਮੱਛਰ ਚਲੇ ਜਾਂਦੇ ਹਨ। ਬਹੁਤੇ ਗੂੜ੍ਹੇ ਰੰਗ ਦੇ ਕਪੜਿਆਂ ਤੇ ਖ਼ੁਸ਼ਬੋ ਤੋਂ ਗ਼ੁਰੇਜ਼ ਕਰੋ।



# ਖੇਤੀ ਰਹਿੰਦ-ਖੂੰਹਦ ਦੇ ਨਿਪਟਾਰੇ ਤੇ ਸੌਰ ਊਰਜਾ ਨਾਲ ਰੁਸ਼ਨਾਵੇਗਾ ਪੰਜਾਬ : ਅਰੋੜਾ

ਕੌਮੀ ਪਤ੍ਰਿਕਾ

ਚੰਡੀਗੜ੍ਹ 23 ਦਸੰਬਰ। ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਖੇਤੀ ਰਹਿੰਦ-ਖੂੰਹਦ ਤੇ ਸੌਰ ਊਰਜਾ ਦੀ ਵਰਤੋਂ ਜ਼ਰੀਏ ਪੰਜਾਬ ਨੂੰ ਸੁਹਾਵਣੇ ਤੇ ਸਿਹਤਮੰਦ ਭਵਿੱਖ ਵੱਲ ਲਿਜਾਇਆ ਜਾ ਰਿਹਾ ਹੈ। ਇਹ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਹੁਣ ਸੂਰਜ ਤੋਂ ਘਰਾਂ ਤੇ ਖੇਤਾਂ ਨੂੰ ਊਰਜਾ ਮਿਲ ਰਹੀ ਹੈ; ਖੇਤੀ ਰਹਿੰਦ-ਖੂੰਹਦ ਤੋਂ ਸਾਫ਼-ਸੁਥਰੇ ਈਂਧਣ ਵਜੋਂ ਕੰਮ ਲਿਆ ਜਾ ਰਿਹਾ ਹੈ। ਪੇਡਾ ਨੇ ਆਪਣੀਆਂ ਵਿਕਾਸ-ਮੁਖੀ ਨੀਤੀਆਂ ਨਾਲ ਪੰਜਾਬ ਦੇ ਟਿਕਾਊ ਭਵਿੱਖ ਦੀ ਸਿਰਜਣਾ ਵੱਲ ਇਕ ਵੱਡੀ ਪੁਲਾਂਘ ਪੁੱਟੀ ਹੈ। ਸੌਰ ਊਰਜਾ ਨਾਲ ਪੰਜਾਬ ਦਾ ਰਿਸ਼ਤਾ ਇਸ ਸਾਲ ਹੋਰ ਵੀ ਗੂੜ੍ਹਾ ਹੋਇਆ ਹੈ ਕਿਉਂਕਿ ਜੁਲਾਈ 2025 'ਚ ਬਠਿੰਡਾ ਦੇ ਪਿੰਡ ਭਾਗੀਵਾਂਦਰ ਵਿਖੇ 4 ਮੈਗਾਵਾਟ ਸਮਰੱਥਾ ਦਾ ਇਕ ਗਰਾਊਂਡ - ਮਾਊਂਟਿਡ ਸੋਲਰ ਪਾਵਰ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਤੇ ਬਠਿੰਡਾ ਦੇ ਕੋਠੇ ਮੱਲੂਆਣਾ ਅਤੇ ਸ਼ੇਰਗੜ੍ਹ ਵਿਖੇ 4-4 ਮੈਗਾਵਾਟ ਦੋ ਸੋਲਰ ਪਾਵਰ ਪ੍ਰੋਜੈਕਟ ਲਾਏ ਜਾ ਰਹੇ ਹਨ। ਪੇਡਾ ਨੇ ਖੇਤੀਬਾੜੀ ਖੇਤਰ ਨੂੰ ਕਾਰਬਨ ਮੁਕਤ ਕਰਨ ਲਈ ਬਠਿੰਡਾ ਜ਼ਿਲ੍ਹੇ ਦੇ ਪੀਰਕੋਟ ਫੀਡਰ 'ਤੇ ਸੋਲਰ ਗਰਿੱਡ-ਕੁਨੈਕਟਿਡ 16 ਖੇਤੀਬਾੜੀ ਪੰਪ ਵੀ ਲਾਏ ਹਨ ਅਤੇ 4 ਹੋਰ ਪੰਪ ਸਥਾਪਤ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਪੇਡਾ ਨੇ ਰਾਜ ਭਰ 'ਚ ਵੱਖ-ਵੱਖ ਥਾਵਾਂ 'ਤੇ 4,850 ਆਫ-ਗਰਿੱਡ ਸਟੈਂਡਅਲੋਨ ਸੋਲਰ ਵਾਟਰ ਪੰਪ ਵੀ ਲਾਏ ਹਨ। ਇਸ ਤੋਂ ਇਲਾਵਾ ਮਾਡਲ ਸੋਲਰ ਵਿਲੇਜ (ਪਿੰਡ) ਯੋਜਨਾ ਤਹਿਤ ਸਵੈ-ਨਿਰਭਰ ਊਰਜਾ ਹੱਬ 'ਚ ਬਦਲਣ ਲਈ 277 ਪਿੰਡਾਂ ਦੀ ਪਛਾਣ ਕੀਤੀ ਗਈ ਹੈ। ਇਸ ਸਾਲ 148 ਸਰਕਾਰੀ



ਇਮਾਰਤਾਂ 'ਤੇ 2.6 ਮੈਗਾਵਾਟ ਦੇ ਰੂਫਟਾਪ ਸੋਲਰ ਪਾਵਰ ਪਲਾਂਟ ਵੀ ਲਾਏ ਗਏ ਹਨ ਅਤੇ 4,169 ਤੋਂ ਵੱਧ ਸੋਲਰ ਸਟਰੀਟ ਲਾਈਟਾਂ 299 ਪਿੰਡਾਂ ਨੂੰ ਰੌਸ਼ਨ ਕਰਦਿਆਂ ਹਨੇਰਾ ਹੋਣ 'ਤੇ ਲੋਕਾਂ ਦੇ ਸੁਖਾਲੇ ਜਨ-ਜੀਵਨ ਅਤੇ ਸੁਰੱਖਿਆ ਨੂੰ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 65 ਪਿੰਡਾਂ 'ਚ ਹੋਰ 1,221 ਸੋਲਰ ਸਟਰੀਟ ਲਾਈਟਾਂ ਲਾਈਆਂ ਜਾ ਰਹੀਆਂ ਹਨ। 822 ਟਨ ਸੀ.ਬੀ.ਜੀ. ਪ੍ਰਤੀ ਦਿਨ ਦੀ ਕੁੱਲ ਸਮਰੱਥਾ ਵਾਲੇ 57 ਕੰਪ੍ਰੈਸਡ ਬਾਇਓਗੈਸ (ਸੀ.ਬੀ.ਜੀ.) ਪ੍ਰੋਜੈਕਟ ਅਲਾਟ ਕੀਤੇ ਗਏ ਹਨ। ਇਹ ਪ੍ਰੋਜੈਕਟ ਚਾਲੂ ਹੋਣ 'ਤੇ ਸਾਲਾਨਾ 27 ਲੱਖ ਟਨ ਤੋਂ ਵੱਧ ਪਰਾਲੀ ਦੀ ਖਪਤ ਕਰਨਗੇ। ਇਸ ਤੋਂ ਇਲਾਵਾ ਕੁੱਲ 107.48 ਟੀ.ਪੀ.ਡੀ. ਸਮਰੱਥਾ ਵਾਲੇ ਛੇ ਸੀ.ਬੀ.ਜੀ. ਪ੍ਰੋਜੈਕਟ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਪੰਜ ਕੰਪ੍ਰੈਸਡ ਬਾਇਓ-ਗੈਸ ਪਲਾਂਟ ਤੇ ਬਠਿੰਡਾ 'ਚ ਇਕ ਪ੍ਰਮੁੱਖ ਬਾਇਓ-ਈਥੇਨੌਲ ਫੈਸਿਲਟੀ ਸਥਾਪਨਾ ਤੋਂ ਬਾਅਦ ਸਾਲਾਨਾ 3.3 ਲੱਖ ਟਨ ਤੋਂ ਵੱਧ ਪਰਾਲੀ ਦੀ ਖਪਤ ਕਰਨਗੇ। ਇਸ ਦੇ ਨਾਲ ਹੀ 40 ਮੈਗਾਵਾਟ ਦਾ ਕੈਨਲ-ਟਾਪ ਸੋਲਰ ਪ੍ਰੋਜੈਕਟ ਬਿਜਲੀ ਪੈਦਾ ਕਰਨ ਦੇ ਨਾਲ-ਨਾਲ ਭੂਮੀ ਸੰਭਾਲ ਅਤੇ ਪਾਣੀ ਦੀ ਬਚਤ ਨੂੰ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਬਟਾਲਾ ਸ਼ੂਗਰ ਮਿੱਲ ਵਿਖੇ 14 ਮੈਗਾਵਾਟ ਦਾ ਸਹਿ-ਉਤਪਾਦਨ ਪਲਾਂਟ ਅਤੇ ਧਾਰੀਵਾਲ 'ਚ 2 ਮੈਗਾਵਾਟ ਦਾ ਮਿੰਨੀ ਹਾਈਡਲ ਪ੍ਰੋਜੈਕਟ ਪੰਜਾਬ ਸਰਕਾਰ ਵੱਲੋਂ ਹਰ ਨਵਿਆਉਣਯੋਗ ਸਰੋਤ ਦੀ ਕੁਸ਼ਲ ਵਰਤੋਂ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਊਰਜਾ ਕੁਸ਼ਲਤਾ ਤੇ ਗਰੀਨ ਊਰਜਾ ਖੇਤਰ 'ਚ ਪੇਡਾ ਦੇ ਯਤਨਾਂ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੈ। ਉਨ੍ਹਾਂ ਕਿਹਾ ਕਿ ਐੱਨ.ਈ.ਸੀ.ਏ. 2025 ਤਹਿਤ ਸਟੇਟ ਪਰਫਾਰਮੈਂਸ ਐਵਾਰਡ (ਗਰੁੱਪ-3) 'ਚ ਰਾਸ਼ਟਰਪਤੀ ਹੱਥੋਂ ਪੇਡਾ ਨੂੰ ਦੂਜੇ ਐਵਾਰਡ ਨਾਲ ਸਨਮਾਨ ਹਾਸਲ ਹੋਇਆ ਹੈ।

## ਲੁੱਟ ਦੀਆਂ ਵਾਰਦਾਤਾਂ ਦੀ ਸੁਲਝੀ ਗੁੱਥੀ, 3 ਮੁਲਜ਼ਮ ਗ੍ਰਿਫ਼ਤਾਰ

ਜਲੰਧਰ, 23 ਦਸੰਬਰ। ਦਿਹਾਤੀ ਪੁਲਸ ਨੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਨੂੰ ਸੁਲਝਾਉਂਦੇ ਹੋਏ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਐੱਸਐੱਸਪੀ ਨੇ ਦੱਸਿਆ ਕਿ ਤਿੰਨ ਮੁਲਜ਼ਮਾਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁਲਜ਼ਮਾਂ ਦੀ ਪਛਾਣ ਅਮਰਦੀਪ ਸਿੰਘ, ਰੋਹਿਤ ਅਤੇ ਮੰਗਲ ਵਜੋਂ ਹੋਈ। ਮੁਲਜ਼ਮਾਂ ਤੋਂ ਲੁੱਟ ਦੇ ਕਈ ਮਾਮਲੇ ਸਾਹਮਣੇ ਆਏ ਹਨ। ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਦੇਸੀ ਪਿਸਤੌਲ ਬਣਾਉਂਦੇ ਹਨ, ਅਤੇ ਇਹ ਪਤਾ ਲਗਾਉਣ ਲਈ ਜਾਂਚ ਚੱਲ ਰਹੀ ਹੈ ਕਿ ਉਨ੍ਹਾਂ ਨੇ ਹੁਣ ਤੱਕ ਕਿੰਨੇ ਬਣਾਏ ਹਨ। ਦਾਸ਼ੀਨਮੰਦਾ ਪੈਟਰੋਲ ਪੰਪ 'ਤੇ 25,000 ਰੁਪਏ ਦੀ ਡਕੈਤੀ ਦੌਰਾਨ ਮੁਲਜ਼ਮਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਉਨ੍ਹਾਂ ਵਿਰੁੱਧ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਮਿਲਿਆ ਹੈ। ਅਪਰਾਧ ਵਿੱਚ ਵਰਤਿਆ ਗਿਆ ਮੋਟਰਸਾਈਕਲ ਉਨ੍ਹਾਂ ਦੇ ਕਬਜ਼ੇ ਵਿੱਚੋਂ ਬਰਾਮਦ ਕਰ ਲਿਆ ਗਿਆ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਦੇਸੀ ਪਿਸਤੌਲ ਬਣਾਉਂਦੇ ਸਨ। ਮੁਲਜ਼ਮਾਂ ਤੋਂ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਉਹ ਘਰ ਵਿੱਚ ਗ਼ੈਰ-ਕਾਨੂੰਨੀ ਪਿਸਤੌਲ ਬਣਾਉਂਦੇ ਸਨ ਅਤੇ ਜਾਂਚ ਜਾਰੀ ਹੈ।

## ਪੀ. ਜੀ. ਆਈ. 'ਚ ਮਰੀਜ਼ਾਂ ਦੇ ਨਾਂ 'ਤੇ 1.14 ਕਰੋੜ ਰੁਪਏ ਦਾ ਘਪਲਾ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ


ਚੰਡੀਗੜ੍ਹ 23 ਦਸੰਬਰ। ਚੰਡੀਗੜ੍ਹ ਦੇ ਪੀ. ਜੀ. ਆਈ. 'ਚ ਗਰੀਬ ਅਤੇ ਗੰਭੀਰ ਰੂਪ 'ਚ ਬੀਮਾਰ ਮਰੀਜ਼ਾਂ ਦੇ ਇਲਾਜ ਲਈ ਅਲਾਟ ਕੀਤੇ ਫੰਡਾਂ 'ਚ 1.14 ਕਰੋੜ ਰੁਪਏ ਤੋਂ ਵੱਧ ਦੇ ਘਪਲੇ ਦਾ ਖ਼ੁਲਾਸਾ ਹੋਇਆ ਹੈ। ਇਸ ਮਾਮਲੇ ਸਬੰਧੀ ਪੀ. ਜੀ. ਆਈ. ਦੇ 6 ਕਰਮਚਾਰੀਆਂ ਅਤੇ 2 ਨਿੱਜੀ ਵਿਅਕਤੀਆਂ ਸਣੇ ਕੁੱਲ 8 ਦੋਸ਼ੀਆਂ ਖ਼?ਲਾਫ਼ ਸੀ. ਬੀ. ਆਈ. ਨੇ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਪੀ. ਜੀ. ਆਈ. ਦੇ ਨਿੱਜੀ ਗ੍ਰਾਂਟ ਸੈੱਲ 'ਚ ਇਹ ਘਪਲਾ ਲੰਬੇ ਸਮੇਂ ਤੋਂ ਚੱਲ ਰਿਹਾ ਸੀ। ਮਰੀਜ਼ਾਂ ਦੇ ਨਾਂ 'ਤੇ ਜਾਅਲੀ ਬਿੱਲ ਜਾਰੀ ਕੀਤੇ ਜਾ ਰਹੇ ਸਨ। ਕੁੱਝ ਫੰਡ ਉਨ੍ਹਾਂ ਮਰੀਜ਼ਾਂ ਦੇ ਨਾਂ 'ਤੇ ਕੱਢਵਾਏ ਗਏ ਸਨ, ਜੋ ਪਹਿਲਾਂ ਹੀ ਮਰ ਚੁੱਕੇ ਸਨ। ਕੁੱਝ ਨੇ ਪੀ. ਜੀ. ਆਈ. 'ਚ ਇਲਾਜ ਵੀ ਨਹੀਂ ਕਰਵਾਇਆ ਸੀ, ਫਿਰ ਵੀ ਉਨ੍ਹਾਂ ਦੇ ਨਾਂ 'ਤੇ ਲਾਭ ਲਏ ਗਏ ਸਨ।




ਇਸ ਘਪਲੇ ਦਾ ਪਰਦਾਫਾਸ਼ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਰਿਪੋਰਟ ਦੇ ਆਧਾਰ 'ਤੇ ਕੀਤਾ ਗਿਆ ਸੀ। ਇਹ ਆਰ. ਟੀ. ਆਈ. ਕੰਟਰੈਕਟ ਵਰਕਰਜ਼ ਦੀ ਸਾਂਝੀ ਐਕਸ਼ਨ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਮੁੰਜਾਲ ਵਲੋਂ ਦਾਇਰ ਕੀਤੀ ਗਈ ਸੀ। ਇਸ ਰਿਪੋਰਟ 'ਚ ਮ੍ਰਿਤਕ ਮਰੀਜ਼ਾਂ ਦੇ ਨਾਂ 'ਤੇ ਜਾਅਲੀ ਬਿੱਲਾਂ ਅਤੇ ਜਾਅਲੀ ਮੈਡੀਕਲ ਰਿਕਾਰਡਾਂ ਦੀ ਵਰਤੋਂ ਕਰਕੇ ਲੱਖਾਂ ਰੁਪਏ ਦੇ ਗਬਨ ਦਾ ਖ਼ੁਲਾਸਾ ਹੋਇਆ ਹੈ। ਜਾਂਚ 'ਚ ਇਹ ਵੀ ਖ਼ੁਲਾਸਾ ਹੋਇਆ ਕਿ 88.12 ਲੱਖ ਰੁਪਏ ਬਿਨਾਂ ਡਾਕਟਰ ਦੀ ਪਰਚੀ ਦੇ ਦਵਾਈ ਡੀਲਰਾਂ ਨੂੰ ਟਰਾਂਸਫਰ ਕੀਤੇ ਗਏ। ਇਹ ਘਪਲਾ 2017 ਅਤੇ 2021 ਦੇ ਵਿਚਕਾਰ ਹੋਇਆ ਸੀ ਪਰ ਮਾਮਲਾ ਅਕਤੂਬਰ 2022 'ਚ ਸਾਹਮਣੇ ਆਇਆ। ਇਸ ਦੇ ਬਾਵਜੂਦ ਪੀ. ਜੀ. ਆਈ. ਨੇ ਕੋਈ ਕਾਰਵਾਈ ਨਹੀਂ ਕੀਤੀ। ਕਾਫ਼ੀ ਸਮੇਂ ਬਾਅਦ ਪੀ. ਜੀ. ਆਈ. ਨੇ ਇਸ ਮਾਮਲੇ ਦੀ ਜਾਂਚ ਕਮੇਟੀ ਬਣਾਈ। ਕਮੇਟੀ ਦੀ ਪਹਿਲੀ ਮੀਟਿੰਗ ਅਕਤੂਬਰ 2023 'ਚ ਹੋਈ ਸੀ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਜਾਂਚ ਦੌਰਾਨ ਕਈ ਦੋਸ਼ੀ ਕਰਮਚਾਰੀ ਪੀ. ਜੀ. ਆਈ. 'ਚ ਕੰਮ ਕਰਦੇ ਰਹੇ। ਪੀ. ਜੀ. ਆਈ. ਨੇ ਇਸ ਸਾਲ ਦੇ ਸ਼ੁਰੂ 'ਚ ਜਾਂਚ ਸੀ. ਬੀ. ਆਈ. ਨੂੰ ਸੌਂਪ ਦਿੱਤੀ ਸੀ।

# ਕਰੋੜਪਤੀ ਬਣ ਸਕਦਾ ਤੁਹਾਡਾ ਬੱਚਾ, ਸਿਖਾਓ ਇਹ ਤਰੀਕੇ, ਜ਼ਿੰਦਗੀ 'ਚ ਕਦੇ ਨਹੀਂ ਹੋਵੇਗੀ ਪੈਸੇ ਦੀ ਘਾਟ

ਜਲੰਧਰ 23 ਦਸੰਬਰ। ਅੱਜ ਦੇ ਸਮੇਂ ਵਿਚ ਬੱਚਿਆਂ ਦੀ ਪਰਵਰਿਸ਼ ਕਰਨਾ ਕੋਈ ਆਸਾਨ ਕੰਮ ਨਹੀਂ। ਉਨ੍ਹਾਂ ਦਾ ਭਵਿੱਖ ਬਚਪਨ ਵਿੱਚ ਸਿੱਖੀਆਂ ਗਈਆਂ ਛੋਟੀਆਂ-ਛੋਟੀਆਂ ਆਦਤਾਂ 'ਤੇ ਨਿਰਭਰ ਕਰਦਾ ਹੈ। ਜਿਸ ਨੂੰ ਉਹ ਸਮੇਂ ਅਨੁਸਾਰ ਹੋਰ ਸੁਧਾਰਦੇ ਹਨ। ਜੇਕਰ ਬੱਚੇ ਵਿੱਚ ਕੋਈ ਗਲਤ ਆਦਤ ਹੈ ਤਾਂ ਉਹ ਸਮੇਂ ਦੇ ਨਾਲ ਖਤਮ ਹੋਣ ਦੀ ਬਜਾਏ ਹੋਰ ਵਧੇਗੀ। ਇਸੇ ਲਈ ਬਜ਼ੁਰਗ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਉਣ ਦੇ ਨਾਲ-ਨਾਲ ਪੈਸੇ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਲਈ ਕਹਿੰਦੇ ਹਨ। ਅੱਜ ਕੱਲ੍ਹ ਮਾਪੇ ਆਪਣੇ ਬੱਚਿਆਂ ਦੀਆਂ ਮੰਗਾਂ ਅੱਗੇ ਪੈਸੇ ਨੂੰ ਅਹਿਮੀਅਤ ਨਹੀਂ ਦਿੰਦੇ, ਜਿਸ ਕਾਰਨ ਉਸ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਦੇ ਹਨ। ਇਹ ਜ਼ਰੂਰੀ ਹੈ ਕਿ ਬੱਚਿਆਂ ਨੂੰ 5 ਸਾਲ ਦੇ ਹੁੰਦੇ ਹੀ ਪੈਸੇ ਅਤੇ ਇਸ ਦੀ ਮਹੱਤਤਾ ਬਾਰੇ ਦੱਸਿਆ ਜਾਵੇ। ਇਸ ਨਾਲ ਬੱਚੇ ਨੂੰ ਜ਼ਿੰਦਗੀ ਵਿਚ ਪੈਸੇ ਦੀ ਕਮੀ ਨਹੀਂ ਹੋਵੇਗੀ ਅਤੇ ਉਹ ਕਰੋੜਪਤੀ ਬਣ ਸਕਦਾ ਹੈ। ਮਾਪੇ ਆਪਣੇ ਬੱਚੇ ਨੂੰ ਦੱਸਣ ਕਿ ਪੈਸਾ ਕਿਵੇਂ ਕਮਾਇਆ ਜਾਂਦਾ ਹੈ। ਬੱਚੇ ਜਦੋਂ ਜ਼ਰੂਰਤ ਤੋਂ ਵੱਧ ਚੀਜ਼ਾਂ ਦੀ ਮੰਗ ਕਰਨ ਲੱਗਣ ਤਾਂ ਉਨ੍ਹਾਂ ਨੂੰ ਆਮਦਨ ਦਾ ਮਤਲਬ ਦੱਸੋ। ਜਿਵੇਂ-ਜਿਵੇਂ ਉਹ ਥੋੜ੍ਹੇ-ਥੋੜ੍ਹੇ ਵੱਡੇ ਹੋ ਜਾਂਦੇ ਹਨ, ਉਨ੍ਹਾਂ ਦੀ ਜੇਬ ਦਾ ਪੈਸਾ ਠੀਕ ਕਰੋ ਅਤੇ ਉਨ੍ਹਾਂ ਨੂੰ ਪੈਸੇ ਦੀ ਕੀਮਤ ਸਮਝਾਓ। ਬੱਚੇ ਨੂੰ ਪਾਕੇਟ ਮਨੀ ਦੇਣ ਦੇ ਨਾਲ, ਇੱਕ ਛੋਟਾ ਪਿਗੀ ਬੈਂਕ ਜਾਂ ਪਿਗੀ ਬੈਂਕ ਵੀ ਖਰੀਦ ਕੇ ਦੇਵੋ, ਜਿਸ ਵਿੱਚ ਉਸਨੂੰ ਪੈਸੇ ਇਕੱਠੇ ਕਰਨ ਲਈ ਕਹੋ। ਇਸ ਤਰ੍ਹਾਂ ਤੁਹਾਡੇ ਬੱਚੇ ਦੇ ਅੰਦਰ ਬਚਪਨ ਤੋਂ ਪੈਸੇ ਇਕੱਠੇ ਕਰਨ ਦੀ ਆਦਤ ਪੈਦਾ ਹੋ ਸਕਦੀ ਹੈ। ਉਸ ਨੂੰ ਇਸ ਆਦਤ ਦੀ ਅਹਿਮੀਅਤ ਬਾਰੇ ਜਾਣੂ ਹੋਵੇਗਾ। ਬੱਚੇ ਦੀ ਜੇਬ ਦੇ ਪੈਸੇ ਨੂੰ ਠੀਕ ਕਰਨ ਦੇ ਨਾਲ-ਨਾਲ ਉਸ ਨੂੰ ਸਮਝਾਓ ਕਿ ਉਸ ਨੂੰ ਕਿਹੜੀਆਂ ਚੀਜ਼ਾਂ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਨੂੰ ਪੈਸੇ ਕਿਵੇਂ ਖਰਚ ਕਰਨੇ ਚਾਹੀਦੇ ਹਨ। ਬਿਨਾਂ ਸੋਚੇ-ਸਮਝੇ ਪੈਸਾ ਖਰਚ ਕਰਨ ਦੀ ਬਜਾਏ, ਉਨ੍ਹਾਂ ਨੂੰ ਸਮਝਦਾਰੀ ਨਾਲ ਪੈਸਾ ਖਰਚ ਕਰਨਾ ਸਿਖਾਓ। ਤਾਂ ਜੋ ਉਹ ਹੌਲੀ-ਹੌਲੀ ਐਸ਼ੋ-ਆਰਾਮ ਅਤੇ ਲੋੜ ਦੇ ਫਰਕ ਨੂੰ ਸਮਝਣ ਦੀ ਕੋਸ਼ਿਸ਼ ਕਰ ਸਕੇ। ਜਦੋਂ ਵੀ ਮਾਪੇ ਘਰ ਦੇ ਕਿਸੇ ਵੀ ਸਾਮਾਨ ਦੀ ਖਰੀਦਦਾਰੀ ਕਰਨ ਤਾਂ ਉਹ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜਾਣ। ਉਨ੍ਹਾਂ ਨੂੰ ਜ਼ਰੂਰਤ ਦੇ ਹਿਸਾਬ ਨਾਲ ਪੈਸੇ ਖ਼ਰਚ ਕਰਨ ਦੀ ਜਾਣਕਾਰੀ ਦਿਓ। ਜੇਕਰ ਉਹ ਕਿਸੇ ਚੀਜ਼ ਨੂੰ ਲੈ ਕੇ ਫਜ਼ੂਲ ਖ਼ਰਚ ਕਰਦੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਮਨਾ ਕਰੋ। ਭਾਰਤ ਵਿੱਚ ਸੋਨੇ ਦੇ ਗਹਿਣੇ ਖਰੀਦਣਾ ਇਕ ਸ਼ੌਕ ਨਹੀਂ, ਸਗੋਂ ਨਿਵੇਸ਼ ਦਾ ਇੱਕ ਵਧੀਆ ਵਿਕਲਪ ਹੈ। ਇਸ ਬਾਰੇ ਮਾਪੇ ਆਪਣੇ ਬੱਚਿਆਂ ਨੂੰ ਸਮੇਂ-ਸਮੇਂ 'ਤੇ ਜਾਣਕਾਰੀ ਦਿੰਦੇ ਰਹਿਣ। ਮਿਉਚੁਅਲ ਫੰਡਾਂ ਵਿੱਚ ਸ਼ਾਨਦਾਰ ਲੰਬੇ ਸਮੇਂ ਦੇ ਰਿਟਰਨ ਪੈਦਾ ਕਰਨ ਲਈ ਇੱਕ ਵਾਅਦਾ ਕਰਨ ਵਾਲੇ ਵਿਕਲਪ ਵਜੋਂ ਉਭਰ ਰਿਹਾ ਹੈ। 8463 ਫਲੈਕਸੀ ਕੈਪ ਫੰਡ ਤੋਂ ਲੈ ਕੇ ਫ?ਰੈਂਕਲਿਨ ਫਲੈਕਸੀ ਕੈਪ ਫੰਡ ਤੱਕ, ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਨਿਵੇਸ਼ਕਾਂ ਨੂੰ 18% ਤੱਕ ਦਾ ਪ੍ਰਭਾਵਸ਼ਾਲੀ ਰਿਟਰਨ ਮਿਲਿਆ ਹੈ। ਇਹ ਤੁਹਾਡੇ ਬੱਚੇ ਦੇ ਭਵਿੱਖ ਲਈ ਅਤੇ ਉਹਨਾਂ ਨੂੰ ਕਰੋੜਪਤੀ ਬਣਾਉਣ ਲਈ ਇੱਕ ਵਿਹਾਰਕ ਵਿਕਲਪ ਜਾਪਦਾ ਹੈ।




# ਜਨਤਾ ਦੇ ਸਹਿਯੋਗ ਨਾਲ ਹੀ ਖਤਮ ਹੋ ਸਕਦੀ ਹੈ ਨਸ਼ੇ ਵਰਗੀ ਸਮਾਜਿਕ ਬੁਰਾਈ: ਰਾਜਪਾਲ ਗੁਲਾਬ ਚੰਦ ਕਟਾਰੀਆ

ਕੌਮੀ ਪਤ੍ਰਿਕਾ

ਫਾਜ਼ਿਲਕਾ 23 ਦਸੰਬਰ। ਨਸ਼ੇ ਦੇ ਖਾਤਮੇ ਦੇ ਮਕਸਦ ਨਾਲ ਭਾਰਤੀ ਰੈੱਡ ਕਰਾਸ ਸੋਸਾਇਟੀ ਅਤੇ ਕਰਣ ਗਿਲਹੋਤਰਾ ਫਾਊਂਡੇਸ਼ਨ ਵੱਲੋਂ ਕਰਵਾਏ ਪ੍ਰੋਗਰਾਮ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਨਲਾਈਨ ਹਿੱਸਾ ਲਿਆ ਅਤੇ ਪ੍ਰੋਗਰਾਮ ਵਿਚ ਹਾਜ਼ਰ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਮੌਸਮ ਦੀ ਖਰਾਬੀ ਅਤੇ ਕੁਝ ਤਕਨੀਕੀ ਕਾਰਨਾਂ ਕਾਰਨ ਹੈਲੀਕਾਪਟਰ ਦੀ ਉਡਾਣ ਸੰਭਵ ਨਹੀਂ ਹੋ ਸਕੀ, ਇਸ ਲਈ ਉਹ ਨਿੱਜੀ ਤੌਰ 'ਤੇ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ ਅਤੇ ਆਨਲਾਈਨ ਮਾਧਿਅਮ ਰਾਹੀਂ ਪ੍ਰੋਗਰਾਮ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਆਉਣ ਵਾਲੇ ਮਹੀਨਿਆਂ ਵਿਚ ਫਾਜ਼ਿਲਕਾ ਦਾ ਮੁੜ ਦੌਰਾ ਕਰਨ ਦੀ ਇੱਛਾ ਵੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ-ਫਕੀਰਾਂ, ਨਾਇਕਾਂ ਅਤੇ ਯੋਧਿਆਂ ਦੀ ਧਰਤੀ ਹੈ, ਜਿਸ ਨੇ ਹਮੇਸ਼ਾ ਬਹਾਦਰੀ ਨਾਲ ਦੇਸ਼ ਵਿਰੋਧੀ ਤਾਕਤਾਂ ਦਾ ਡੱਟ ਕੇ ਮੁਕਾਬਲਾ ਕੀਤਾ ਹੈ ਅਤੇ ਉਨ੍ਹਾਂ ਨੂੰ ਕਰਾਰਾ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਨਸ਼ੇ ਵਰਗੀ ਖਤਰਨਾਕ ਬੁਰਾਈ ਤੋਂ ਆਪਣੇ ਦੇਸ਼ ਨੂੰ ਬਚਾਈਏ। ਰਾਜਪਾਲ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਜਨਤਾ ਦਾ ਸਮੂਹਿਕ ਜਨਤਕ ਸਹਿਯੋਗ ਅਤੀ ਜ਼ਰੂਰੀ ਹੈ, ਤਾਂ ਹੀ ਇਸ ਸਮਾਜਿਕ ਬੁਰਾਈ ਨਾਲ



ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ। ਉਨ੍ਹਾਂ ਸੱਦਾ ਦਿੱਤਾ ਕਿ ਆਓ, ਆਪਣੇ ਮਹਾਨ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਸਾਕਾਰ ਕਰੀਏ ਅਤੇ ਦੇਸ਼ ਨੂੰ ਨਸ਼ਾ ਮੁਕਤ ਅਤੇ ਖੁਸ਼ਹਾਲ ਬਣਾਈਏ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਨਸ਼ਿਆਂ ਵਿਰੁੱਧ ਸੱਭਿਆਚਾਰਕ ਪ੍ਰੋਗਰਾਮ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ। ਇਸ ਤੋਂ ਬਾਅਦ ਸੰਜੀਵ ਪੈਲੇਸ, ਫਾਜ਼ਿਲਕਾ ਤੋਂ ਘੰਟਾਘਰ ਚੌਕ ਤੱਕ ਨਸ਼ਿਆਂ ਵਿਰੁੱਧ ਪੈਦਲ ਮਾਰਚ ਕੱਢਿਆ ਗਿਆ ਜਿਸ ਦੀ ਅਗਵਾਈ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਸਮਾਜਸੇਵੀ ਕਰਣ ਗਿਲਹੋਤਰਾ, ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ ਨੇ ਕੀਤੀ। ਇਸ ਪੈਦਲ ਮਾਰਚ ਦੌਰਾਨ ਉਨ੍ਹਾਂ ਨੇ ਧਾਰਮਿਕ ਸਥਾਨਾਂ 'ਤੇ ਜਾ ਕੇ ਮੱਥਾ ਟੇਕਿਆ ਅਤੇ ਗਊਸ਼ਾਲਾ ਵਿਖੇ ਗਊ ਮਾਤਾ ਦਾ ਆਸ਼ੀਰਵਾਦ ਵੀ ਲਿਆ। ਇਸ ਦੌਰਾਨ ਸਮਾਜਸੇਵੀ ਕਰਣ ਗਿਲਹੋਤਰਾ ਅਤੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਅਤੇ ਨਸ਼ੇ ਵਿਰੁੱਧ ਚੱਲ ਰਹੀ ਮੁਹਿੰਮ ਵਿਚ ਸਮਾਜ ਦੇ ਹਰ ਵਰਗ ਨੂੰ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਸ਼ਹੀਦੀ ਯਾਦਗਾਰ ਆਸਫਵਾਲਾ ਵਿਖੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਕਰਣ ਗਿਲਹੋਤਰਾ ਫਾਊਂਡੇਸ਼ਨ ਦੇ ਅਹੁਦੇਦਾਰ, ਸ਼ਿਵਦੁਲਾਰ ਸਿੰਘ ਢਿੱਲੋਂ (ਸੇਵਾਮੁਕਤ ਆਈ. ਏ. ਐੱਸ.), ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਭਾਸ਼ ਚੰਦਰ, ਐੱਸ. ਡੀ. ਐੱਮ. ਫਾਜ਼ਿਲਕਾ ਅਮਨਦੀਪ ਸਿੰਘ ਮਾਵੀ, ਐੱਸ. ਡੀ. ਐੱਮ. ਅਬੋਹਰ ਕ੍ਰਿਸ਼ਨਪਾਲ ਰਾਜਪੂਤ ਅਤੇ ਹੋਰ ਵੀ ਹਾਜ਼ਰ ਸਨ।

# ਪੁਰਾਣੀ ਕਾਰ ਖਰੀਦਣ ਵਾਲੇ ਹੋ ਜਾਣ ਸਾਵਧਾਨ, ਕਿਤੇ ਹੋ ਨਾ ਜਾਇਓ ਅਜਿਹੀ ਠੱਗੀ ਦਾ ਸ਼ਿਕਾਰ

ਕੌਮੀ ਪਤ੍ਰਿਕਾ

ਲੁਧਿਆਣਾ 23 ਦਸੰਬਰ। ਮਹਾਨਗਰ 'ਚ ਪੁਰਾਣੀ ਕਾਰ ਖਰੀਦਣ ਵਾਲੇ ਹੋ ਜਾਣ ਸਾਵਧਾਨ। ਕਿਤੇ ਤੁਸੀਂ ਵੀ ਅਜਿਹੇ ਕਿਸੇ ਨੌਸਰਬਾਜ਼ ਮੁਲਜ਼ਮ ਦੀ ਠੱਗੀ ਦਾ ਸ਼ਿਕਾਰ ਨਾ ਹੋ ਜਾਵੋ, ਜੋ ਕਿ ਕਾਰ 'ਤੇ ਬੈਂਕ ਲੋਨ ਹੋਣ ਦੇ ਬਾਵਜੂਦ ਤੁਹਾਨੂੰ ਕਾਰ ਵੇਚ ਦੇਵੇ। ਅਜਿਹਾ ਹੀ ਇਕ ਮਾਮਲਾ ਫਿਰੋਜ਼ ਗਾਂਧੀ ਮਾਰਕੀਟ ਸਥਿਤ ਇਕ ਫਾਈਨਾਂਸ ਕੰਪਨੀ ਦਾ ਹੈ। ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੇ ਸ਼?ਰੀ ਰਾਮ ਫਾਈਨਾਂਸ ਲਿਮ. ਦੇ ਅਸਿਸਟੈਂਟ ਮੈਨੇਜਰ ਸਾਜਨ ਗਰੋਵਰ ਦੀ ਸ਼ਿਕਾਇਤ 'ਤੇ ਐਕਸ਼ਨ ਲੈਂਦੇ ਹੋਏ ਮੁਲਜ਼ਮ ਨੌਸਰਬਾਜ਼ ਹਰਨੇਕ ਸਿੰਘ ਪਿੰਡ ਰਣੀਆਂ, ਡੇਹਲੋਂ ਖਿਲਾਫ ਧੋਖਾਦੇਹੀ ਸਮੇਤ ਹੋਰਨਾਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ, ਜਿਸ ਵਚ ਮੁਲਜ਼ਮ ਨੇ ਬੈਂਕ ਦਾ ਲੋਨ ਅਦਾ ਕੀਤੇ ਬਿਨਾਂ ਕਾਰ ਕਿਸੇ ਹੋਰ ਵਿਅਕਤੀ ਨੂੰ ਵੇਚ ਦਿੱਤੀ। ਮੁਲਜ਼ਮ ਪੇਸ਼ਾਵਰ ਨੌਸਰਬਾਜ਼ ਹੈ, ਜਿਸ 'ਤੇ ਧੋਖਾਦੇਹੀ ਦੇ ਦੋਸ਼ ਵਿਚ ਕੇਸ ਦਰਜ ਹੈ। ਸ਼ਿਕਾਇਤਕਰਤਾ ਸਾਜਨ ਗਰੋਵਰ ਨੇ ਪੁਲਸ ਨੂੰ ਦਿੱਤੀ ਜਾਣਕਾਰੀ ਵਿਚ ਦੱਸਿਆ ਹੈ ਕਿ ਸ਼?ਰੀ ਰਾਮ ਫਾਈਨਾਂਸ ਲਿਮ. ਵਿਚ ਉਹ ਅਸਿਸਟੈਂਟ ਮੈਨੇਜਰ ਹੈ। ਮੁਲਜ਼ਮ ਹਰਨੇਕ ਸਿੰਘ ਨੇ 2017 ਵਿਚ ਕਾਰ ਦੇ ਬਦਲੇ 6.10 ਲੱਖ ਰੁਪਏ ਦਾ ਲੋਨ ਲਿਆ। ਮੁਲਜ਼ਮ ਨੇ ਲੋਨ ਐਗਰੀਮੈਂਟ ਸਾਈਨ ਕੀਤਾ, ਜਿਸ ਦੇ ਮੁਤਾਬਕ ਮੁਲਜ਼ਮ ਨੂੰ ਹਰ ਮਹੀਨੇ ਲੋਨ ਦੀ ਕਿਸ਼ਤ ਅਦਾ ਕਰੇਗਾ ਪਰ ਮੁਲਜ਼ਮ ਨੇ ਲੋਨ ਅਦਾ ਨਹੀਂ ਕੀਤਾ। ਲੋਨ ਅਦਾ ਨਾ ਕਰਨ ਦੀ ਸੂਰਤ ਵਿਚ ਸ਼?ਰੀ ਰਾਮ



ਫਾਈਨਾਂਸ ਕੰਪਨੀ ਲਿਮ. ਵਲੋਂ ਕਾਰ ਨੂੰ ਰਿਕਵਰੀ ਦੇ ਆਰਡਰ ਜਾਰੀ ਕੀਤੇ। ਇਸ ਸਬੰਧੀ ਜਾਂਚ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਮੁਲਜ਼ਮ ਹਰਨੇਕ ਸਿੰਘ ਨੇ ਕਾਰ ਦੀ ਜਾਅਲੀ ਐੱਨ. ਓ. ਸੀ. ਬਣਵਾ ਕੇ ਕਾਰ ਨੂੰ ਜਗਰਾਓਂ ਦੇ ਰਹਿਣ ਵਾਲੇ ਇੰਦਰਜੀਤ ਸਿੰਘ ਨੂੰ ਵੇਚ ਦਿੱਤੀ, ਜਿਸ ਤੋਂ ਬਾਅਦ ਇੰਦਰਜੀਤ ਨੇ ਹੋਰ ਕਿਸੇ ਫਾਈਨਾਂਸ ਕੰਪਨੀ ਤੋਂ ਉਕਤ ਕਾਰ 'ਤੇ ਲੋਨ ਲਿਆ ਹੈ। ਜਾਂਚ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਮੁਲਜ਼ਮ ਪੇਸ਼ਾਵਰ ਠੱਗ ਹੈ, ਜਿਸ 'ਤੇ ਧੋਖਾਦੇਹੀ ਦੇ ਹੋਰ ਕੇਸ ਦਰਜ ਹਨ। ਇਸ ਤੋਂ ਇਲਾਵਾ ਮੁਲਜ਼ਮ 'ਤੇ ਡਰਾਉਣ ਧਮਕਾਉਣ ਦੇ ਦੋਸ਼ ਵਿਚ ਵੀ ਹੋਰ ਥਾਣੇ ਵਿਚ ਸ਼ਿਕਾਇਤ ਦਰਜ ਹੈ। ਪੁਲਸ ਮੁਲਜ਼ਮ ਦੀ ਭਾਲ ਵਿਚ ਛਾਪੇਮਾਰੀ ਕਰ ਰਹੀ ਹੈ। ਜਲਦ ਹੀ ਮੁਲਜ਼ਮ ਨੂੰ ਕਾਬੂ ਕਰ ਲਿਆ ਜਾਵੇਗਾ। ਮਾਡਲ ਟਾਊਨ ਨਿਵਾਸੀ ਰਾਜੀਵ ਗੁਲਾਟੀ ਨੇ ਦੱਸਿਆ ਕਿ 2018 ਵਿਚ ਮੁਲਜ਼ਮ ਹਰਨੇਕ ਸਿੰਘ ਨੇ ਉਸ ਨੂੰ ਧੋਖੇ ਨਾਲ ਇਨੋਵਾ ਕਾਰ ਵੇਚ ਦਿੱਤੀ ਸੀ। ਮੁਲਜ਼ਮ ਹਰਨੇਕ ਸਿੰਘ ਨੇ ਬੈਂਕ ਦਾ ਲੋਨ ਅਦਾ ਕੀਤੇ ਬਿਨਾਂ ਹੀ ਡੁਪਲੀਕੇਟ ਐੱਨ. ਓ. ਸੀ. ਅਤੇ ਆਰ. ਸੀ. ਦੇ ਆਧਾਰ 'ਤੇ 14.50 ਲੱਖ ਰੁਪਏ ਵਿਚ ਇਨੋਵਾ ਕਾਰ ਦਾ ਸੌਦਾ ਕੀਤਾ। 2020 ਵਿਚ ਉਸ ਨੂੰ ਥਾਣਾ ਡਵੀਜ਼ਨ ਨੰ. 5 ਤੋਂ ਕਾਲ ਆਈ ਕਿ ਲੋਨ ਅਦਾ ਨਾ ਕੀਤੇ ਜਾਣ 'ਤੇ ਕਾਰ ਨੂੰ ਰਿਕਵਰ ਕਰਨ ਦੇ ਹੁਕਮ ਜਾਰੀ ਹੋਏ ਹਨ, ਜਿਸ ਤੋਂ ਬਾਅਦ ਉਹ ਤੁਰੰਤ ਥਾਣੇ ਪੁੱਜਾ ਅਤੇ ਉਸ ਨੂੰ ਪਤਾ ਲੱਗਾ ਕਿ ਹਰਨੇਕ ਸਿੰਘ ਨੇ ਧੋਖੇ ਨਾਲ ਉਸ ਨੂੰ ਕਾਰ ਵੇਚੀ ਹੈ। ਪੀੜਤ ਮੁਤਾਬਕ ਮੁਲਜ਼ਮ ਧੋਖਾਦੇਹੀ ਦੀਆਂ ਕਈ ਵਾਰਦਾਤਾਂ ਕਰ ਚੁੱਕਾ ਹੈ।

## ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ 'ਚ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ

ਗੁਰਦਾਸਪੁਰ 23 ਦਸੰਬਰ। ਸ੍ਰੀ ਗੁਰਸਿਮਰਨ ਸਿੰਘ ਢਿੱਲੋਂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਾਪਿਤ ਕੀਤੇ ਗਏ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਵਿੱਚ ਲੋਕਾਂ ਦੇ ਇਕੱਠੇ ਹੋਣ 'ਤੇ ਮਿਤੀ 23 ਦਸੰਬਰ 2025 ਨੂੰ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਪਰ ਇਹ ਹੁਕਮ ਉਨ੍ਹਾਂ ਵਿਅਕਤੀਆਂ ਤੇ ਲਾਗੂ ਨਹੀਂ ਹੋਵੇਗਾ ਜੋ ਇਨ੍ਹਾਂ ਪ੍ਰੀਖਿਆਵਾਂ ਵਿਚ ਡਿਊਟੀ 'ਤੇ ਹੋਣਗੇ । ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.),ਗੁਰਦਾਸਪੁਰ ਵਲੋਂ ਪ੍ਰਾਪਤ ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਹੈ ਕਿ ਨਿੱਜੀ ਸਹਾਇਕ, ਸੀਨੀਅਰ ਸਹਾਇਕ ਕਮ ਇੰਸਪੈਕਟਰ, ਜ਼ਿਲ੍ਹਾ ਖਜ਼ਾਨਚੀ, ਸੀਨੀਅਰ ਸਹਾਇਕ, ਨਾਇਬ ਤਹਿਸੀਲਦਾਰ ਅਤੇ ਖਜ਼ਾਨਚੀ ਅਫ਼ਸਰ ਦੀ ਪ੍ਰੀਖਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ 23 ਦਸੰਬਰ 2025 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ ਵੱਖ ਪ੍ਰੀਖਿਆ ਕੇਂਦਰਾਂ ਵਿਖੇ ਕਰਵਾਈ ਜਾ ਰਹੀ ਹੈ। ਪ੍ਰੀਖਿਆ ਸਵੇਰੇ 11:00 ਵਜੇ ਤੋਂ ਦੁਪਿਹਰ 1:00 ਵਜੇ ਤੱਕ ਹੋਵੇਗੀ। ਇਸ ਦੌਰਾਨ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਵਿਘਨ ਪਾਉਣ ਵਾਲੇ ਅਨਸਰ ਇਕੱਠੇ ਹੋ ਜਾਂਦੇ ਹਨ। ਇਸ ਲਈ ਪ੍ਰੀਖਿਆ ਵਿਚ ਵਿਘਨ ਪਾਉਣ ਵਾਲੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਟਰੈਫਿਕ ਦੀ ਵਿਵਸਥਾ ਨੂੰ ਸੁਚਾਰੂ ਬਣਾਈ ਰੱਖਣ ਅਤੇ ਸਮਾਜਿਕ ਦੂਰੀ ਬਣਾਏ ਰੱਖਣ ਲਈ ਇਹਨਾਂ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਅੰਦਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ ਅਤੇ ਸਾਰੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ ਦੀ ਮਨਾਹੀ ਕਰਨਾ ਅਤਿ ਜਰੂਰੀ ਹੈ, ਤਾਂ ਜੋ ਅਜਿਹੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।




## ਆਯੂਰਵੈਦ ਵਿੱਚ ਸਮਰਪਿਤ ਸੇਵਾਵਾਂ ਦੇ ਚੱਲਦਿਆਂ ਪੰਜਾਬ ਦੇ ਰਾਜਪਾਲ ਨੇ ਡਾ. ਨਵਦੀਪ ਸ਼ਰਮਾ ਨੂੰ ਵਿਸ਼ੇਸ਼ ਅਵਾਰਡ ਨਾਲ ਕੀਤਾ ਸਨਮਾਨਿਤ

ਏਜੰਸੀਆਂ

ਅੰਮ੍ਰਿਤਸਰ, 23 ਦਸੰਬਰ: ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਡਾ.ਨਵਦੀਪ ਸ਼ਰਮਾ ਨੂੰ ਆਯੁਰਵੇਦ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਅਤੇ ਗੰਭੀਰ ਬਿਮਾਰੀਆਂ ਦੇ ਇਲਾਜ ਵਿੱਚ ਲਗਾਤਾਰ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ। ਇਹ ਸਨਮਾਨ ਉੱਘੀਆਂ ਉਦਯੋਗਿਕ ਹਸਤੀਆਂ ਅਤੇ ਚੈਂਬਰ ਦੇ ਸੀਨੀਅਰ ਮੈਂਬਰਾਂ ਦੀ ਮੌਜੂਦਗੀ ਵਿੱਚ ਪੇਸ਼ ਕੀਤਾ ਗਿਆ। ਡਾਕਟਰ ਨਵਦੀਪ ਸ਼ਰਮਾ ਵੱਲੋਂ ਹੁਣ ਤੱਕ 5 ਹਜਾਰ ਤੋਂ ਉੱਪਰ ਲਗਾਏ ਕੈਂਪਾਂ ਤੋਂ ਇਲਾਵਾ ਉਹਨਾਂ ਸਮੇਤ ਉਹਨਾਂ ਦੀ ਟੀਮ ਵਿੱਚ ਕਰੀਬ 80 ਤੋਂ ਉੱਪਰ ਡਾਕਟਰ ਆਯੁਰਵੈਦ ਦੇ ਜਰੀਏ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇ ਰਹੇ ਹਨ। ਦੇਸ਼ ਵਿਦੇਸ਼ਾਂ ਵਿੱਚ ਸਮਰਪਿਤ ਸਿਹਤ ਸੇਵਾਵਾਂ ਦੇ ਚੱਲਦਿਆਂ ਡਾਕਟਰ ਸ਼ਰਮਾ ਨੂੰ ਇਸ ਤੋਂ ਪਹਿਲਾਂ ਭਾਰਤ ਸਰਕਾਰ ਵੱਲੋਂ ਪ੍ਰੋਣਾਚਾਰੀਆ ਟਾਈਟਲ ਅਵਾਰਡ ਵਲਡ ਬੁੱਕ ਆਫ ਰਿਕਾਰਡ ਤੋਂ ਇਲਾਵਾ 50 ਤੋਂ ਵੱਧ ਅਵਾਰਡ ਅਤੇ ਸਨਮਾਨ ਪੱਤਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪਣੇ ਸੰਬੋਧਨ ਵਿੱਚ, ਡਾ.ਨਵਦੀਪ ਸ਼ਰਮਾ ਨੇ ਕਿਹਾ ਆਯੁਰਵੇਦ ਪ੍ਰਤੀ ਲੋਕਾਂ ਦਾ ਰੁਝਾਨ ਵੱਧ ਰਿਹਾ ਹੈ। ਇਹ ਗੁਰਦੇ ਦੀ ਅਸਫਲਤਾ, ਹੈਪੇਟਾਈਟਸ, ਅਧਰੰਗ ਅਤੇ ਪਾਰਕਿੰਸਨ'ਸ ਵਰਗੀਆਂ ਗੰਭੀਰ ਬਿਮਾਰੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਇਲਾਜ ਕਰਦਾ ਹੈ, ਅਤੇ ਸਾਡਾ ਕੇਂਦਰ ਇਹਨਾਂ ਬਿਮਾਰੀਆਂ ਵਿੱਚ ਲਗਾਤਾਰ ਸ਼ਾਨਦਾਰ ਨਤੀਜੇ ਦਿਖਾਉਂਦਾ ਹੈ ਉਨ੍ਹਾਂ ਦੱਸਿਆ ਕਿ ਇਲਾਜਾਂ ਵਿੱਚ ਵਰਤੀਆਂ ਜਾਣ ਵਾਲੀਆਂ ਜੜ੍ਹੀਆਂ ਬੂਟੀਆਂ ਉਨ੍ਹਾਂ ਦੇ ਆਪਣੇ ਜੈਵਿਕ ਫਾਰਮਾਂ 'ਤੇ ਉਗਾਈਆਂ ਜਾਂਦੀਆਂ ਹਨ, ਇਹ ਯਕੀਨੀ ਬਣਾਉਂਦੀਆਂ ਹਨ ਕਿ ਦਵਾਈਆਂ ਦੀ ਗੁਣਵੱਤਾ, ਸ਼ੁੱਧਤਾ ਅਤੇ ਪ੍ਰਭਾਵਸ਼ੀਲਤਾ ਉਨ੍ਹਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਹੈ। ਡਾ.ਨਵਦੀਪ ਸ਼ਰਮਾ ਅਤੇ ਉਨ੍ਹਾਂ ਦੀ ਟੀਮ ਵਰਤਮਾਨ ਵਿੱਚ 32 ਤੋਂ ਵੱਧ ਰਾਸ਼ਟਰੀ ਕੇਂਦਰਾਂ ਰਾਹੀਂ ਸੇਵਾਵਾਂ ਪ੍ਰਦਾਨ ਕਰਦੀ ਹੈ, ਜਿਨ੍ਹਾਂ ਵਿੱਚ ਪ੍ਰਮੁੱਖ ਭਾਰਤੀ ਸ਼ਹਿਰਾਂ - ਬੰਗਲੁਰੂ, ਅੰਮ੍ਰਿਤਸਰ, ਚੰਡੀਗੜ੍ਹ, ਪੁਣੇ, ਮਹਾਰਾਸ਼ਟਰ, ਦੇਹਰਾਦੂਨ, ਰੁੜਕੀ ਅਤੇ ਦਿੱਲੀ ਸ਼ਾਮਲ ਹਨ। ਇਸ ਤੋਂ ਇਲਾਵਾ, 10 ਤੋਂ ਵੱਧ ਅੰਤਰਰਾਸ਼ਟਰੀ ਕੇਂਦਰ ਵਿਸ਼ਵ ਪੱਧਰ 'ਤੇ ਸਰਗਰਮ ਹਨ - ਅਮਰੀਕਾ, ਕੈਨੇਡਾ, ਆਸਟ?ਰੇਲੀਆ ਅਤੇ ਯੂਕੇ ਵਿੱਚ - ਜਿੱਥੇ ਭਾਰਤੀ ਆਯੁਰਵੇਦ ਨੂੰ ਵਿਸ਼ਵ ਪੱਧਰ 'ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

# ਰਾਣਾ ਬਲਾਚੌਰੀਆ ਦੇ ਪਿਤਾ ਆਏ ਕੈਮਰੇ ਸਾਹਮਣੇ, ਗੈਂਗਸਟਰ ਡੋਨੀ ਬੱਲ ਨੂੰ ਲੈ ਕੇ ਕੀਤੇ ਵੱਡੇ ਖ਼ੁਲਾਸੇ

ਕੌਮੀ ਪਤ੍ਰਿਕਾ

ਜਲੰਧਰ/ਮੋਹਾਲੀ 23 ਦਸੰਬਰ। ਮੋਹਾਲੀ ਵਿਖੇ ਕਬੱਡੀ ਖਿਡਾਰੀ ਰਾਣਾ ਬਲਾਚੌਰੀਆ ਦੇ ਕਤਲ ਬਾਰੇ ਗੈਂਗਸਟਰ ਡੋਨੀ ਬੱਲ ਵੱਲੋਂ ਕੀਤੇ ਗਏ ਦਾਅਵਿਆਂ ਮਗਰੋਂ ਬਲਾਚੌਰੀਆ ਦੇ ਪਿਤਾ ਨੇ ਕੈਮਰੇ ਸਾਹਮਣੇ ਆ ਕੇ ਵੱਡੇ ਖ਼ੁਲਾਸੇ ਕੀਤੇ ਹਨ। ਰਾਣਾ ਬਲਾਚੌਰੀਆ ਦੇ ਪਿਤਾ ਕੰਵਰ ਰਾਜੀਵ ਸਿੰਘ ਨੇ ਬੰਬੀਹਾ ਗੈਂਗ ਦੇ ਗੈਂਗਸਟਰ ਡੋਨੀ ਬੱਲ ਦੇ ਉਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਹੈ ਕਿ ਰਾਣਾ ਬਲਾਚੌਰੀਆ ਗੈਂਗਸਟਰ ਲਾਰੇਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਲਈ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਸਭ ਸਿਰਫ਼ ਸਾਨੂੰ ਬਦਨਾਮ ਕਰਨ ਅਤੇ ਗੈਂਗਸਟਰ ਆਪਣਾ ਨਾਂ ਚਮਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੇਰੇ ਪੁੱਤਰ ਦੇ ਕਤਲ ਨੂੰ ਪੰਜਾਬੀ ਗਾਇਕ ਮੂਸੇਵਾਲਾ ਦੇ ਕਤਲ ਨਾਲ ਜੋੜਨ ਦੀ ਵੀ ਗੱਲ ਵੀ ਇਸੇ ਦਾ ਹਿੱਸਾ ਹੈ ਤਾਂ ਕਿ ਗੈਂਗਸਟਰਾਂ ਚਰਚਾ ਵਿਚ ਰਹਿ ਸਕਣ। ਉਨ੍ਹਾਂ ਕਿਹਾ ਕਿ ਮੈਂ ਵੀ ਸੋਚਦਾ ਹਾਂ ਕਿ ਇਸ ਦੇ ਬਾਰੇ 'ਚ ਜਿੰਨਾ ਅਸੀਂ ਬੋਲਾਂਗੇ ਤਾਂ ਗੈਂਗਸਟਰਾਂ ਨੂੰ ਹੀ ਜ਼ਿਆਦਾ ਪਬਲੀਸਿਟੀ ਮਿਲੇਗੀ। ਸਾਡਾ ਤਾਂ ਜੋ ਨੁਕਸਾਨ ਹੋਣਾ ਸੀ, ਉਹ ਹੋ ਗਿਆ ਪਰ ਅਸੀਂ ਨਹੀਂ ਚਾਹੁੰਦੇ ਕਿ ਕਿਸੇ ਹੋਰ ਨੂੰ ਇਸ ਤਰ੍ਹਾਂ ਦਾ ਨੁਕਸਾਨ ਹੋਵੇ। ਉਨ੍ਹਾਂ ਕਿਹਾ ਕਿ ਗੈਂਗਸਟਰ ਪਬਲੀਸਿਟੀ ਲਈ ਹੀ ਕਰ ਰਹੇ ਹਨ। ਐੱਸ. ਐੱਸ. ਪੀ. ਮੋਹਾਲੀ





ਨੇ ਕਲੀਅਰ ਕਰ ਦਿੱਤਾ ਹੈ ਕਿ ਰਾਣਾ ਬਲਾਚੌਰੀਆ ਕਿਸੇ ਵੀ ਗਲਤ ਗਤੀਵਿਧੀ ਵਿਚ ਸ਼ਾਮਲ ਨਹੀਂ ਸੀ। ਮੀਡੀਆ ਨੇ ਵੀ ਇਸ ਮਾਮਲੇ ਨੂੰ ਸਹੀ ਤਰੀਕੇ ਨਾਲ ਵਿਖਾਇਆ ਹੈ। ਹਰ ਚੈਨਲ ਨੇ ਦੱਸਿਆ ਕਿ ਰਾਣਾ ਬਲਾਚੌਰੀਆ ਕਬੱਡੀ ਨੂੰ ਪ੍ਰਮੋਟ ਕਰ ਰਿਹਾ ਸੀ। ਉਹ ਕਿਸੇ ਵੀ ਗਲਤ ਚੀਜ਼ ਵਿਚ ਸ਼ਾਮਲ ਨਹੀਂ ਸੀ। ਉਨ੍ਹਾਂ ਕਿਹਾ ਕਿ ਸੰਦੀਪ ਨੰਗਲ ਅੰਬੀਆਂ ਦੇ ਕਤਲ ਤੋਂ ਬਾਅਦ ਖਿਡਾਰੀ ਗਰਾਊਂਡ ਵਿਚ ਜਾਣ ਤੋਂ ਡਰ ਰਹੇ ਹਨ। ਬੇਟੇ ਨੇ ਕਦੇ ਵੀ ਜ਼ਿਕਰ ਨਹੀਂ ਕੀਤਾ ਕਿ ਉਸ ਨੂੰ ਕੋਈ ਧਮਕੀਆਂ ਆਉਂਦੀਆਂ ਸਨ। ਜੇਕਰ ਉਹ ਜ਼ਿਕਰ ਕਰਦਾ ਤਾਂ ਸਾਨੂੰ ਉਸ ਨੂੰ ਰੋਕਦੇ ਕਿ ਨਾ ਜਾ ਪਰ ਅਜਿਹੀ ਕੋਈ ਗੱਲ ਨਹੀਂ ਸੀ। ਉਸ ਨੇ ਕਦੇ ਵੀ ਕੋਈ ਗੱਲ ਸਾਡੇ ਨਾਲ ਸ਼ੇਅਰ ਨਹੀਂ ਕੀਤੀ। ਕਬੱਡੀ ਖਿਡਾਰੀ ਰਾਣਾ ਬਲਾਚੌਰੀਆ ਦੇ ਪਿਤਾ ਕੰਵਰ ਰਾਜੀਵ ਸਿੰਘ ਨੇ ਕਿਹਾ ਕਿ ਕਤਲ ਵਾਲੇ ਦਿਨ ਰਾਣਾ ਬਲਾਚੌਰੀਆ ਸਾਰਿਆਂ ਨੂੰ ਮਿਲਿਆ ਸੀ। ਉਸ ਨੂੰ ਬਾਹਰ ਦਾ ਖਾਣਾ ਪਸੰਦ ਨਹੀਂ ਸੀ, ਫਿਰ ਵੀ ਉਹ ਸਾਰਿਆਂ ਨੂੰ ਆਪਣੇ ਨਾਲ ਨਵਾਂਸ਼ਹਿਰ ਲੈ ਕੇ ਗਿਆ ਅਤੇ ਉਨ੍ਹਾਂ ਨੂੰ ਖਾਣਾ ਖੁਆਇਆ। ਮੋਹਾਲੀ ਜਾਂਦੇ ਸਮੇਂ ਉਹ ਮੈਨੂੰ, ਮਾਂ, ਭੈਣ ਅਤੇ ਆਪਣੀ ਪਤਨੀ ਨੂੰ ਮਿਲ ਕੇ ਗਿਆ ਸੀ। ਇਸ ਦੇ ਬਾਅਦ ਉਹ ਕਦੇ ਵਾਪਸ ਨਹੀਂ ਆਇਆ। ਉਸ ਦਾ ਕਤਲ ਹੋਣ ਤੋਂ ਸਿਰਫ਼ 10 ਦਿਨ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਸੀ। ਵਿਆਹ ਦੀਆਂ ਮਠਿਆਈਆਂ ਅਜੇ ਵੀ ਘਰ ਦੇ ਅੰਦਰ ਪਈਆਂ ਹਨ। ਪਿਤਾ ਰਾਜੀਵ ਨੇ ਕਿਹਾ ਕਿ ਪੁਲਸ ਦੀ ਕਾਰਵਾਈ ਇਸ ਸਮੇਂ ਚੰਗੀ ਤਰ੍ਹਾਂ ਅੱਗੇ ਵਧ ਰਹੀ ਹੈ। ਉਨ੍ਹਾਂ ਦੀ ਡੀ. ਐੱਸ. ਪੀ. ਨਾਲ ਗੱਲ ਹੋਈ ਹੈ। ਡੀ. ਐੱਸ. ਪੀ. ਨੇ ਕਿਹਾ ਦੱਸਿਆ ਕਿ ਇਕ ਵਿਅਕਤੀ ਮੁਕਾਬਲੇ ਵਿੱਚ ਮਾਰਿਆ ਗਿਆ ਹੈ ਅਤੇ ਬਾਕੀਆਂ ਲਈ ਤਲਾਸ਼ੀ ਮੁਹਿੰਮ ਚੱਲ ਰਹੀ ਹੈ। ਪੁਲਸ ਨੇ ਸਾਨੂੰ ਪਹਿਲਾਂ ਭਰੋਸਾ ਦਿੱਤਾ ਸੀ ਕਿ ਸਾਨੂੰ ਇਨਸਾਫ਼ ਮਿਲੇਗਾ।